
ਬੁੱਢਾ ਤੇ ਸਮੁੰਦਰ

ਹੈਮਿੰਗਵੇ



Pritam Singh [illegible]

12-3-2001

ਬੁੱਢਾ ਤੇ ਸਮੁੰਦਰ

ਬੁੱਢਾ ਤੇ ਸਮੁੰਦਰ

(ਨਾਵਲ)

ਅਰਨੈਸਟ ਹੈਮਿੰਗਵੇ

ਅਨੁਵਾਦਕ : ਪਵਨ ਗੁਲਾਟੀ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ।

The Oldman and the Sea (Novel)
by **Earnest Hemingway**
Tans. by **Pawan Gulati (Lec.)**
S.S.S.S. Bargari (Faridkot)

ਪਹਿਲੀ ਵਾਰ : ਫਰਵਰੀ 1998
ਦੂਜੀ ਵਾਰ : ਜਨਵਰੀ 1999

ਸਰਵਰਕ : ਸਤੀਸ਼
ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
ਛਾਪਕ : ਸੋਨੀ ਆਫ਼ਸੈੱਟ, ਦਿੱਲੀ।
ਟਾਈਪ ਸੈਟਰਜ਼ : ਸਟਾਰ ਪਲੱਸ ਕੰਪਿਊਟਰਜ਼, ਜਲੰਧਰ। (ਫ਼ੋਨ 205991
ਮੁੱਲ : **50 ਰੁਪਏ**

ਇਕ ਛੋਟੀ ਬੇੜੀ 'ਚ ਸਵਾਰ ਉਹ ਬੁੱਢਾ ਆਦਮੀ ਖਾੜੀ ਦੀ ਧਾਰਾ ਵਿਚ ਇਕੱਲਾ ਮੱਛੀਆਂ ਫੜਦਾ ਸੀ। ਉਸਦੇ ਚੁਰਾਸੀ ਦਿਨ ਬਿਨਾਂ ਕੋਈ ਮੱਛੀ ਫੜਿਆਂ ਬੀਤ ਗਏ ਸਨ। ਪਹਿਲੇ ਚਾਲੀ ਦਿਨ ਉਸ ਨਾਲ ਇਕ ਮੁੰਡਾ ਵੀ ਸੀ। ਪਰ ਚਾਲੀ ਦਿਨ ਇਕ ਵੀ ਮੱਛੀ ਨਾ ਫੜ ਸਕਣ ਕਾਰਨ ਮੁੰਡੇ ਦੇ ਮਾਪਿਆਂ ਉਸਨੂੰ ਆਖ ਦਿੱਤਾ ਸੀ ਕਿ ਬੁੱਢੇ ਆਦਮੀ ਦਾ ਤਾਂ ਪੈੜਾ ਈ ਠੰਡਾ ਹੈ ਜਿਹੜੀ ਕਿ ਬਦਕਿਸਮਤੀ ਦੀ ਅਤਿ ਭੈੜੀ ਨਿਸ਼ਾਨੀ ਹੈ। ਮੁੰਡਾ ਉਨ੍ਹਾਂ ਦੇ ਕਹਿਣ 'ਤੇ ਇਕ ਹੋਰ ਬੇੜੀ ਨਾਲ ਚਲਾ ਗਿਆ ਸੀ ਜਿਸਨੇ ਪਹਿਲੇ ਹਫਤੇ ਹੀ ਤਿੰਨ ਚੰਗੀਆਂ ਮੱਛੀਆਂ ਫੜੀਆਂ। ਮੁੰਡੇ ਨੂੰ ਇਹ ਦੇਖ ਕੇ ਦੁੱਖ ਹੁੰਦਾ ਕਿ ਬੁੱਢਾ ਆਦਮੀ ਨਿੱਤ ਖ਼ਾਲੀ ਬੇੜੀ ਲੈ ਕੇ ਪਰਤਦਾ। ਉਹ ਸਦਾ ਕੁੰਡਲਦਾਰ ਡੋਰੀ ਜਾਂ ਬਰਛਾ, ਭਾਲਾ ਅਤੇ ਮਸਤੂਲ ਨਾਲ ਵਲ੍ਹੇਟੇ ਹੋਏ ਬਾਦਬਾਨ ਨੂੰ ਚੁੱਕਣ ਵਿਚ ਬੁੱਢੇ ਦੀ ਸਹਾਇਤਾ ਕਰਦਾ। ਬਾਦਬਾਨ 'ਤੇ ਆਟੇ ਦੀਆਂ ਬੋਰੀਆਂ ਨਾਲ ਪੱਚਰਾਂ ਲਾਈਆਂ ਹੋਈਆਂ ਸਨ ਅਤੇ ਵਲ੍ਹੇਟਿਆ ਹੋਇਆ ਇਹ ਇੰਝ ਲੱਗਦਾ ਜਿਵੇਂ ਸਦੀਵੀ ਹਾਰ ਦਾ ਝੰਡਾ ਹੋਵੇ।

ਬੁੱਢਾ ਆਦਮੀ ਪਤਲਾ ਸੀ ਅਤੇ ਗਰਦਨ ਪਿੱਛੇ ਗਹਿਰੀਆਂ ਝੁਰੜੀਆਂ ਨਾਲ ਮਰੀਅਲ ਜਿਹਾ ਲੱਗਦਾ ਸੀ। ਉਸਦੀਆਂ ਗੱਲ੍ਹਾਂ ਦੀ ਕੋਮਲ ਚਮੜੀ 'ਤੇ ਨਾਸੂਰ ਦੇ ਭੂਰੇ ਦਾਗ ਸਨ ਜੋ ਤਪਤ-ਖੰਡੀ ਸਮੁੰਦਰ 'ਤੇ ਪੈਣ ਵਾਲੀ ਧੁੱਪ ਕਾਰਨ ਪਏ ਸਨ। ਇਹ ਦਾਗ਼ ਉਸਦੇ ਚਿਹਰੇ ਦੇ ਪਾਸਿਆਂ ਵੱਲ ਹੇਠਾਂ ਤਕ ਫ਼ੈਲੇ ਹੋਏ ਸਨ ਅਤੇ ਹੱਥਾਂ 'ਤੇ ਡੋਰੀ ਨਾਲ ਖਿੱਚੀਆਂ ਭਾਰੀ ਮੱਛੀਆਂ ਕਾਰਨ ਖੁਰਚਣ ਦੇ ਗਹਿਰੇ ਜ਼ਖ਼ਮ ਪਏ ਸਨ। ਪਰ ਕੋਈ ਵੀ ਜ਼ਖ਼ਮ ਤਾਜ਼ਾ ਨਹੀਂ ਸੀ। ਇਹ ਇੰਨੇ ਪੁਰਾਣੇ ਸਨ ਜਿਵੇਂ ਬੰਜਰ ਰੇਗਿਸਤਾਨ 'ਚ ਭੌਖੋਰ ਹੋਈ ਹੋਵੇ।

ਉਸਦੀਆਂ ਅੱਖਾਂ ਤੋਂ ਸਿਵਾ ਹਰ ਚੀਜ਼ ਪੁਰਾਣੀ ਸੀ ਅਤੇ ਇਨ੍ਹਾਂ ਦਾ ਰੰਗ ਸਮੁੰਦਰ ਵਰਗਾ ਸੀ। ਇਹ ਸਦਾ ਖ਼ੁਸ਼ ਅਤੇ ਅਜਿੱਤ ਰਹਿੰਦੀਆਂ ਸਨ।

''ਸਾਂਤਿਆਗੋ !'', ਮੁੰਡੇ ਨੇ ਉਸਨੂੰ ਕਿਹਾ। ਜਿਵੇਂ ਹੀ ਉਹ ਕਿਨਾਰੇ 'ਤੋ ਚੜ੍ਹੇ ਜਿਥੇ ਬੇੜੀ ਨੂੰ ਖਿੱਚਿਆ ਗਿਆ ਸੀ। 'ਮੈਂ ਫਿਰ ਤੇਰੇ ਨਾਲ ਜਾ ਸਕਦਾ ਹਾਂ। ਅਸੀਂ ਕੁਝ ਰੁਪਏ ਕਮਾ ਲਏ ਨੇ।''

ਬੁੱਢੇ ਆਦਮੀ ਨੇ ਮੁੰਡੇ ਨੂੰ ਮੱਛੀਆਂ ਫੜਨੀਆਂ ਸਿਖਾਈਆਂ ਸਨ ਅਤੇ ਮੁੰਡਾ ਉਹਨੂੰ ਪਿਆਰ ਕਰਦਾ ਸੀ।

''ਨਹੀਂ'', ਬੁੱਢੇ ਆਦਮੀ ਨੇ ਕਿਹਾ, ''ਤੂੰ ਭਾਗਾਂ ਭਰੀ ਕਿਸ਼ਤੀ ਨਾਲ ਜਾ ਰਿਹਾ ਏਂ। ਉਹਨਾਂ ਨਾਲ ਈ ਰਹੁ।''

'ਪਰ ਤੈਨੂੰ ਯਾਦ ਹੋਣਾ ਏ ਆਪਾਂ ਇਕ ਵਾਰ ਸਤਾਸੀ ਦਿਨ ਮੱਛੀਆਂ ਫੜੇ ਬਿਨਾਂ ਰਹੇ ਸੀ ਅਤੇ ਫਿਰ ਤਿੰਨ ਹਫ਼ਤੇ ਤਕ ਹਰ ਰੋਜ਼ ਵੱਡੀਆਂ-ਵੱਡੀਆਂ ਮੱਛੀਆਂ ਫੜਦੇ ਰਹੇ ਸੀ।''

'ਮੈਨੂੰ ਯਾਦ ਏ।'' ਬੁੱਢਾ ਆਦਮੀ ਬੋਲਿਆ, 'ਮੈਨੂੰ ਪਤਾ ਏ ਤੂੰ ਮੈਨੂੰ ਇਸ ਲਈ ਨਹੀਂ ਸੀ ਛੱਡਿਆ ਕਿ ਤੈਨੂੰ ਮੇਰੇ 'ਤੇ ਸ਼ੱਕ ਹੋ ਗਿਆ ਸੀ।''

'ਮੈਨੂੰ ਬਾਪੂ ਨੇ ਛੱਡਣ ਲਈ ਮਜਬੂਰ ਕੀਤਾ ਸੀ ਮੈਂ ਤਾਂ ਅਜੇ ਮੁੰਡਾ ਈ ਆਂ ਤੇ ਮੈਨੂੰ ਉਸਦੀ ਗੱਲ ਮੰਨਣੀ ਪੈਂਦੀ ਏ।''

'ਮੈਨੂੰ ਪਤਾ ਏ'' ਬੁੱਢੇ ਆਦਮੀ ਨੇ ਕਿਹਾ, ''ਇਹ ਬੜੀ ਆਮ ਜਿਹੀ ਗੱਲ ਏ।''

'ਉਸਨੂੰ ਐਨਾ ਵਿਸ਼ਵਾਸ ਨਹੀਂ।''

''ਨਹੀਂ'' ਬੁੱਢੇ ਆਦਮੀ ਨੇ ਕਿਹਾ, 'ਪਰ ਸਾਨੂੰ ਤਾਂ ਹੈ, ਕਿ ਨਹੀਂ ?''

''ਹਾਂ'', ਮੁੰਡੇ ਨੇ ਕਿਹਾ 'ਮੈਂ ਤੈਨੂੰ ਟੈਰੇਸ ਤੋਂ ਬੀਅਰ ਲਿਆ ਕੇ ਦੇਵਾਂ, ਫਿਰ ਆਪਾਂ ਸਾਮਾਨ ਘਰ ਲੈ ਜਾਵਾਂਗੇ।''

''ਕਿਉਂ ਨਹੀਂ ?'' ਬੁੱਢੇ ਨੇ ਆਖਿਆ, 'ਮਛੇਰਿਆਂ ਦੇ ਨਾਲ ਪੀਵਾਂਗੇ।''

ਉਹ ਟੈਰੇਸ 'ਤੇ ਬੈਠ ਗਏ। ਕਈ ਮਛੇਰਿਆਂ ਨੇ ਬੁੱਢੇ ਦਾ ਮਜ਼ਾਕ ਉਡਾਇਆ ਪਰ ਉਹ ਗੁੱਸੇ ਨਾ ਹੋਇਆ। ਵੱਡੀ ਉਮਰ ਦੇ ਹੋਰ ਮਛੇਰੇ ਉਹਦੇ ਵਲ ਦੇਖਦੇ ਰਹੇ ਅਤੇ ਉਦਾਸ ਹੋ ਗਏ। ਪਰ ਆਪਣਾ ਦੁੱਖ ਉਹਨਾਂ ਜ਼ਾਹਰ ਨਾ ਹੋਣ ਦਿੱਤਾ। ਉਹ ਬੜੀ ਨਿਮਰਤਾ ਨਾਲ ਪਾਣੀ ਦੇ ਵਹਾਅ ਅਤੇ ਡੂੰਘਾਈ ਬਾਰੇ ਗੱਲਾਂ ਕਰਦੇ ਰਹੇ ਜਿਥੇ ਉਹਨਾਂ ਕੁੰਡੀਆਂ ਸੁੱਟੀਆਂ ਸਨ। ਉਹਨਾਂ ਇਕਸਾਰ ਖ਼ੁਸ਼ਗਵਾਰ ਮੌਸਮ ਅਤੇ ਜੋ ਕੁਝ ਵੀ ਦੇਖਿਆ ਸੀ, ਬਾਰੇ ਗੱਲਾਂ ਕੀਤੀਆਂ। ਉਸ ਦਿਨ ਦਾ ਸਫਲ ਮਛੇਰਾ ਪਹਿਲਾਂ ਹੀ ਆ ਚੁੱਕਾ ਸੀ ਅਤੇ ਉਸ ਨੇ ਮਾਰਲਿਨ (ਇਕ ਵੱਡੀ ਮੱਛੀ) ਨੂੰ ਮਾਰ ਕੇ ਦੋ ਤਖ਼ਤਿਆਂ 'ਤੇ ਵਿਛਾ ਦਿੱਤਾ ਸੀ। ਦੋ ਆਦਮੀ ਹਰੇਕ ਨੂੰ ਸਿਰੇ ਤੋਂ ਫੜੀ ਫਿਸ਼ ਹਾਊਸ ਵਲ ਲਿਜਾ ਰਹੇ ਸਨ ਜਿਥੇ ਹਵਾਨਾ ਦੀ ਮਾਰਕੀਟ 'ਚ ਲਿਜਾਣ ਲਈ ਬਰਫ਼ ਵਾਲੇ ਟਰੱਕ ਦੀ ਉਡੀਕ ਕਰ ਰਹੇ ਸਨ। ਜਿਨ੍ਹਾਂ ਨੇ ਸ਼ਾਰਕ ਫੜੀਆਂ ਸਨ ਉਹ ਇਹਨਾਂ ਨੂੰ ਛੋਟੀ ਖਾੜੀ ਦੇ ਪਾਰ ਸ਼ਾਰਕ ਫੈਕਟਰੀਆਂ 'ਚ ਲੈ ਗਏ ਸਨ ਜਿਥੇ ਇਹਨਾਂ ਨੂੰ ਅੱਡੇ ਪੈੜੇ 'ਤੇ ਟੰਗਿਆ ਜਾਂਦਾ ਸੀ। ਇਹਨਾਂ ਦੇ ਮਿਹਦੇ ਕੱਢ ਲਏ ਜਾਂਦੇ, ਗਲਫੜੇ ਕੱਟ ਦਿੱਤੇ ਜਾਂਦੇ, ਚਮੜੀ ਉਤਾਰ ਦਿੱਤੀ ਜਾਂਦੀ ਅਤੇ ਮਾਸ ਕਾਤਰਾਂ 'ਚ ਕੱਟ ਕੇ ਨਮਕ ਲਾਉਣ ਲਈ ਰੱਖ ਦਿੱਤਾ ਜਾਂਦਾ।

ਜਦੋਂ ਪੁਰਾ ਵਗਦਾ ਹੁੰਦਾ ਤਾਂ ਬੰਦਰਗਾਹ ਵਿਚ ਸ਼ਾਰਕ ਫੈਕਟਰੀ ਵਲੋਂ ਦੁਰਗੰਧ ਆਉਂਦੀ ਸੀ, ਪਰ ਅੱਜ ਤਾਂ ਉਹ ਦੁਰਗੰਧ ਬਹੁਤ ਹਲਕੀ ਜਿਹੀ ਮਹਿਸੂਸ ਹੋ ਰਹੀ ਸੀ,

ਕਿਉਂਕਿ ਹਵਾ ਉੱਤਰ ਵਲ ਨੂੰ ਹੀ ਪਿਛਾਂਹ ਮੁੜ ਗਈ ਸੀ ਅਤੇ ਫਿਰ ਰੁਕ ਗਈ ਸੀ। ਇਸ ਵੇਲੇ ਉੱਚੀ ਥਾਂ 'ਤੇ ਬਣੀ ਦੁਕਾਨ ਸੁਹਾਵਣੀ ਸੀ ਤੇ ਧੁੱਪ ਖਿੜੀ ਹੋਈ ਸੀ।

''ਸਾਂਤਿਆਗੋ !'' ਮੁੰਡੇ ਨੇ ਬੁਲਾਇਆ।

''ਹਾਂ !'', ਬੁੱਢੇ ਆਦਮੀ ਨੇ ਕਿਹਾ। ਉਸ ਨੇ ਆਪਣਾ ਗਲਾਸ ਫੜਿਆ ਹੋਇਆ ਸੀ ਅਤੇ ਕਈ ਵਰ੍ਹੇ ਪਹਿਲਾਂ ਦੀਆਂ ਸੋਚਾਂ ਸੋਚ ਰਿਹਾ ਸੀ।

''ਮੈਂ ਤੇਰੇ ਲਈ ਕੱਲ ਲਿਜਾਣ ਵਾਸਤੇ ਸਾਰਡੀਨਾਂ ਲਿਆਵਾਂ ?''

''ਨਹੀਂ, ਜਾਹ ਤੇ ਬੇਸਬਾਲ ਖੇਡ। ਮੈਂ ਅਜੇ ਵੀ ਚੱਪੂ ਚਲਾ ਸਕਦਾ ਹਾਂ ਤੇ ਰੋਜੈਲਿਓ ਮੇਰੇ ਲਈ ਜਾਲ ਸੁੱਟ ਦੇਵੇਗਾ।''

''ਮੈਂ ਜਾਣਾ ਚਾਹੁੰਦਾ ਹਾਂ, ਜੇ ਮੈਂ ਤੇਰੇ ਨਾਲ ਮੱਛੀਆਂ ਨਹੀਂ ਫੜ ਸਕਦਾ ਤਾਂ ਕਿਸੇ ਹੋਰ ਤਰ੍ਹਾਂ ਤੇਰੀ ਸੇਵਾ ਕਰ ਸਕਦਾ ਹਾਂ।''

''ਤੂੰ ਮੇਰੇ ਲਈ ਬੀਅਰ ਖਰੀਦੀ ਏ।'' ਬੁੱਢਾ ਆਦਮੀ ਕਹਿਣ ਲੱਗਾ। ''ਤੂੰ ਤਾਂ ਪਹਿਲਾਂ ਹੀ ਪੂਰਾ ਆਦਮੀ ਏ।''

''ਮੈਂ ਕਿੱਡਾ ਕੁ ਸੀ ਜਦ ਤੂੰ ਮੈਨੂੰ ਪਹਿਲੀ ਵਾਰ ਬੇੜੀ 'ਚ ਲੈ ਕੇ ਗਿਆ ਸੀ ?''

''ਪੰਜ ਵਰ੍ਹਿਆਂ ਦਾ ਤੇ ਤੂੰ ਤਾਂ ਲਗਪਗ ਮਰ ਹੀ ਚੱਲਿਆ ਸੀ ਜਦ ਮੈਂ ਨਿਰੀ ਹਰੇ ਰੰਗ ਦੀ ਮੱਛੀ ਫੜੀ ਸੀ। ਉਸ ਨੇ ਤਾਂ ਬੇੜੀ ਦੇ ਹੀ ਟੁਕੜੇ ਕਰ ਦੇਣੇ ਸੀ। ਤੈਨੂੰ ਯਾਦ ਏ?''

''ਮੈਨੂੰ ਯਾਦ ਆਉਂਦਾ ਏ ਉਹਦੀ ਪੂਛ ਥਪੇੜੇ ਮਾਰ ਰਹੀ ਸੀ ਅਤੇ ਬੇੜੀ ਨਾਲ ਵੱਜ ਰਹੀ ਸੀ। ਫੱਟਾ ਟੁੱਟ ਰਿਹਾ ਸੀ ਤੇ ਸੋਟੇ ਮਾਰਨ ਦੀ ਆਵਾਜ਼ ਆ ਰਹੀ ਸੀ। ਮੈਨੂੰ ਯਾਦ ਆਉਂਦਾ ਏ ਤੂੰ ਮੈਨੂੰ ਬੇੜੀ ਦੇ ਮੱਥੇ ਵਲ ਸੁੱਟ ਰਿਹਾ ਸੀ ਜਿਥੇ ਗਿੱਲੀਆਂ ਕੁੰਡਲਦਾਰ ਡੋਰੀਆਂ ਪਈਆਂ ਸੀ ਅਤੇ ਇੰਝ ਲੱਗ ਰਿਹਾ ਸੀ ਜਿਵੇਂ ਸਾਰੀ ਬੇੜੀ ਕੰਬ ਰਹੀ ਹੋਵੇ। ਤੂੰ ਉਹਦੇ ਇੰਝ ਸੋਟਾ ਵਗਾਹ ਰਿਹਾ ਸੀ ਜਿਵੇਂ ਰੁੱਖ ਵੱਢ ਰਿਹਾ ਹੋਵੇਂ ਤੇ ਮੇਰੇ ਆਲੇ-ਦੁਆਲੇ ਲਹੂ ਦੀ ਗੰਧ ਫੈਲੀ ਹੋਈ ਸੀ।''

''ਤੈਨੂੰ ਸੱਚੀ ਯਾਦ ਹੈ ਕਿ ਮੈਂ ਤੈਨੂੰ ਏਦਾਂ ਹੀ ਦੱਸਿਆ ਸੀ ?''

''ਮੈਨੂੰ ਉਦੋਂ ਤੋਂ ਸਾਰਾ ਕੁਝ ਯਾਦ ਏ ਜਦੋਂ ਆਪਾਂ ਪਹਿਲੀ ਵਾਰ ਇਕੱਠੇ ਗਏ ਸੀ।''

ਬੁੱਢੇ ਨੇ ਆਪਣੀਆਂ ਝੁਲਸੀਆਂ, ਭੇਤੀ ਤੇ ਮੋਹਖੋਰੀਆਂ ਅੱਖਾਂ ਨਾਲ ਉਹਦੇ ਵਲ ਦੇਖਿਆ।

''ਜੇ ਤੂੰ ਮੇਰਾ ਪੁੱਤ ਹੁੰਦਾ ਤਾਂ ਮੈਂ ਤੈਨੂੰ ਨਾਲ ਲੈ ਜਾਂਦਾ ਤੇ ਜੂਆ ਖੇਡਦਾ।'' ਉਸ ਨੇ ਕਿਹਾ, ''ਪਰ ਤੂੰ ਆਪਣੇ ਮਾਂ-ਪਿਓ ਦਾ ਏਂ ਤੇ ਤੂੰ ਹੈ ਵੀਂ ਭਾਗਾਂਭਰੀ ਬੇੜੀ ਨਾਲ।''

''ਮੈਂ ਤੇਰੇ ਲਈ ਸਾਰਡੀਨਾਂ ਲਿਆਵਾਂ ? ਮੈਨੂੰ ਪਤਾ ਏ ਮੈਂ ਕਿਥੋਂ ਚਾਰ ਫੰਦੇ ਲਿਆ ਸਕਦਾਂ।''

''ਮੇਰੀਆਂ ਅੱਜ ਦੀਆਂ ਈ ਬਚੀਆਂ ਪਈਆਂ ਨੇ। ਮੈਂ ਉਹਨਾਂ ਨੂੰ ਬਕਸੇ 'ਚ ਪਾ ਕੇ ਲੂਣ ਪਾ ਕੇ ਰੱਖ ਦਿੱਤਾ ਏ।''

''ਮੈਨੂੰ ਚਾਰ ਤਾਜ਼ੀਆਂ ਲੈ ਆਉਣ ਦੇ।''

''ਇਕੋ ਹੀ।'' ਬੁੱਢੇ ਆਦਮੀ ਨੇ ਕਿਹਾ। ਉਸ ਨੇ ਆਸ ਅਤੇ ਹੌਂਸਲਾ ਕਦੇ ਨਹੀਂ ਸੀ ਛੱਡਿਆ। ਪਰ ਹੁਣ ਤਾਂ ਉਹ ਇੰਨਾ ਤਾਜ਼ਾਦਮ ਲੱਗ ਰਹੇ ਸੀ ਜਿਵੇਂ ਪੌਣ ਰਮਕਦੀ ਹੋਵੇ।

''ਦੋ'' ਮੁੰਡੇ ਨੇ ਕਿਹਾ।

''ਦੋ'' ਬੁੱਢਾ ਆਦਮੀ ਮੰਨ ਗਿਆ। ''ਤੂੰ ਕਿਤੋਂ ਚੋਰੀ ਤਾਂ ਨਹੀਂ ਕੀਤੀਆਂ ?''

''ਦਿਲ ਤਾਂ ਕਰਦਾ ਸੀ।'' ਮੁੰਡੇ ਨੇ ਕਿਹਾ, ''ਪਰ ਮੈਂ ਇਹ ਤਾਂ ਖ਼ਰੀਦੀਆਂ ਸੀ।''

''ਧੰਨਵਾਦ !'', ਬੁੱਢਾ ਆਦਮੀ ਬੋਲਿਆ। ਉਹ ਏਨਾ ਸਿੱਧਾ-ਸਾਧਾ ਆਦਮੀ ਸੀ ਕਿ ਉਹਨੂੰ ਕੋਈ ਹੈਰਾਨੀ ਵੀ ਨਹੀਂ ਸੀ ਹੋਈ ਕਿ ਉਹਨੇ ਨਿਮਰਤਾ ਕਦੋਂ ਦੀ ਪ੍ਰਾਪਤ ਕਰ ਲਈ ਹੋਈ ਸੀ, ਪਰ ਉਹ ਜਾਣਦਾ ਸੀ ਕਿ ਉਸਨੇ ਇਹ ਪ੍ਰਾਪਤ ਕਰ ਲਈ ਹੈ ਅਤੇ ਉਸਨੂੰ ਇਹ ਵੀ ਪਤਾ ਸੀ ਕਿ ਇਹ ਕੋਈ ਬੇਇੱਜ਼ਤੀ ਵਾਲੀ ਗੱਲ ਨਹੀਂ ਅਤੇ ਨਾ ਹੀ ਇਸ ਨਾਲ ਸੱਚੇ ਮਾਣ ਨੂੰ ਕੋਈ ਹਾਨੀ ਹੁੰਦੀ ਹੈ।

''ਇਸ ਧਾਰਾ ਸਦਕਾ ਤਾਂ ਕੱਲ ਦਾ ਦਿਨ ਚੰਗਾ ਰਹੇਗਾ।'' ਉਸ ਨੇ ਕਿਹਾ।

''ਤੂੰ ਕਿੱਥੇ ਜਾ ਰਿਹਾ ਏਂ ?'' ਮੁੰਡੇ ਨੇ ਪੁੱਛਿਆ।

''ਦੂਰ ਦੁਰਾਡੇ ਤਾਂ ਕਿ ਹਵਾ ਬਦਲਦੇ ਹੀ ਵਾਪਸ ਆ ਜਾਵਾਂ। ਮੈਂ ਪਹੁ ਫੁੱਟਣ ਤੋਂ ਪਹਿਲਾਂ ਹੀ ਚਲੇ ਜਾਣਾ ਚਾਹੁੰਦਾ ਹਾਂ।''

''ਮੈਂ ਉਸਨੂੰ (ਪਿਉ ਨੂੰ) ਦੂਰ ਦੁਰਾਡੇ ਮੱਛੀਆਂ ਫੜਨ ਲਈ ਲਿਜਾਣ ਦਾ ਯਤਨ ਕਰਾਂਗਾ।'' ਮੁੰਡੇ ਨੇ ਕਿਹਾ। ''ਜੇ ਅਸੀਂ ਵੱਡੀ ਮੱਛੀ ਫੜ ਲਈ ਤਾਂ ਅਸੀਂ ਤੇਰੀ ਸਹਾਇਤਾ ਲਈ ਵੀ ਆ ਸਕਦੇ ਹਾਂ।''

''ਉਹ ਇੰਨੀ ਦੂਰ ਤਕ ਕੰਮ ਕਰਨਾ ਪਸੰਦ ਨਹੀਂ ਕਰਦਾ।''

''ਨਹੀਂ'' ਮੁੰਡੇ ਨੇ ਕਿਹਾ। ''ਪਰ ਮੈਂ ਅਜਿਹੀ ਕੋਈ ਚੀਜ਼ ਦੇਖਾਂਗਾ ਜਿਹੜੀ ਉਹ ਨਹੀਂ ਦੇਖ ਸਕਦਾ ਜਿਵੇਂ ਕਿ ਕੋਈ ਗੇੜੇ ਮਾਰ ਰਿਹਾ ਪੰਛੀ ਅਤੇ ਫਿਰ ਉਹਨੂੰ ਡਾਲਫਿਨ ਦੇ ਪਿੱਛੇ ਲੱਗਣ ਲਈ ਮਨਾ ਲਵਾਂਗਾ।''

''ਉਹਦੀ ਨਜ਼ਰ ਐਨੀ ਕਮਜ਼ੋਰ ਏ ?''

''ਉਹ ਤਾਂ ਲਗਪਗ ਅੰਨ੍ਹਾ ਈ ਏ।''

''ਅਜੀਬ ਗੱਲ ਏ।'' ਬੁੱਢੇ ਨੇ ਕਿਹਾ। ''ਉਹਨੇ ਤਾਂ ਕਦੇ ਕੱਛੂਕੁੰਮੇ ਦਾ ਸ਼ਿਕਾਰ ਨਹੀਂ ਕੀਤਾ।''

''ਨਜ਼ਰਾਂ ਦੀ ਕਮਜ਼ੋਰੀ ਤਾਂ ਕੱਛੂਕੁੰਮਿਆਂ ਦੇ ਸ਼ਿਕਾਰ ਨਾਲ ਆਉਂਦੀ ਏ।''

''ਪਰ ਤੂੰ ਤਾਂ ਕਈ ਵਰ੍ਹੇ ਮੋਸਕਿਟੋ ਦੇ ਕੰਢੇ 'ਤੇ ਕੱਛੂਕੁੰਮੇ ਮਾਰਦਾ ਰਿਹਾ ਏਂ। ਤੇਰੀਆਂ ਅੱਖਾਂ ਤਾਂ ਬਿਲਕੁਲ ਠੀਕ ਨੇ।''

'ਮੇਰੇ 'ਤੇ ਇਸ ਦਾ ਤਾਂ ਅਸਰ ਨਹੀਂ ਹੋਇਆ ਕਿਉਂਕਿ ਮੈਂ ਵੱਖਰੀ ਕਿਸਮ ਦਾ ਬੁੱਢਾ ਹਾਂ।''

'ਪਰ, ਕੀ ਕਿਸੇ ਸੱਚਮੁੱਚ ਦੀ ਵੱਡੀ ਮੱਛੀ ਨੂੰ ਫੜਨ ਦੀ ਅਨੋਖੀ ਤਾਕਤ ਹੁਣ ਵੀ ਤੇਰੇ ਵਿਚ ਹੈ ?''

'ਮੈਂ ਤਾਂ ਇਹੀ ਸਮਝਦਾ ਹਾਂ। ਅਤੇ ਇਸ ਲਈ ਬਹੁਤ ਤਰੀਕੇ ਹੁੰਦੇ ਹਨ।''

''ਚੱਲ ਆ ਸਾਮਾਨ ਘਰ ਲੈ ਚੱਲੀਏ'' ਮੁੰਡੇ ਨੇ ਕਿਹਾ।

'ਮੈਂ ਆਪਣਾ ਜਾਲ ਚੁੱਕ ਲਵਾਂ ਤੇ ਸਾਰਡੀਨਾਂ ਫੜ ਲਿਆਵਾਂ।''

ਉਨ੍ਹਾਂ ਨੇ ਬੇੜੀ ਵਿਚੋਂ ਸਾਰਾ ਸਾਮਾਨ ਚੁੱਕ ਲਿਆ। ਬੁੱਢੇ ਆਦਮੀ ਨੇ ਮਸਤੂਲ ਮੋਢੇ ਉੱਪਰ ਰੱਖਿਆ ਹੋਇਆ ਸੀ ਅਤੇ ਲੜਕੇ ਨੇ ਲੱਕੜ ਦੀ ਪੇਟੀ ਚੁੱਕੀ ਹੋਈ ਸੀ ਜਿਸ ਵਿਚ ਕੱਸ ਕੇ ਗੁੰਦੀਆਂ ਹੋਈਆਂ ਭੂਰੀਆਂ ਰੱਸੀਆਂ ਦੇ ਗੋਲੇ, ਮੱਛੀਆਂ ਫਸਾਉਣ ਵਾਲੀ ਕੁੰਡੀਦਾਰ ਬਰਛੀ, ਮੱਛ ਮਾਰਨ ਵਾਲਾ ਨੇਜ਼ਾ ਆਪਣੇ ਹੱਥੇ ਸਮੇਤ ਪਏ ਸਨ। ਫੰਦੇ ਰੱਖਣ ਵਾਲਾ ਡੱਬਾ ਬੇੜੀ ਦੇ ਪਿਛਲੇ ਹਿੱਸੇ ਵਿਚ ਪਿਆ ਸੀ, ਜਿਸਦੇ ਨਾਲ ਪਿਆ ਸੀ ਉਹ ਸੋਟਾ ਜਿਹੜਾ ਵੱਡੀਆਂ ਮੱਛੀਆਂ ਕਾਬੂ ਕਰਨ ਦੇ ਕੰਮ ਆਉਂਦਾ ਹੈ।

ਕੋਈ ਵੀ ਬੁੱਢੇ ਆਦਮੀ ਦੀਆਂ ਇਹ ਚੀਜ਼ਾਂ ਚੁਰਾ ਨਹੀਂ ਸਕਦਾ ਸੀ ਪਰ ਫਿਰ ਵੀ ਬਾਦਬਾਨ ਅਤੇ ਭਾਰੀਆਂ ਡੋਰੀਆਂ ਘਰ ਲਿਜਾਣੀਆਂ ਹੀ ਬਿਹਤਰ ਸਨ ਕਿਉਂਕਿ ਤਰੇਲ ਇਹਨਾਂ ਲਈ ਮਾੜੀ ਸੀ। ਭਾਵੇਂ ਉਹਨੂੰ ਯਕੀਨ ਸੀ ਕਿ ਕੋਈ ਸਥਾਨਕ ਬੰਦਾ ਚੋਰੀ ਨਹੀਂ ਕਰੇਗਾ ਫਿਰ ਵੀ ਬੁੱਢਾ ਆਦਮੀ ਸੋਚਦਾ ਸੀ ਕਿ ਬਰਛੇ ਅਤੇ ਭਾਲੇ ਨੂੰ ਬੇੜੀ 'ਚ ਛੱਡ ਜਾਣਾ ਬੇਲੋੜੀ ਲਾਲਸਾ ਜਗਾਉਣਾ ਹੀ ਸੀ।

ਉਹ ਬੁੱਢੇ ਆਦਮੀ ਦੀ ਝੌਂਪੜੀ ਵਲ ਜਾਣ ਲਈ ਸੜਕ 'ਤੇ ਤੁਰਦੇ ਰਹੇ ਅਤੇ ਖੁੱਲੇ ਦਰਵਾਜ਼ੇ ਰਾਹੀਂ ਅੰਦਰ ਚਲੇ ਗਏ। ਬੁੱਢੇ ਨੇ ਮਸਤੂਲ ਨਾਲ ਲਪੇਟਿਆ ਬਾਦਬਾਨ ਕੰਧ ਨਾਲ ਲਗਾ ਦਿੱਤਾ ਅਤੇ ਮੁੰਡੇ ਨੇ ਬਕਸਾ ਅਤੇ ਬਾਕੀ ਸਾਮਾਨ ਇਹਦੇ ਲਾਗੇ ਰੱਖ ਦਿੱਤਾ। ਮਸਤੂਲ ਉਹਦੀ ਝੌਂਪੜੀ ਦੇ ਇਕ ਕੋਠੇ ਜਿੰਨਾ ਲੰਮਾ ਸੀ। ਝੌਂਪੜੀ ਸਾਰੀ ਪਾਮ ਦੀਆਂ ਸਖ਼ਤ ਕਰੂੰਬਲਾਂ ਦੇ ਦਾਬ ਦੀ ਬਣੀ ਹੋਈ ਸੀ ਜਿਹਨਾਂ ਨੂੰ ਗੁਆਨੋ ਕਿਹਾ ਜਾਂਦਾ। ਇਹਦੇ ਵਿਚ ਇਕ ਮੰਜਾ, ਮੇਜ਼, ਇਕ ਕੁਰਸੀ ਅਤੇ ਗੰਦੇ ਫ਼ਰਸ਼ 'ਤੇ ਕੋਲਿਆਂ 'ਤੇ ਰੋਟੀ ਬਣਾਉਣ ਲਈ ਜਗ੍ਹਾ ਬਣੀ ਹੋਈ ਸੀ।

ਸਖ਼ਤ ਰੇਸ਼ੇ ਵਾਲੇ ਗੁਆਨੋ ਦੇ ਉਭਰੇ ਅਤੇ ਇਕ ਦੂਜੇ 'ਤੇ ਚੜ੍ਹੇ ਪੱਤਿਆਂ ਵਾਲੀਆਂ ਭੂਰੀਆਂ ਕੰਧਾਂ 'ਤੇ ਈਸਾ ਅਤੇ ਕੁਆਰੀ ਮਰੀਅਮ ਦੀਆਂ ਰੰਗਦਾਰ ਤਸਵੀਰਾਂ ਲੱਗੀਆਂ ਹੋਈਆਂ ਸਨ। ਇਹ ਉਸਦੀ ਪਤਨੀ ਦੀਆਂ ਨਿਸ਼ਾਨੀਆਂ ਸਨ। ਪਹਿਲਾਂ ਦੀਵਾਨ 'ਤੇ ਉਸ

ਦੀ ਪਤਨੀ ਦੀ ਹਲਕੀ ਭਾਅ ਮਾਰਦੀ ਫੋਟੋ ਹੋਇਆ ਕਰਦੀ ਸੀ ਫੇਰ ਉਹਨੇ ਇਸ ਨੂੰ ਲਾਹ ਦਿੱਤਾ ਸੀ ਕਿਉਂਕਿ ਇਹਨੂੰ ਦੇਖਦੇ ਹੋਏ ਉਹ ਬਹੁਤ ਇਕੱਲ ਮਹਿਸੂਸ ਕਰਦਾ ਸੀ। ਹੁਣ ਇਹ ਕੋਨੇ ਵਿਚ ਉਸਦੀ ਸਾਫ਼ ਕਮੀਜ਼ ਦੇ ਥੱਲੇ ਸ਼ੈਲਫ 'ਤੇ ਪਈ ਸੀ।

"ਤੇਰੇ ਕੋਲ ਖਾਣ ਨੂੰ ਕੀ ਏ ?" ਮੁੰਡੇ ਨੇ ਪੁੱਛਿਆ।

"ਪੀਲੇ ਚੌਲਾਂ ਦਾ ਇਕ ਕੌਲਾ ਤੇ ਮੱਛੀ। ਤੂੰ ਖਾਏਂਗਾ ਥੋੜ੍ਹੇ ਜਹੇ ?"

"ਨਹੀਂ, ਮੈਂ ਘਰ ਜਾ ਕੇ ਖਾਵਾਂਗਾ। ਕੀ ਮੈਂ ਤੇਰੇ ਲਈ ਅੱਗ ਬਾਲਾਂ ?"

"ਨਹੀਂ, ਮੈਂ ਬਾਅਦ 'ਚ ਆਪੇ ਬਾਲ ਲਊਂ, ਜਾਂ ਸ਼ਾਇਦ ਮੈਂ ਠੰਡੇ ਚੌਲ ਹੀ ਖਾ ਲਵਾਂ।"

"ਮੈਂ ਜਾਲ ਲੈ ਆਵਾਂ ?"

"ਤੇਰੀ ਮਰਜ਼ੀ।"

ਕੋਈ ਜਾਲ ਸੀ ਹੀ ਨਹੀਂ ਅਤੇ ਮੁੰਡੇ ਨੂੰ ਯਾਦ ਸੀ ਕਿ ਉਹਨਾਂ ਨੇ ਇਹ ਵੇਚ ਦਿੱਤਾ ਸੀ। ਪਰ ਉਹ ਕਹਾਣੀ ਤੇਜ਼ ਪਾਉਂਦੇ ਸਨ। ਕੋਈ ਪੀਲੇ ਚੌਲਾਂ ਦਾ ਕੌਲਾ ਨਹੀਂ ਸੀ ਤੇ ਨਾ ਹੀ ਮੱਛੀ। ਮੁੰਡੇ ਨੂੰ ਇਹ ਵੀ ਪਤਾ ਸੀ।

"ਪਚਾਸੀ ਇਕ ਭਾਗਾਂ ਭਰਿਆ ਨੰਬਰ ਹੈ।" ਬੁੱਢੇ ਆਦਮੀ ਨੇ ਕਿਹਾ। "ਜੇ ਮੈਂ ਹਜ਼ਾਰ ਪੌਂਡ ਤੋਂ ਵੀ ਭਾਰੀ ਮੱਛੀ ਫੜ ਲਿਆਇਆ ਤਾਂ ਤੈਨੂੰ ਕਿਵੇਂ ਲੱਗੂ ?"

"ਮੈਂ ਕਿਤੋਂ ਜਾਲ ਲੈ ਆਵਾਂ ਅਤੇ ਸਾਰਡੀਨਾਂ ਲਈ ਜਾ ਆਵਾਂ। ਤੂੰ ਬੂਹੇ ਅੱਗੇ ਧੁੱਪੇ ਬੈਠੇਂਗਾ ?"

"ਹਾਂ, ਮੇਰੇ ਕੋਲ ਕੱਲ ਦਾ ਅਖ਼ਬਾਰ ਹੈ ਤੇ ਮੈਂ ਬੇਸਬਾਲ ਬਾਰੇ ਖ਼ਬਰਾਂ ਪੜ੍ਹਾਂਗਾ।"

ਮੁੰਡੇ ਨੂੰ ਇਹ ਪਤਾ ਨਹੀਂ ਸੀ ਕਿ ਕੀ ਕੱਲ ਦਾ ਅਖ਼ਬਾਰ ਵੀ ਕਹਾਣੀ ਹੀ ਤਾਂ ਨਹੀਂ ਸੀ। ਪਰ ਬੁੱਢਾ ਆਦਮੀ ਮੰਜੇਂ ਥੱਲਿਓਂ ਅਖ਼ਬਾਰ ਕੱਢ ਲਿਆਇਆ।

"ਪੇਰਿਸੋ ਨੇ ਬੋਡੇਗਾ ਵਿਚ ਇਹ ਅਖ਼ਬਾਰ ਮੈਨੂੰ ਫੜਾਇਆ ਸੀ।" ਉਸ ਨੇ ਸਪੱਸ਼ਟ ਕੀਤਾ।

"ਮੈਂ ਸਾਰਡੀਨਾਂ ਲੈ ਕੇ ਵਾਪਸ ਆਵਾਂਗਾ। ਮੈਂ ਆਪਣੀਆਂ ਤੇ ਤੇਰੀਆਂ ਇਕੱਠੀਆਂ ਹੀ ਬਰਫ਼ 'ਤੇ ਰੱਖ ਦੇਵਾਂਗਾ ਤੇ ਸਵੇਰੇ ਆਪਾਂ ਵੰਡ ਲਵਾਂਗੇ। ਜਦ ਮੈਂ ਵਾਪਸ ਆਇਆ ਤਾਂ ਤੂੰ ਮੈਨੂੰ ਬੇਸਬਾਲ ਬਾਰੇ ਦੱਸ ਸਕਦਾ ਏਂ।"

"ਯਾਂਕੀ ਨਹੀਂ ਹਾਰ ਸਕਦੇ।"

"ਪਰ ਮੈਨੂੰ ਕਲੀਵਲੈਂਡ ਦੇ ਇੰਡੀਅਨਾਂ ਦਾ ਡਰ ਹੈ।"

"ਪੁੱਤ, ਯਾਂਕੀਆਂ 'ਚ ਭਰੋਸਾ ਰੱਖ ਮਹਾਨ ਡੀਮੈਗੋਇਓ ਬਾਰੇ ਸੋਚ।"

"ਮੈਨੂੰ ਡੇਟੋਰਾਇਟ ਦੇ ਟਾਈਗਰਾਂ ਅਤੇ ਕਲੀਵਲੈਂਡ ਦੇ ਇੰਡੀਅਨਾਂ ਦੋਵਾਂ ਤੋਂ ਹੀ ਡਰ ਲੱਗਦਾ ਏ।"

''ਹੁਸ਼ਿਆਰ ਰਿਹਾ ਕਰ ਨਹੀਂ ਤਾਂ ਤੈਨੂੰ ਸਿਨਸਨਾਇਟੀ ਦੇ ਰੈੱਡ ਅਤੇ ਸ਼ਿਕਾਂਗੋ ਦੇ ਵਾਈਟ ਸੋਕਸ ਵੀ ਡਰਾਉਣਗੇ।''

''ਤੂੰ ਪੜ੍ਹ ਤੇ ਮੈਨੂੰ ਦੱਸੀਂ ਜਦੋਂ ਮੈਂ ਵਾਪਿਸ ਆਇਆ।''

''ਤੇਰਾ ਕੀ ਖ਼ਿਆਲ ਏ ਆਪਾਂ ਪਚਾਸੀ ਨੰਬਰ ਦੇ ਅੰਤਲੇ ਅੰਕਾਂ ਵਾਲਾ ਲਾਟਰੀ ਦਾ ਟਿਕਟ ਖ਼ਰੀਦੀਏ ?'' ''ਕੱਲ ਪਚਾਸਵਾਂ ਦਿਨ ਏ।''

''ਤੂੰ ਕਰ ਸਕਦਾ ਏਂ ?'' ਮੁੰਡੇ ਨੇ ਕਿਹਾ। ''ਪਰ ਤੇਰੇ ਸਤਾਸੀ ਦਿਨਾਂ ਦੇ ਮਹਾਨ ਰਿਕਾਰਡ ਦਾ ਕੀ ਬਣੇਗਾ ?''

''ਅਜਿਹਾ ਦੁਬਾਰਾ ਨਹੀਂ ਵਾਪਰ ਸਕਦਾ। ਤੂੰ ਪਚਾਸੀ ਨੰਬਰ ਦੀ ਲਾਟਰੀ ਲੱਭ ਸਕਦਾ ਏਂ ?''

''ਮੈਂ ਕਿਸੇ ਤੋਂ ਲੈ ਸਕਦਾ ਹਾਂ।''

''ਇਕ ਟਿਕਟ ਲੈ ਲਵੀਂ, ਢਾਈ ਡਾਲਰਾਂ ਵਾਲੀ। ਆਪਾਂ ਕਿਸੇ ਤੋਂ ਉਧਾਰ ਲੈ ਸਕਦੇ ਆਂ ?''

''ਇਹ ਤਾਂ ਬੜਾਂ ਸੌਖਾ ਏ। ਮੈਂ ਹਮੇਸ਼ਾ ਢਾਈ ਡਾਲਰ ਉਧਾਰ ਲੈ ਸਕਦਾ ਹਾਂ।''

'ਮੇਰਾ ਖ਼ਿਆਲ ਏ ਮੈਂ ਵੀ ਲੈ ਸਕਦਾ ਹਾਂ। ਪਰ ਉਧਾਰ ਲੈਣ ਦੀ ਕੋਸ਼ਿਸ਼ ਨਹੀਂ ਕਰਦਾ। ਪਹਿਲਾਂ ਤੁਸੀਂ ਉਧਾਰ ਲੈਂਦੇ ਹੋ ਫਿਰ ਮੰਗਣ ਲੱਗ ਜਾਂਦੇ ਓ।''

''ਬਾਬਾ, ਤੂੰ ਨਿੱਘਾ ਹੋ ਕੇ ਬੈਠ।'' ਮੁੰਡੇ ਨੇ ਕਿਹਾ।

''ਯਾਦ ਰੱਖ ਇਹ ਸਤੰਬਰ ਦਾ ਮਹੀਨਾ ਏ।''

''ਇਹ ਉਹ ਮਹੀਨਾ ਏ ਜਦੋਂ ਵੱਡੀਆਂ ਮੱਛੀਆਂ ਆਉਂਦੀਆਂ ਨੇ।'' ਬੁੱਢੇ ਨੇ ਕਿਹਾ, 'ਮਈ ਵਿਚ ਤਾਂ ਕੋਈ ਵੀ ਮਛੇਰਾ ਬਣ ਸਕਦਾ ਏ।''

'ਮੈਂ ਹੁਣ ਸਾਰਡੀਨ ਮੱਛੀਆਂ ਲੈਣ ਚੱਲਿਆਂ।'' ਮੁੰਡੇ ਨੇ ਕਿਹਾ।

ਜਦ ਮੁੰਡਾ ਵਾਪਸ ਆਇਆ ਤਾਂ ਬੁੱਢਾ ਆਦਮੀ ਕੁਰਸੀ 'ਤੇ ਸੁੱਤਾ ਪਿਆ ਸੀ ਤੇ ਸੂਰਜ ਛਿਪ ਗਿਆ ਸੀ। ਮੁੰਡੇ ਨੇ ਮੰਜੇ ਤੋਂ ਪੁਰਾਣਾ ਫ਼ੌਜੀ ਕੰਬਲ ਚੁੱਕਿਆ ਤੇ ਕੁਰਸੀ ਦੇ ਪਿਛਲੇ ਪਾਸੇ ਬੁੱਢੇ ਦੇ ਮੋਢਿਆਂ 'ਤੇ ਪਾ ਦਿੱਤਾ। ਇਹ ਅਨੋਖੇ ਮੋਢੇ ਸਨ, ਬੁੱਢੇ ਹੋਣ ਦੇ ਬਾਵਜੂਦ ਅਜੇ ਵੀ ਤਾਕਤਵਰ ਸਨ ਅਤੇ ਗਰਦਨ ਵੀ ਅਜੇ ਤਕੜੀ ਸੀ। ਜਦ ਬੁੱਢਾ ਆਦਮੀ ਸੁੱਤਾ ਹੋਇਆ ਸੀ ਅਤੇ ਸਿਰ ਥੱਲੇ ਝੁਕਿਆ ਹੋਇਆ ਸੀ ਤਾਂ ਇਸ ਉੱਤੇ ਝੁਰੜੀਆਂ ਨਹੀਂ ਦਿਸਦੀਆਂ ਸਨ। ਉਸਦੀ ਕਮੀਜ਼ ਤੇ ਇੰਨੀ ਟਾਕੀਆਂ ਲੱਗੀਆਂ ਸਨ ਕਿ ਇਹ ਬਾਦਬਾਨ ਵਰਗੀ ਹੀ ਲੱਗਦੀ ਸੀ ਅਤੇ ਟਾਕੀਆਂ ਦਾ ਰੰਗ ਵੀ ਧੁੱਪ ਨੇ ਫਿੱਕਾ ਪਾ ਦਿੱਤਾ ਸੀ। ਉਸਦਾ ਸਿਰ ਕਾਫ਼ੀ ਬੁੱਢਾ ਲੱਗਦਾ ਸੀ ਅਤੇ ਅੱਖਾਂ ਬੰਦ ਸਨ। ਉਸਦੇ ਚਿਹਰੇ 'ਤੇ ਜੀਵਨ ਦਾ ਕੋਈ ਨਿਸ਼ਾਨ ਨਹੀਂ ਦਿਸਦਾ ਸੀ। ਅਖ਼ਬਾਰ ਉਹਦੇ ਗੋਡਿਆਂ 'ਤੇ ਪਿਆ ਸੀ ਅਤੇ ਉਹਦੀਆਂ ਬਾਂਹ ਦੇ ਭਾਰ ਨੇ ਇਸ ਨੂੰ ਸ਼ਾਮ ਦੀ ਹਵਾ 'ਚ ਦਬਾ ਰੱਖਿਆ ਸੀ। ਉਹ ਪੈਰੋਂ ਨੰਗਾ ਸੀ।

ਮੁੰਡਾ ਉਥੋਂ ਚਲਾ ਗਿਆ ਅਤੇ ਜਦ ਵਾਪਸ ਪਰਤਿਆ ਤਾਂ ਬੁੱਢਾ ਆਦਮੀ ਅਜੇ ਵੀ ਸੁੱਤਾ ਪਿਆ ਸੀ।

"ਬਾਬਾ, ਉੱਠ ਹੁਣ" ਮੁੰਡੇ ਨੇ ਕਿਹਾ ਅਤੇ ਆਪਣਾ ਹੱਥ ਉਸ ਦੇ ਗੋਡੇ 'ਤੇ ਰੱਖ ਦਿੱਤਾ। ਬੁੱਢੇ ਆਦਮੀ ਨੇ ਅੱਖਾਂ ਖੋਲ੍ਹੀਆਂ ਅਤੇ ਇਕ ਪਲ ਲਈ ਉਹ ਲੰਬੀ ਦੂਰੀ ਤੋਂ ਆ ਰਿਹਾ ਲੱਗਦਾ ਸੀ। ਉਹ ਮੁਸਕਰਾਇਆ।

"ਤੂੰ ਕੀ ਲਿਆਇਆ ਏਂ ?" ਉਸ ਨੇ ਪੁੱਛਿਆ।

"ਖਾਣਾ।" ਮੁੰਡੇ ਨੇ ਕਿਹਾ-"ਆਪਾਂ ਖਾਣਾ ਖਾਵਾਂਗੇ।"

"ਮੈਨੂੰ ਤਾਂ ਭੁੱਖ ਨਹੀਂ।"

"ਆ ਜਾ ਤੇ ਖਾਹ ਲੈ, ਤੂੰ ਖਾਣਾ ਖਾਏ ਬਿਨਾਂ ਮੱਛੀਆਂ ਨਹੀਂ ਫੜ ਸਕੇਂਗਾ।"

"ਮੈਂ ਫੜ ਸਕਦਾਂ।" ਬੁੱਢੇ ਨੇ ਉੱਠਦੇ ਹੋਏ ਅਤੇ ਅਖ਼ਬਾਰ ਚੁੱਕ ਕੇ ਵਲ੍ਹੇਟਦੇ ਹੋਏ ਕਿਹਾ। ਫਿਰ ਉਹ ਕੰਬਲ ਵਲ੍ਹੇਟਣ ਲੱਗਾ।

"ਕੰਬਲ ਆਪਣੇ 'ਤੇ ਪਾਈ ਰੱਖ।" ਮੁੰਡੇ ਨੇ ਕਿਹਾ।

"ਜਦ ਤਕ ਮੈਂ ਜਿਊਂਦਾ ਹਾਂ ਉਦੋਂ ਤਕ ਤੈਨੂੰ ਭੁੱਖੇ ਰਹਿ ਕੇ ਮੱਛੀਆਂ ਫੜਨ ਦੀ ਲੋੜ ਨਹੀਂ।"

"ਅੱਛਾ, ਜਿਊਂਦਾ ਰਹੁ ਅਤੇ ਆਪਣਾ ਖ਼ਿਆਲ ਰੱਖ।" ਬੁੱਢੇ ਆਦਮੀ ਨੇ ਕਿਹਾ। "ਆਪਾਂ ਕੀ ਖਾ ਰਹੇ ਹਾਂ ?"

"ਕਾਲੇ ਰਵਾਂਹ, ਚੌਲ, ਭੁੰਨੇ ਹੋਏ ਕੇਲੇ ਅਤੇ ਥੋੜ੍ਹਾ ਜਿਹਾ ਉਬਲਿਆ ਹੋਇਆ ਗੋਸ਼ਤ।"

ਮੁੰਡਾ ਇਹ ਖਾਣਾ ਦੋ ਡੱਬਿਆਂ ਵਾਲੇ ਧਾਤ ਦੇ ਬਰਤਨ ਵਿਚ ਟੈਰੇਸ ਤੋਂ ਲਿਆਇਆ ਸੀ। ਉਹਦੀ ਜੇਬ ਵਿਚ ਚਾਕੂ, ਕਾਂਟੇ ਅਤੇ ਚਮਚਿਆਂ ਦੇ ਦੋ ਸੈੱਟ ਪੇਪਰ ਨੈਪਕਿਨ 'ਚ ਲਪੇਟੇ ਹੋਏ ਸਨ।

"ਤੈਨੂੰ ਇਹ ਕਿਸਨੇ ਦਿੱਤਾ ਏ ?"

"ਮਾਰਟਿਨ ਨੇ-ਦੁਕਾਨ ਮਾਲਿਕ ਨੇ।"

"ਮੈਨੂੰ ਉਹਦਾ ਧੰਨਵਾਦ ਕਰਨਾ ਚਾਹੀਦਾ ਏ।"

"ਮੈਂ ਪਹਿਲਾਂ ਹੀ ਉਹਦਾ ਧੰਨਵਾਦ ਕਰ ਦਿੱਤਾ ਏ।" ਮੁੰਡੇ ਨੇ ਕਿਹਾ। "ਤੈਨੂੰ ਉਹਦਾ ਧੰਨਵਾਦ ਕਰਨ ਦੀ ਲੋੜ ਨਹੀਂ।"

"ਮੈਂ ਉਹਨੂੰ ਵੱਡੀ ਮੱਛੀ ਦੇ ਪੇਟ ਦਾ ਮਾਸ ਦੇਵਾਂਗਾ।" ਬੁੱਢੇ ਨੇ ਕਿਹਾ। "ਕੀ ਉਹਨੇ ਸਾਡੇ ਲਈ ਪਹਿਲਾਂ ਵੀ ਕਦੇ ਏਦਾਂ ਕੀਤਾ ਏ ?"

"ਮੇਰਾ ਤਾਂ ਇਹੀ ਖ਼ਿਆਲ ਏ।"

"ਫਿਰ ਮੈਨੂੰ ਪੇਟ ਦੇ ਮਾਸ ਨਾਲੋਂ ਜ਼ਿਆਦਾ ਕੁਝ ਉਹਨੂੰ ਦੇਣਾ ਬਣਦਾ ਏ ; ਉਹ ਸਾਡੇ ਲਈ ਬਹੁਤ ਸੋਚਦਾ ਏ।"

''ਉਸਨੇ ਦੋ ਬੀਅਰਾਂ ਭੇਜੀਆਂ ਨੇ।''

'ਮੈਨੂੰ ਡੱਬੇ ਵਿਚ ਬੀਅਰ ਪੀਣਾ ਬਹੁਤ ਪਸੰਦ ਏ।''

'ਮੈਨੂੰ ਪਤਾ ਏ। ਪਰ ਇਹ ਬੋਤਲਾਂ ਵਿਚ ਏ ਤੇ ਬੀਅਰ ਏ ਤੇ ਬੋਤਲਾਂ ਮੈਂ ਵਾਪਸ ਲਿਜਾਣੀਆਂ ਨੇ।''

''ਤੇਰੀ ਬੜੀ ਮਿਹਰਬਾਨੀ।'' ਬੁੱਢੇ ਨੇ ਕਿਹਾ। 'ਆਪਾਂ ਸ਼ੁਰੂ ਕਰੀਏ ?''

'ਮੈਂ ਤਾਂ ਤੈਨੂੰ ਕਹਿ ਹੀ ਰਿਹਾਂ।'' ਮੁੰਡੇ ਨੇ ਨਿਮਰਤਾ ਨਾਲ ਕਿਹਾ। ''ਜਦ ਤਕ ਤੂੰ ਤਿਆਰ ਨਹੀਂ ਤਦ ਤਕ ਮੈਨੂੰ ਡੱਬਾ ਖੋਲ੍ਹਣ ਦੀ ਕੋਈ ਇੱਛਾ ਨਹੀਂ।''

''ਹੁਣ ਮੈਂ ਤਿਆਰ ਆਂ।'' ਬੁੱਢੇ ਆਦਮੀ ਨੇ ਕਿਹਾ। 'ਮੈਂ ਹੱਥ ਧੋ ਆਵਾਂ।''

''ਤੂੰ ਹੱਥ ਕਿੱਥੇ ਧੋਏਂਗਾ ?'' ਮੁੰਡੇ ਨੇ ਕਿਹਾ। ਪਿੰਡ ਨੂੰ ਆਉਣ ਵਾਲਾ ਪਾਣੀ ਸੜਕ ਤੋਂ ਦੋ ਗਲੀਆਂ ਦੂਰ ਸੀ।

ਮੈਨੂੰ ਉਹਦੇ ਲਈ ਪਾਣੀ ਲਿਆਉਣਾ ਚਾਹੀਦਾ ਹੈ। ਮੁੰਡੇ ਨੇ ਸੋਚਿਆ ਅਤੇ ਸਾਬਣ ਅਤੇ ਇਕ ਚੰਗਾ ਤੌਲੀਆ ਵੀ। ਮੈਂ ਇੰਨਾ ਬੇਖ਼ਬਰ ਕਿਉਂ ਹਾਂ ? ਮੈਨੂੰ ਉਹਦੇ ਲਈ ਇਕ ਕਮੀਜ਼, ਸਰਦੀਆਂ ਲਈ ਜਾਕਿਟ ਅਤੇ ਕੋਈ ਬੂਟ ਅਤੇ ਇਕ ਹੋਰ ਕੰਬਲ ਵੀ ਲਿਆਉਣਾ ਚਾਹੀਦਾ ਹੈ।

''ਬਈ ਆਹ ਉਬਲਿਆ ਹੋਇਆ ਗੋਸ਼ਤ ਤਾਂ ਬਹੁਤ ਸੁਆਦੀ ਏ।'' ਬੁੱਢੇ ਆਦਮੀ ਨੇ ਕਿਹਾ।

'ਮੈਨੂੰ ਬੇਸਬਾਲ ਬਾਰੇ ਦੱਸ।'' ਮੁੰਡੇ ਨੇ ਉਹਨੂੰ ਕਿਹਾ।

''ਅਮਰੀਕਨ ਲੀਗ ਵਿਚ ਤਾਂ ਯਾਂਕੀ ਹੀ ਹਨ ਜਿਵੇਂ ਤੈਨੂੰ ਮੈਂ ਦੱਸਿਆ ਸੀ।'' ਬੁੱਢੇ ਨੇ ਖ਼ੁਸ਼ ਹੁੰਦੇ ਕਿਹਾ।

''ਅੱਜ ਉਹ ਹਾਰ ਗਏ।'' ਮੁੰਡੇ ਨੇ ਉਹਨੂੰ ਦੱਸਿਆ।

''ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਮਹਾਨ ਡੀਮੈਗੋਇਉ ਫਿਰ ਤਿਆਰੀ 'ਚ ਏ।''

''ਉਹਨਾਂ ਦੀ ਟੀਮ ਵਿਚ ਹੋਰ ਵੀ ਮੈਂਬਰ ਹਨ।

''ਬਿਲਕੁਲ, ਪਰ ਉਹ ਲਿਆਉਂਦਾ ਏ ਲੱਜ਼ਤਾਂ। ਦੂਜੇ ਲੀਗ ਵਿਚ, ਬਰੁਕਲਿਨ ਅਤੇ ਫਿਲਾਡੇਲਫੀਆ ਟੱਕਰੇ ਹੋਏ ਨੇ। ਉਹਨਾਂ 'ਚ ਮੈਨੂੰ ਬੁਰਕਲਿਨ ਦਾ ਪੱਖ ਲੈਣਾ ਚਾਹੀਦਾ ਏ। ਪਰ ਫਿਰ ਮੈਨੂੰ ਡਿਕ ਸਿਸਲਰ ਦਾ ਖ਼ਿਆਲ ਆਉਂਦਾ ਏ ਅਤੇ ਉਹਦਾ ਪੁਰਾਣੇ ਪਾਰਕ ਵਿਚ ਉਹ ਸ਼ਾਨਦਾਰ ਸਾਹਸ।''

''ਉਹਨਾਂ ਵਰਗਾ ਤਾਂ ਕੋਈ ਹੋਰ ਹੈ ਈ ਨਹੀਂ। ਉਹ ਸਭ ਤੋਂ ਲੰਬੀ ਕਿਕ ਮਾਰਦਾ ਏ ਜਿੰਨੇ ਵੀ ਮੈਂ ਅੱਜ ਤਕ ਦੇਖੇ ਨੇ।''

''ਤੈਨੂੰ ਯਾਦ ਏ ਜਦੋਂ ਉਹ ਉੱਚੇ ਕਿਨਾਰੇ 'ਤੇ ਆਇਆ ਕਰਦਾ ਸੀ ? ਮੈਂ ਉਹਨੂੰ

ਮੱਛੀਆਂ ਫੜਨ ਲਿਜਾਣਾ ਚਾਹੁੰਦਾ ਸੀ ਪਰ ਮੈਂ ਏਨਾ ਝੇਂਪ ਗਿਆ ਕਿ ਪੁੱਛ ਈ ਨਾ ਸਕਿਆ। ਫਿਰ ਮੈਂ ਤੈਨੂੰ ਇਸ ਵਾਸਤੇ ਕਿਹਾ ਪਰ ਤੂੰ ਵੀ ਸ਼ਰਮਾਕਲ ਨਿਕਲਿਆ।''

'ਮੈਨੂੰ ਪਤਾ ਏ। ਇਹ ਵੱਡੀ ਗ਼ਲਤੀ ਸੀ। ਉਸ ਨੇ ਸਾਡੇ ਨਾਲ ਚਲੇ ਜਾਣਾ ਸੀ ਫਿਰ ਸਾਰੀ ਉਮਰ ਸਾਨੂੰ ਯਾਦ ਰਹਿਣਾ ਸੀ।''

'ਮੈਂ ਮਹਾਨ ਡੀਮੋਗੋਇਓ ਨੂੰ ਮੱਛੀਆਂ ਫੜਨ ਨਾਲ ਲਿਜਾਣਾ ਚਾਹੁੰਨਾਂ।'' ਬੁੱਢੇ ਆਦਮੀ ਨੇ ਕਿਹਾ। ''ਕਹਿੰਦੇ ਨੇ ਬਈ ਉਹਦਾ ਪਿਓ ਮਛੇਰਾ ਸੀ। ਸ਼ਾਇਦ ਉਹ ਓਨਾ ਹੀ ਗ਼ਰੀਬ ਸੀ ਜਿੰਨਾ ਆਪਾਂ ਅਤੇ ਹੋ ਸਕਦਾ ਏ ਉਹ ਸਾਡੀ ਗੱਲ ਸਮਝ ਲਵੇ।''

'ਮਹਾਨ ਸਿਸਲਰ ਦਾ ਬਾਪ ਕਦੇ ਗ਼ਰੀਬ ਨਹੀਂ ਸੀ ਅਤੇ ਜਦੋਂ ਉਹ ਮੇਰਾ ਜਿੱਡਾ ਸੀ ਤਾਂ ਵੱਡੇ ਲੀਗ ਮੈਚਾਂ 'ਚ ਖੇਡਿਆ ਕਰਦਾ ਸੀ।''

'ਜਦ ਮੈਂ ਤੇਰੀ ਉਮਰ ਦਾ ਸੀ ਤਾਂ ਮੈਂ ਇਕ ਚੌਰਸ ਥੱਲੇ ਵਾਲੇ ਜਹਾਜ਼ ਦੇ ਮਸਤੂਲ ਅੱਗੇ ਖੜਾ-ਖੜਾ ਅਫ਼ਰੀਕਾ ਜਾ ਰਿਹਾ ਸੀ ਤੇ ਮੈਂ ਸ਼ਾਮ ਵੇਲੇ ਅਫ਼ਰੀਕਾ ਦੇ ਸਮੁੰਦਰੀ ਕੰਢਿਆਂ 'ਤੇ ਸ਼ੇਰ ਵੇਖੇ ਸਨ।''

'ਮੈਨੂੰ ਪਤਾ ਏ, ਤੂੰ ਮੈਨੂੰ ਦੱਸਿਆ ਸੀ।''

''ਆਪਾਂ ਅਫ਼ਰੀਕਾ ਦੀਆਂ ਗੱਲਾਂ ਕਰੀਏ ਜਾਂ ਬੇਸਬਾਲ ਬਾਰੇ।''

'ਮੇਰਾ ਖ਼ਿਆਲ ਏ ਬੇਸਬਾਲ ਬਾਰੇ।'' ਮੁੰਡੇ ਨੇ ਕਿਹਾ।

'ਮਹਾਨ ਜਾਨ ਜੇ. ਮੈਗਰਾ ਬਾਰੇ ਦੱਸ।'' ਉਸਨੇ ਜੇ ਨੂੰ ਜੋਤਾ ਕਿਹਾ।

''ਉਹ ਬੁੱਢੇ ਵਾਰੇ ਕਦੇ-ਕਦੇ ਉੱਚੇ ਕੰਢੇ 'ਤੇ ਆਇਆ ਕਰਦਾ ਸੀ। ਪਰ ਉਹ ਬੜਾ ਗੁਸੈਲਾ ਸੀ ਅਤੇ ਔਖਾ ਹੋ ਜਾਂਦਾ ਜਦੋਂ ਉਹ ਦਾਰੂ ਪੀ ਰਿਹਾ ਹੁੰਦਾ। ਉਹਦਾ ਦਿਮਾਗ਼ ਬੇਸਬਾਲ ਦੇ ਨਾਲ-ਨਾਲ ਘੋੜਿਆਂ 'ਤੇ ਚੱਲ ਰਿਹਾ ਹੁੰਦਾ। ਘੱਟੋ-ਘੱਟ ਉਹ ਆਪਣੀ ਜੇਬ ਵਿਚ ਹਰ ਵੇਲੇ ਘੋੜਿਆਂ ਦੀਆਂ ਸੂਚੀਆਂ ਰੱਖਦਾ ਸੀ ਅਤੇ ਟੈਲੀਫ਼ੋਨ 'ਤੇ ਘੋੜਿਆਂ ਦੇ ਨਾਂ ਅਕਸਰ ਲੈਂਦਾ ਰਹਿੰਦਾ।''

''ਉਹ ਬੜਾ ਵਧੀਆ ਮੈਨੇਜਰ ਸੀ'' ਮੁੰਡੇ ਨੇ ਕਿਹਾ।

'ਮੇਰਾ ਬਾਪ ਕਹਿੰਦਾ ਏ ਉਹ ਸਭ ਤੋਂ ਮਹਾਨ ਸੀ।''

''ਕਿਉਂਕਿ ਉਹ ਕਈ ਵਾਰ ਇਥੇ ਆਇਆ ਸੀ।'' ਬੁੱਢੇ ਆਦਮੀ ਨੇ ਕਿਹਾ। 'ਜੇ ਦੁਰੋਚਰ ਹਰ ਵਰ੍ਹੇ ਇਥੇ ਲਗਾਤਾਰ ਆਇਆ ਹੁੰਦਾ ਤਾਂ ਤੇਰੇ ਪਿਓ ਨੇ ਉਹਨੂੰ ਸਭ ਤੋਂ ਵਧੀਆ ਮੈਨੇਜਰ ਸਮਝਣਾ ਸੀ।''

'ਪਰ ਅਸਲ 'ਚ ਸਭ ਤੋਂ ਵਧੀਆ ਮੈਨੇਜਰ ਕਿਹੜਾ ਏ—ਲੂਕ ਜਾਂ ਮਾਈਕ ਗੋਨਜ਼ਾਲਿਜ਼?''

'ਮੇਰਾ ਖ਼ਿਆਲ ਏ ਦੋਵੇਂ ਈ ਬਰਾਬਰ ਨੇ।''

''ਤੇ ਸਭ ਤੋਂ ਵਧੀਆ ਮਛੇਰਾ ਤੂੰ ਏ।''

''ਨਹੀਂ, ਮੈਨੂੰ ਪਤਾ ਏ ਹੋਰ ਵੀ ਚੰਗੇ ਨੇ।''

''ਬਕਵਾਸ'' ਮੁੰਡੇ ਨੇ ਕਿਹਾ। ''ਕਈ ਚੰਗੇ ਮਛੇਰੇ ਵੀ ਨੇ ਕਈ ਮਹਾਨ ਵੀ ਪਰ ਤੂੰ ਤਾਂ ਤੂੰ ਈ ਏਂ।''

''ਮਿਹਰਬਾਨੀ, ਤੂੰ ਖ਼ੁਸ਼ ਕਰ ਦਿੱਤਾ ਈ। ਮੇਰਾ ਖ਼ਿਆਲ ਏ ਕੋਈ ਮੱਛੀ ਇੰਨੀ ਵੱਡੀ ਨਹੀਂ ਆਏਗੀ ਜੋ ਸਾਨੂੰ ਗ਼ਲਤ ਸਾਬਤ ਕਰ ਸਕੇ।''

''ਜੇ ਤੂੰ ਇੰਨਾ ਤਕੜਾ ਏਂ ਜਿੰਨਾ ਤੂੰ ਕਹਿਨਾ ਏਂ ਤਾਂ ਅਜਿਹੀ ਕੋਈ ਮੱਛੀ ਨਹੀਂ ਹੈ।''

''ਜਿੰਨਾ ਮੈਂ ਸੋਚਦਾਂ ਸ਼ਾਇਦ ਉੱਨਾ ਤਕੜਾ ਮੈਂ ਨਾ ਹੋਵਾਂ।'' ਬੁੱਢੇ ਆਦਮੀ ਨੇ ਕਿਹਾ। ''ਪਰ ਮੈਨੂੰ ਕਈ ਚਾਲਾਂ ਆਉਂਦੀਆਂ ਨੇ ਤੇ ਪੱਕਾ ਇਰਾਦਾ ਵੀ ਏ।''

''ਤੈਨੂੰ ਹੁਣ ਸੌਂ ਜਾਣਾ ਚਾਹੀਦਾ ਏ ਤਾਂ ਕਿ ਸਵੇਰ ਤਕ ਤੂੰ ਤਾਜ਼ਾ ਦਮ ਹੋ ਜਾਏਂ। ਮੈਂ ਸਾਮਾਨ ਵਾਪਸ ਟੈਰਿਸ 'ਤੇ ਲੈ ਜਾਵਾਂਗਾ।''

''ਚੰਗਾ ਸ਼ੁਭ ਰਾਤਰੀ ਬਈ, ਮੈਂ ਤੈਨੂੰ ਸਵੇਰੇ ਉਠਾ ਦੇਵਾਂਗਾ।''

''ਤੂੰ ਮੇਰਾ ਅਲਾਰਮ ਕਲਾਕ ਏਂ।'' ਮੁੰਡੇ ਨੇ ਕਿਹਾ।

''ਮੇਰੀ ਉਮਰ ਹੀ ਅਲਾਰਮ ਕਲਾਕ ਏ।'' ਬੁੱਢੇ ਨੇ ਕਿਹਾ।

''ਬੁੱਢੇ ਬੰਦੇ ਜਲਦੀ ਕਿਉਂ ਉੱਠ ਪੈਂਦੇ ਨੇ ? ਤਾਂ ਕਿ ਉਹ ਲੰਬਾ ਦਿਨ ਕੱਢ ਸਕਣ?''

''ਮੈਨੂੰ ਨਹੀਂ ਪਤਾ।'' ਮੁੰਡੇ ਨੇ ਕਿਹਾ। ''ਮੈਨੂੰ ਤਾਂ ਇੰਨਾ ਈ ਪਤਾ ਏ ਬਈ ਜਵਾਨ ਮੁੰਡੇ ਲੇਟ ਸੌਂਦੇ ਨੇ ਤੇ ਬਹੁਤ ਸੌਂਦੇ ਨੇ।

''ਮੈਂ ਯਾਦ ਕਰ ਸਕਦਾ ਹਾਂ।'' ਬੁੱਢੇ ਨੇ ਕਿਹਾ। ''ਮੈਂ ਤੈਨੂੰ ਸਮੇਂ ਸਿਰ ਜਗਾ ਦੇਵਾਂਗਾ।''

''ਮੈਂ ਨਹੀਂ ਚਾਹੁੰਦਾ ਕਿ ਉਹ (ਪਿਤਾ) ਮੈਨੂੰ ਜਗਾਏ। ਇਹ ਤਾਂ ਏਦਾਂ ਲੱਗਦਾ ਏ ਜਿਵੇਂ ਮੈਂ ਮਾੜਾ ਹੋਵਾਂ।''

''ਮੈਨੂੰ ਪਤਾ ਏ।''

''ਬਾਬਾ ਚੰਗੀ ਤਰ੍ਹਾਂ ਸੌਂ ਜਾ।''

ਮੁੰਡਾ ਚਲਾ ਗਿਆ। ਉਨ੍ਹਾਂ ਮੇਜ਼ 'ਤੇ ਬਿਨਾਂ ਕੋਈ ਰੋਸ਼ਨੀ ਕੀਤਿਆਂ ਖਾਣਾ ਖਾਧਾ ਸੀ। ਬੁੱਢੇ ਨੇ ਆਪਣਾ ਪਜਾਮਾ ਲਾਹਿਆ ਅਤੇ ਹਨੇਰੇ 'ਚ ਮੰਜੇ ਵਲ ਚਲਾ ਗਿਆ। ਉਸ ਨੇ ਸਰ੍ਹਾਣਾ ਬਣਾਉਣ ਲਈ ਪਜਾਮਾ ਤਹਿ ਕੀਤਾ ਅਤੇ ਇਹਦੇ ਵਿਚ ਅਖ਼ਬਾਰ ਰੱਖ ਦਿੱਤੀ। ਉਸ ਨੇ ਆਪਣੇ ਆਪ ਨੂੰ ਕੰਬਲ ਵਿਚ ਲਪੇਟ ਲਿਆ ਅਤੇ ਬਾਕੀ ਦੇ ਪੁਰਾਣੇ ਅਖ਼ਬਾਰਾਂ ਉੱਤੇ ਸੌਂ ਗਿਆ ਜਿਹਨੇ ਮੰਜੇ ਦੇ ਤਾਣੇ ਨੂੰ ਢਕਿਆ ਹੋਇਆ ਸੀ।

ਉਹ ਥੋੜ੍ਹੀ ਦੇਰ 'ਚ ਸੌਂ ਗਿਆ ਅਤੇ ਅਫ਼ਰੀਕਾ ਬਾਰੇ ਸੁਪਨੇ ਲੈਣ ਲੱਗਾ। ਜਦ ਉਹ ਮੁੰਡਾ ਜਿਹਾ ਸੀ ਤੇ ਸਮੁੰਦਰ ਦੇ ਸੁਨਹਿਰੀ ਅਤੇ ਸਫ਼ੈਦ ਕੰਢੇ ਉਹਦੀਆਂ ਅੱਖਾਂ ਨੂੰ ਚੁਭਦੇ

ਸੀ ਅਤੇ ਉੱਚੀਆਂ ਚੋਟੀਆਂ ਅਤੇ ਉੱਚੇ ਭੂਰੇ ਪਰਬਤ। ਹੁਣ ਹਰ ਰਾਤ ਉਹ ਸਮੁੰਦਰ ਕੰਢੇ ਰਹਿੰਦਾ ਸੀ ਅਤੇ ਆਪਣੇ ਸੁਪਨਿਆਂ ਵਿਚ ਝੱਗ ਦੀ ਗੂੰਜ ਸੁਣਦਾ ਸੀ ਅਤੇ ਉਥੋਂ ਬੇੜੀਆਂ ਨੂੰ ਆਉਂਦੇ ਦੇਖਦਾ ਸੀ। ਉਹ ਜਦ ਸੌਂਦਾ ਤਾਂ ਉਹ ਜਹਾਜ਼ ਦੀ ਡੈਕ ਦੀ ਲੁੱਕ ਅਤੇ ਸਣ ਨੂੰ ਸੁੰਘਦਾ ਅਤੇ ਉਹ ਅਫਰੀਕਾ ਦੀ ਸੁਗੰਧ ਨੂੰ ਸੁੰਘਦਾ ਜਿਹੜੀ ਆਉਣ ਵਾਲੀ ਪੌਣ ਲੈ ਕੇ ਆਉਂਦੀ ਸੀ।

ਆਮਤੌਰ 'ਤੇ ਜਦ ਉਹ ਸਵੇਰੇ ਵੇਲੇ ਧਰਤ ਦੀ ਪੌਣ ਨੂੰ ਸੁੰਘਦਾ ਤਾਂ ਜਾਗ ਪੈਂਦਾ, ਜਾਣ ਲਈ ਕੱਪੜੇ ਪਾਉਂਦਾ ਅਤੇ ਮੁੰਡੇ ਨੂੰ ਜਾ ਉਠਾਉਂਦਾ। ਪਰ ਅੱਜ ਰਾਤ ਜ਼ਮੀਨੀ ਪੌਣ ਦੀ ਸੁਗੰਧ ਕਾਫ਼ੀ ਸਵੇਲੇ ਆ ਗਈ ਸੀ। ਉਹਨੂੰ ਪਤਾ ਸੀ ਕਿ ਉਹ ਅਜੇ ਸੁਪਨੇ ਦੀ ਆਮਦ 'ਤੇ ਹੀ ਖੜੋਤਾ ਸੀ ਅਤੇ ਉਹ ਸਮੁੰਦਰ 'ਚ ਉੱਠੇ ਟਾਪੂਆਂ ਦੀ ਸਫੈਦ ਚੋਟੀਆਂ ਨੂੰ ਸੁਪਨੇ 'ਚ ਦੇਖਦਾ ਰਿਹਾ ਅਤੇ ਫਿਰ ਉਹ ਕੇਨਰੀ ਟਾਪੂਆਂ ਦੀਆਂ ਭਿੰਨ-ਭਿੰਨ ਬੰਦਰਗਾਹਾਂ ਅਤੇ ਘਾਟਾਂ ਦੇ ਸੁਪਨੇ ਲੈਂਦੇ ਰਿਹਾ।

ਉਸ ਨੂੰ ਹੁਣ ਨਾ ਕਦੇ ਤੂਫ਼ਾਨਾਂ ਦੇ ਸੁਪਨੇ ਆਉਂਦੇ ਸਨ, ਨਾ ਹੀ ਔਰਤਾਂ ਦੇ, ਨਾ ਹੀ ਵੱਡੀਆਂ ਘਟਨਾਵਾਂ, ਵੱਡੀਆਂ ਮੱਛੀਆਂ ਦੇ, ਨਾ ਹੀ ਲੜਾਈਆਂ ਤੇ ਸ਼ਕਤੀ-ਪ੍ਰੀਖਣ ਦੇ ਤੇ ਨਾ ਹੀ ਆਪਣੀ ਪਤਨੀ ਦੇ। ਉਸ ਨੂੰ ਹੁਣ ਸਿਰਫ ਥਾਵਾਂ ਦੇ ਸੁਪਨੇ ਆਉਂਦੇ ਅਤੇ ਸਮੁੰਦਰ ਕਿਨਾਰੇ ਘੁੰਮਦੇ ਸ਼ੇਰਾਂ ਦੇ। ਸੰਧਿਆ ਵੇਲੇ ਉਹ ਜਵਾਨ ਬਿੱਲੀਆਂ ਵਾਂਗ ਖੇਡਦੇ। ਉਹ ਉਹਨਾਂ ਨੂੰ ਉਸੇ ਤਰ੍ਹਾਂ ਪਿਆਰ ਕਰਦਾ ਸੀ ਜਿਵੇਂ ਇਸ ਮੁੰਡੇ ਨੂੰ।

ਉਸ ਨੂੰ ਕਦੇ ਮੁੰਡੇ ਬਾਰੇ ਸੁਪਨਾ ਨਾ ਆਇਆ। ਉਹ ਆਮ ਵਾਂਗ ਉੱਠਿਆ, ਖੁਲ੍ਹੇ ਪਏ ਦਰਵਾਜ਼ੇ 'ਚੋਂ ਬਾਹਰ ਚੰਦਰਮਾ ਵਲ ਦੇਖਿਆ ਅਤੇ ਆਪਣਾ ਪਜਾਮਾ ਛੰਡ ਕੇ ਪਹਿਨ ਲਿਆ। ਝੌਂਪੜੀ ਦੇ ਬਾਹਰ ਆ ਕੇ ਉਸ ਨੇ ਪਿਸ਼ਾਬ ਕੀਤਾ ਅਤੇ ਫਿਰ ਮੁੰਡੇ ਨੂੰ ਉਠਾਉਣ ਲਈ ਸੜਕ 'ਤੇ ਚਲਾ ਗਿਆ। ਸਵੇਰ ਦੀ ਠੰਡ ਨਾਲ ਉਹ ਕੰਬ ਰਿਹਾ ਸੀ। ਪਰ ਉਹ ਜਾਣਦਾ ਸੀ ਕਿ ਜਲਦ ਹੀ ਉਹ ਆਪਣੇ ਆਪ ਨੂੰ ਨਿੱਘਾ ਕਰ ਲਵੇਗਾ ਅਤੇ ਚੱਪੂ ਮਾਰ ਰਿਹਾ ਹੋਵੇਗਾ।

ਜਿਹੜੇ ਘਰ 'ਚ ਮੁੰਡਾ ਸੁੱਤਾ ਸੀ, ਉਸ ਦਾ ਕੁੰਡਾ ਖੁੱਲ੍ਹਾ ਸੀ। ਉਸ ਨੇ ਦਰਵਾਜ਼ਾ ਖੋਲ੍ਹਿਆ ਅਤੇ ਨੰਗੇ ਪੈਰੀਂ ਚੁਪ-ਚੁਪੀਤੇ ਅੰਦਰ ਚਲਾ ਗਿਆ। ਪਹਿਲੇ ਕਮਰੇ 'ਚ ਹੀ ਮੰਜੇ 'ਤੇ ਮੁੰਡਾ ਸੁੱਤਾ ਹੋਇਆ ਸੀ ਅਤੇ ਉਹ ਉਸਨੂੰ ਛਿਪ ਰਹੇ ਚੰਦਰਮਾ ਦੀ ਰੋਸ਼ਨੀ 'ਚ ਉਸ ਨੂੰ ਸਪੱਸ਼ਟ ਦੇਖ ਸਕਦਾ ਸੀ। ਉਸ ਨੇ ਹੌਲੇ ਜਿਹੇ ਉਸ ਦਾ ਇਕ ਪੈਰ ਫੜ ਲਿਆ ਅਤੇ ਉਦੋਂ ਤਕ ਫੜੀ ਰੱਖਿਆ ਜਦ ਤਕ ਮੁੰਡਾ ਉੱਠ ਨਾ ਪਿਆ ਅਤੇ ਮੁੜ ਕੇ ਉਹਦੇ ਵਲ ਦੇਖਣ ਲੱਗਾ। ਬੁੱਢੇ ਆਦਮੀ ਨੇ ਸਿਰ ਹਿਲਾਇਆ ਅਤੇ ਮੁੰਡੇ ਨੇ ਮੰਜੇ ਕੋਲ ਪਈ ਕੁਰਸੀ ਤੋਂ ਪਜਾਮੇ ਨੂੰ ਚੁੱਕਿਆ ਤੇ ਮੰਜੇ 'ਤੇ ਬੈਠੇ ਬੈਠੇ ਨੇ ਪਾ ਲਿਆ।

ਬੁੱਢਾ ਆਦਮੀ ਦਰਵਾਜ਼ੇ ਵਲ ਗਿਆ ਤੇ ਮੁੰਡਾ ਉਹਦੇ ਪਿੱਛੇ ਚਲ ਪਿਆ। ਉਹ ਉਨੀਂਦਰੇ ਵਿਚ ਸੀ। ਬੁੱਢੇ ਨੇ ਆਪਣੀ ਬਾਂਹ ਉਹਦੇ ਮੋਢਿਆਂ 'ਤੇ ਰੱਖਦੇ ਹੋਏ ਕਿਹਾ, "ਮੈਨੂੰ ਅਫਸੋਸ ਹੈ।"

''ਕੋਈ ਗੱਲ ਨਹੀਂ।'' ਮੁੰਡੇ ਨੇ ਕਿਹਾ ''ਇਹੀ ਤਾਂ ਆਦਮੀ ਨੂੰ ਕਰਨਾ ਪੈਂਦਾ ਹੈ।''

ਉਹ ਬੁੱਢੇ ਆਦਮੀ ਦੀ ਝੌਂਪੜੀ ਵਲ ਚੱਲ ਪਏ। ਸਾਰੀ ਸੜਕ 'ਤੇ ਹਨੇਰੇ ਵਿਚ ਨੰਗੇ ਪੈਰੀਂ ਬੰਦੇ ਆਪਣੀਆਂ-ਆਪਣੀਆਂ ਬੇੜੀਆਂ ਦੇ ਮਸਤੂਲ ਚੁੱਕੀ ਲਿਜਾ ਰਹੇ ਸਨ।

ਜਦ ਉਹ ਬੁੱਢੇ ਆਦਮੀ ਦੀ ਝੌਂਪੜੀ 'ਚ ਪਹੁੰਚੇ ਤਾਂ ਮੁੰਡੇ ਨੇ ਟੋਕਰੀ 'ਚ ਡੋਰੀਆਂ ਦਾ ਗੁੱਛਾ, ਭਾਲਾ ਤੇ ਬਰਛ਼ਾ ਚੁੱਕ ਲਿਆ ਅਤੇ ਬੁੱਢੇ ਆਦਮੀ ਨੇ ਬਾਦਬਾਨ ਨਾਲ ਲਿਪਟੇ ਮਸਤੂਲ ਨੂੰ ਮੋਢੇ 'ਤੇ ਚੁੱਕ ਲਿਆ।

''ਤੂੰ ਕੌਫ਼ੀ ਪੀਏਂਗਾ ?'' ਮੁੰਡੇ ਨੇ ਪੁੱਛਿਆ।

''ਪਹਿਲਾਂ ਆਪਾਂ ਬੇੜੀ 'ਚ ਸਾਮਾਨ ਰੱਖ ਲਈਏ, ਫੇਰ ਕੁਝ ਪੀਵਾਂਗੇ।''

ਉਨ੍ਹਾਂ ਨੇ ਸੁਭਾ ਸਵੇਰੇ ਖੁਲਣ ਵਾਲੀ ਇਕ ਦੁਕਾਨ ਤੋਂ ਜਮਾਏ ਹੋਏ ਦੁੱਧ ਵਾਲੇ ਕੈਨਾਂ 'ਚ ਕੌਫ਼ੀ ਪੀਤੀ।

''ਬਾਬਾ ਤੂੰ ਠੀਕ ਤਰ੍ਹਾਂ ਸੁੱਤਾ ਕਿ ਨਹੀਂ ?'' ਮੁੰਡੇ ਨੇ ਪੁੱਛਿਆ। ਹੁਣ ਉਹ ਹੌਲੀ ਹੌਲੀ ਜਾਗ ਰਿਹਾ ਸੀ ਭਾਵੇਂ ਕਿ ਉਸ ਨੇ ਅਜੇ ਵੀ ਨੀਂਦ 'ਚੋਂ ਨਿਕਲਣਾ ਔਖਾ ਲੱਗਦਾ ਸੀ।

''ਬਹੁਤ ਚੰਗੀ ਤਰ੍ਹਾਂ ਮੈਨੋਲਿਨ।'' ਬੁੱਢੇ ਨੇ ਆਖਿਆ।

''ਅੱਜ ਤਾਂ ਮੈਨੂੰ ਆਪਣੇ ਆਪ 'ਤੇ ਅਜੀਬ ਹੀ ਵਿਸ਼ਵਾਸ ਜਾਪਦਾ ਏ।''

''ਮੈਨੂੰ ਵੀ।'' ਮੁੰਡੇ ਨੇ ਕਿਹਾ। ''ਹੁਣ ਮੈਨੂੰ ਤੇਰੇ ਤੇ ਆਪਣੇ ਲਈ ਤਾਜ਼ੀਆਂ ਸਾਰਡੀਨ ਮੱਛੀਆਂ ਅਤੇ ਚੋਗਾ ਲਿਆਉਣਾ ਚਾਹੀਦਾ ਏ। ਮੇਰਾ ਬਾਪ ਤਾਂ ਆਪਣਾ ਸਮਾਨ ਆਪ ਲਿਆਉਂਦਾ ਏ। ਉਹ ਕਦੇ ਕਿਸੇ ਹੋਰ ਨੂੰ ਆਪਣਾ ਸਮਾਨ ਨਹੀਂ ਚੁੱਕਣ ਦਿੰਦਾ।''

''ਆਪਾਂ ਵੱਖਰੀ ਤਰ੍ਹਾਂ ਦੇ ਬੰਦੇ ਆਂ।'' ਬੁੱਢੇ ਨੇ ਕਿਹਾ। ''ਮੈਂ ਤੈਨੂੰ ਉਦੋਂ ਸਾਮਾਨ ਚੁੱਕਣ ਦਿੰਦਾ ਸੀ ਜਦੋਂ ਤੂੰ ਅਜੇ ਪੰਜਾਂ ਵਰ੍ਹਿਆਂ ਦਾ ਸੀ।''

''ਮੈਨੂੰ ਪਤਾ ਏ।'' ਮੁੰਡੇ ਨੇ ਕਿਹਾ ''ਮੈਂ ਹੁਣੇ ਆਇਆ, ਤੂੰ ਇਕ ਕੌਫ਼ੀ ਹੋਰ ਪੀ ਲੈ, ਆਪਣਾ ਇਥੇ ਉਧਾਰ ਚੱਲਦਾ ਏ।''

ਉਹ ਨੰਗੇ ਪੈਰੀਂ ਮੂੰਗੇ ਦੀਆਂ ਚੱਟਾਨਾਂ 'ਤੇ ਤੁਰਦਾ ਆਈਸ ਹਾਊਸ ਵਲ ਚਲਾ ਗਿਆ ਜਿਥੇ ਦਾਣਾ-ਚੋਗਾ ਰੱਖਿਆ ਜਾਂਦਾ ਸੀ।

ਬੁੱਢੇ ਆਦਮੀ ਨੇ ਹੌਲੀ-ਹੌਲੀ ਆਪਣੀ ਕੌਫ਼ੀ ਪੀਤੀ। ਇਹ ਕੁਝ ਉਸ ਨੇ ਸਾਰੇ ਦਿਨ ਲਈ ਪੀਣਾ ਸੀ ਅਤੇ ਉਹ ਜਾਣਦਾ ਸੀ ਕਿ ਇਹ ਉਸ ਨੂੰ ਪੀਣੀ ਹੀ ਚਾਹੀਦੀ ਹੈ। ਕਾਫ਼ੀ ਦੇਰ ਤੋਂ ਖਾਣਾ ਉਸ ਨੂੰ ਅਕਾਊ ਲੱਗਦਾ ਸੀ ਤੇ ਉਹ ਕਦੇ ਵੀ ਦੁਪਹਿਰ ਦਾ ਖਾਣਾ ਨਾਲ ਨਹੀਂ ਸੀ ਲਿਜਾਂਦਾ। ਬੇੜੀ ਦੇ ਮੱਥੇ 'ਚ ਉਹ ਪਾਣੀ ਲਈ ਇਕ ਬੋਤਲ ਰੱਖਦਾ ਸੀ ਤੇ ਇਸੇ ਦੀ ਸਾਰਾ ਦਿਨ ਉਸ ਨੂੰ ਲੋੜ ਪੈਂਦੀ ਸੀ।

ਮੁੰਡਾ ਅਖ਼ਬਾਰ ਵਿਚ ਸਾਰਡੀਨ ਅਤੇ ਦੋ ਫੰਦੇ ਲਪੇਟ ਕੇ ਲੈ ਆਇਆ ਸੀ। ਉਹ

ਪੈਰਾਂ ਥੱਲੇ ਪਥਰੀਲੀ ਰੇਤ ਮਹਿਸੂਸ ਕਰਦੇ ਬੇੜੀ ਦੇ ਕੋਲ ਚਲੇ ਗਏ, ਬੇੜੀ ਨੂੰ ਉੱਪਰ ਚੁੱਕਿਆ ਅਤੇ ਪਾਣੀ ਵਿਚ ਠੇਲ੍ਹ ਦਿੱਤੀ।

"ਅੱਛਾ ਬਾਬਾ, ਇਨਸ਼ਾ ਅੱਲਾ ਤਕਦੀਰ ਤੇਰਾ ਸਾਥ ਦੇਵੇ !"

"ਇਨਸ਼ਾ ਅੱਲਾ !" ਬੁੱਢੇ ਆਦਮੀ ਨੇ ਕਿਹਾ। ਉਸ ਨੇ ਚੱਪੂ ਦੇ ਰੱਸਿਆਂ ਦੀਆਂ ਗੰਢਾਂ ਨੂੰ ਕਿੱਲੀ ਦੇ ਕੁੰਡਿਆਂ ਵਿਚ ਫਸਾ ਦਿੱਤਾ ਅਤੇ ਚੱਪੂ ਦੇ ਫਲ ਤੇ ਅੱਗੇ ਝੁਕਦੇ ਹੋਏ ਉਹ 'ਨ੍ਹੇਰੇ ਵਿਚ ਬੰਦਰਗਾਹ ਤੋਂ ਬਾਹਰ ਜਾਣ ਲਈ ਚੱਪੂ ਮਾਰਨ ਲੱਗਾ। ਹੋਰਨਾਂ ਕੰਢਿਆਂ ਤੋਂ ਹੋਰ ਬੇੜੀਆਂ ਸਮੁੰਦਰ ਵਲ ਜਾ ਰਹੀਆਂ ਸਨ। ਬੁੱਢਾ ਆਦਮੀ ਉਨ੍ਹਾਂ ਦੇ ਚੱਪੂਆਂ ਦੇ ਠਿੱਲਣ ਅਤੇ ਧੱਕਣ ਦੀ ਆਵਾਜ਼ ਸੁਣ ਸਕਦਾ ਸੀ ਭਾਵੇਂ ਕਿ ਉਨ੍ਹਾਂ ਨੂੰ ਦੇਖ ਨਹੀਂ ਸੀ ਸਕਦਾ ਕਿਉਂਕਿ ਚੰਦਰਮਾ ਪਹਾੜੀਆਂ ਤੋਂ ਥੱਲੇ ਲਹਿ ਚੁੱਕਾ ਸੀ।

ਕਦੇ-ਕਦੇ ਕਿਸੇ ਕਿਸ਼ਤੀ 'ਚੋਂ ਕੋਈ ਬੋਲ ਪੈਂਦਾ। ਪਰ ਵਧੇਰੇ ਕਿਸ਼ਤੀਆਂ ਚੱਪੂਆਂ ਦੇ ਠਿੱਲਣ ਦੀ ਆਵਾਜ਼ ਤੋਂ ਸਿਵਾਏ ਖ਼ਾਮੋਸ਼ ਸਨ। ਬੰਦਰਗਾਹ ਦੇ ਮੁਹਾਣੇ ਤੋਂ ਪਾਰ ਜਾ ਕੇ ਉਹ ਫ਼ੈਲ ਗਈਆਂ ਅਤੇ ਹਰ ਇਕ ਮਹਾਸਾਗਰ ਦੇ ਉਸ ਪਾਸੇ ਚੱਲ ਪਈ ਜਿਥੇ ਉਸਨੂੰ ਮੱਛੀਆਂ ਮਿਲਣ ਦੀ ਆਸ ਸੀ। ਬੁੱਢੇ ਆਦਮੀ ਨੂੰ ਪਤਾ ਸੀ ਕਿ ਉਹ ਬਹੁਤ ਦੂਰ ਜਾ ਰਿਹਾ ਸੀ। ਉਸ ਨੇ ਆਪਣੇ ਮਗਰ ਜ਼ਮੀਨ ਦੀ ਗੰਧ ਮਹਿਸੂਸ ਕੀਤੀ ਅਤੇ ਸਾਗਰ ਦੀ ਪ੍ਰਭਾਤ ਵੇਲੇ ਦੀ ਸਾਫ਼ ਸੁਗੰਧ 'ਚ ਚੱਪੂ ਮਾਰਨ ਲੱਗ ਪਿਆ। ਉਸ ਨੇ ਪਾਣੀ ਵਿਚ ਖਾੜੀ ਦੇ ਨਦੀਨ ਦਰਮਿਆਨ ਉੱਠਦੀ ਮੱਧਮ ਲੋਅ ਦੇਖੀ ਜਦ ਉਹ ਸਾਗਰ ਵਿਚ ਚੱਪੂ ਮਾਰ ਰਿਹਾ ਸੀ ਜਿਸ ਨੂੰ ਮਛੇਰੇ ਵੱਡਾ ਖੂਹ ਕਹਿੰਦੇ ਸਨ। ਇਹ ਥਾਂ 700 ਫੈਥਮ (ਲਗਪਗ 4200 ਫੁੱਟ) ਡੂੰਘੀ ਸੀ ਜਿਥੇ ਹਰ ਕਿਸਮ ਦੀਆਂ ਮੱਛੀਆਂ ਇਕੱਠੀਆਂ ਹੁੰਦੀਆਂ ਸਨ ਕਿਉਂਕਿ ਲਹਿਰ ਦੁਆਰਾ ਬਣਾਈ ਘੁੰਮਣਘੇਰੀ ਮਹਾਸਾਗਰ ਦੇ ਫ਼ਰਸ਼ ਦੀਆਂ ਸਿੱਧੀਆਂ ਦੀਵਾਰਾਂ ਦੇ ਵਿਚ ਵੱਜਦੀ ਸੀ।

ਇੱਥੇ ਅਤਿਅੰਤ ਗਹਿਰੀਆਂ ਕੰਦਰਾਂ ਵਿਚ ਝੀਂਗਾ ਮੱਛੀ, ਚੋਗੇ ਲਈ ਵਰਤੀ ਜਾਣ ਵਾਲੀ ਮੱਛੀ ਅਤੇ ਕਈ ਵਾਰ ਸਕਵਿਡ ਜਾਤੀ ਦੀਆਂ ਮੱਛੀਆਂ ਦੇ ਝੁੰਡ ਮਿਲਦੇ ਸਨ। ਇਹ ਰਾਤ ਵੇਲੇ ਪਾਣੀ ਦੀ ਸਤ੍ਹਾ ਦੇ ਨੇੜੇ ਆ ਜਾਂਦੀਆਂ ਜਿਥੇ ਕਿ ਆਸੇ-ਪਾਸੇ ਘੁੰਮ ਰਹੀਆਂ ਮੱਛੀਆਂ ਇਹਨਾਂ ਨੂੰ ਭੋਜਨ ਬਣਾਉਂਦੀਆਂ।

ਹਨੇਰੇ ਵਿਚ ਬੁੱਢਾ ਆਦਮੀ ਸਵੇਰ ਦੀ ਰੋਸ਼ਨੀ ਉਭਰਦੀ ਮਹਿਸੂਸ ਕਰ ਸਕਦਾ ਸੀ। ਜਿਵੇਂ ਹੀ ਉਸਨੇ ਚੱਪੂ ਮਾਰੇ, ਉਸ ਨੇ ਕੰਬਣ ਦੀ ਆਵਾਜ਼ ਸੁਣੀ ਕਿਉਂਕਿ ਉੱਡਣਾ-ਮੱਛੀ ਨੇ ਪਾਣੀ ਤੋਂ ਉਡਾਰੀ ਮਾਰੀ ਅਤੇ ਇੰਝ ਹਨੇਰੇ 'ਚ ਪਾਣੀ ਤੋਂ ਉੱਠਣ ਲੱਗਿਆਂ ਉਸ ਦੇ ਆਕੜੇ ਹੋਏ ਖੰਭਾਂ ਨੇ ਆਵਾਜ਼ ਕੀਤੀ। ਉਹ ਉੱਡਣ ਵਾਲੀਆਂ ਮੱਛੀਆਂ ਦਾ ਬਹੁਤ ਸ਼ੌਕੀਨ ਸੀ ਕਿਉਂਕਿ ਸਮੁੰਦਰ ਵਿਚ ਇਹੀ ਉਸਦੀਆਂ ਮੁੱਖ ਮਿੱਤਰ ਸਨ। ਉਸਨੂੰ ਪੰਛੀਆਂ 'ਤੇ ਬੜਾ ਅਫਸੋਸ ਹੁੰਦਾ ਸੀ ਵਿਸ਼ੇਸ਼ ਕਰ ਉਨ੍ਹਾਂ ਨਾਜ਼ੁਕ ਕਾਲੀਆਂ ਟਟੀਹਰੀਆਂ ਲਈ ਜੋ ਹਮੇਸ਼ਾ ਉੱਡਦੀਆਂ ਤਾਂ ਦਿਖਾਈ ਦਿੰਦੀਆਂ ਹਨ ਪਰ ਕਦੇ ਨਾ ਲੱਭਦੀਆਂ ਅਤੇ ਉਹ ਸੋਚਦਾ

ਪੰਛੀਆਂ ਦੀ ਜ਼ਿੰਦਗੀ ਸਾਡੇ ਨਾਲੋਂ ਕਿਤੇ ਔਖੀ ਹੈ ਸਿਵਾਇ ਧਾੜਵੀ ਪੰਛੀਆਂ ਅਤੇ ਕੁਝ ਮੋਟੇ ਤਾਜ਼ਿਆਂ ਨੂੰ ਛੱਡ ਕੇ। ਪੰਛੀਆਂ ਨੂੰ ਕੋਮਲ ਤੇ ਸੁਹਣੇ ਕਿਉਂ ਬਣਾਇਆ ਜਾਂਦਾ ਹੈ ਜਿਵੇਂ ਸਮੁੰਦਰੀ ਚਿੜੀਆਂ ਹਨ ਜਦਕਿ ਸਮੁੰਦਰ ਇੰਨਾ ਜ਼ਾਲਮ ਹੈ। ਉਹ ਉੱਡਦੀ ਮੱਛੀ ਬਹੁਤ ਦਿਆਲੂ ਅਤੇ ਸੁਹਣੀ ਸੀ। ਪਰ ਇਹ ਇੰਨੀ ਹੀ ਜ਼ਾਲਮ ਹੋ ਸਕਦੀ ਹੈ ਅਤੇ ਅਚਨਚੇਤੀ ਹੱਲਾ ਬੋਲਦੀ ਹੈ ਅਤੇ ਅਜਿਹੇ ਪੰਛੀ ਉੱਡਦੇ ਡੁਬਕੀ ਲਾਉਂਦੇ ਅਤੇ ਸ਼ਿਕਾਰ ਕਰਦੇ ਰਹਿੰਦੇ ਹਨ। ਆਪਣੀ ਛੋਟੀਆਂ ਉਦਾਸੀ ਭਰੀਆਂ ਆਵਾਜ਼ਾਂ ਨਾਲ ਜੋ ਸਮੁੰਦਰ ਲਈ ਬਹੁਤ ਨਾਜ਼ਕ ਹਨ।

ਉਹ ਹਮੇਸ਼ਾ ਸਮੁੰਦਰ ਨੂੰ ਮਹਿਬੂਬ ਵਜੋਂ ਚਿਤਵਦਾ ਉਵੇਂ ਹੀ ਜਿਵੇਂ ਉਹ ਲੋਕ ਜਿਹੜੇ ਇਹਨੂੰ ਪਿਆਰ ਕਰਦੇ ਹਨ ਤੇ ਸਪੇਨੀ ਭਾਸ਼ਾ ਵਿਚ ਇਕ ਨੂੰ ਲਾ ਮਾਰ ਕਹਿ ਕੇ ਬੁਲਾਉਂਦੇ। ਉਹ ਲੋਕ ਜਿਹੜੇ ਸਮੁੰਦਰ ਨੂੰ ਪਿਆਰ ਕਰਦੇ ਹਨ, ਇਹਦੇ ਬਾਰੇ ਭੈੜੀਆਂ ਗੱਲਾਂ ਵੀ ਕਰਦੇ ਹਨ ਪਰ ਇਹ ਹਮੇਸ਼ਾ ਹੀ ਏਦਾਂ ਕਹੀਆਂ ਜਾਂਦੀਆਂ ਹਨ ਜਿਵੇਂ ਇਹ ਇਕ ਔਰਤ ਹੋਵੇ। ਕੁਝ ਜਵਾਨ ਮਛੇਰੇ, ਜਿਹੜੇ ਡੋਰੀਆਂ ਸੁੱਟਣ ਲਈ ਪੀਪੇ ਵਰਤਦੇ ਸਨ ਅਤੇ ਜਿਨ੍ਹਾਂ ਨੇ ਸ਼ਾਰਕਾਂ ਦੇ ਮਿਹਦੇ ਵੇਚ ਕੇ ਕਮਾਏ ਧਨ ਨਾਲ ਮੋਟਰ ਬੋਟਾਂ ਖ਼ਰੀਦੀਆਂ ਸਨ, ਇਸਨੂੰ ਪ੍ਰੇਮੀ ਵੀ ਕਹਿੰਦੇ ਸਨ ਜਿਹੜਾ ਕਿ ਮਰਦਾਵਾਂ ਹੁੰਦਾ ਹੈ। ਉਹ ਇਸ ਨੂੰ ਪ੍ਰਤੀਯੋਗੀ, ਕੋਈ ਸਥਾਨ ਜਾਂ ਇਥੋਂ ਤਕ ਦੁਸ਼ਮਣ ਕਹਿ ਕੇ ਬੁਲਾਉਂਦੇ। ਪਰ ਬੁੱਢਾ ਆਦਮੀ ਸਦਾ ਉਸਨੂੰ ਔਰਤ ਸਮਝਦਾ ਸੀ ਜੋ ਵੱਡੀਆਂ ਮਿਹਰਾਂ ਦੇ ਸਕਦੀ ਹੈ ਜਾਂ ਵਾਪਸ ਲੈ ਸਕਦੀ ਹੈ ਅਤੇ ਜੇ ਇਹ ਜਾਂਗਲੀ ਜਾਂ ਕੋਝੇ ਕੰਮ ਕਰਦੀ ਹੈ ਤਾਂ ਅਜਿਹਾ ਤਾਂ ਹੁੰਦਾ ਹੈ ਕਿਉਂਕਿ ਇਹ ਉਨ੍ਹਾਂ ਨੂੰ ਕੀਤੇ ਬਿਨਾਂ ਨਹੀਂ ਰਹਿ ਸਕਦੀ। ਚੰਦਰਮਾ ਇਸਨੂੰ ਉਵੇਂ ਹੀ ਪ੍ਰਭਾਵਤ ਕਰਦਾ ਹੈ ਜਿਵੇਂ ਇਕ ਔਰਤ, ਉਸਨੇ ਸੋਚਿਆ।

ਉਹ ਅਡੋਲ ਚੱਪੂ ਮਾਰ ਰਿਹਾ ਸੀ ਅਤੇ ਆਪਣੀ ਰਫ਼ਤਾਰ ਦੇ ਅੰਦਰ-ਅੰਦਰ ਹੋਣ ਕਾਰਨ ਉਹਨੂੰ ਕੋਈ ਕੋਸ਼ਿਸ਼ ਨਹੀਂ ਕਰਨੀ ਪੈ ਰਹੀ ਸੀ। ਕਦੇ-ਕਦੇ ਜਲ ਪ੍ਰਵਾਹ ਦੀ ਘੁੰਮਣਘੇਰੀ ਨੂੰ ਛੱਡ ਕੇ ਸਮੁੰਦਰ ਦੀ ਸਤ੍ਹਾ ਚਪਟੀ ਸੀ। ਤੀਜਾ ਹਿੱਸਾ ਕੰਮ ਉਹ ਜਲ ਪ੍ਰਵਾਹ ਨੂੰ ਕਰਨ ਦੇ ਰਿਹਾ ਸੀ ਅਤੇ ਇਹ ਕਾਫ਼ੀ ਹਲਕਾ ਲੱਗ ਰਿਹਾ ਸੀ। ਉਹ ਪਹਿਲਾਂ ਹੀ ਕਾਫ਼ੀ ਅੱਗੇ ਜਾ ਚੁੱਕਾ ਸੀ ਜਿੰਨਾ ਕਿ ਇਸ ਘੰਟੇ ਵਿਚ ਉਸਨੂੰ ਹੋਣ ਦੀ ਆਸ ਹੈ।

ਉਸਨੇ ਸੋਚਿਆ ਮੈਂ ਇਕ ਹਫ਼ਤਾ ਗਹਿਰੇ ਖੂਹਾਂ 'ਚ ਭੌਂਦਾ ਰਿਹਾ ਅਤੇ ਕੁਝ ਨਾ ਕੀਤਾ। ਅੱਜ ਮੈਂ ਬੋਨਿਟਾ ਅਤੇ ਅਲਬਾਕੋਰ (ਮੱਛੀਆਂ ਦੀਆਂ ਕਿਸਮਾਂ) ਦੇ ਝੁੰਡਾਂ ਵਲ ਜਾਵਾਂਗਾ ਅਤੇ ਹੋ ਸਕਦਾ ਹੈ ਉਨ੍ਹਾਂ ਵਿਚ ਕੋਈ ਵੱਡੀ ਵੀ ਹੋਵੇ।

ਸਵੇਰ ਦਾ ਚਾਨਣ ਹੋਣ ਤੋਂ ਪਹਿਲਾਂ ਹੀ ਉਸ ਨੇ ਫੰਦੇ ਸੁੱਟ ਦਿੱਤੇ ਅਤੇ ਵੇਗ ਦੇ ਨਾਲ-ਨਾਲ ਵਹਿਣ ਲੱਗਾ।

ਇਕ ਫੰਦਾ ਚਾਲੀ ਫੈਥਮ ਦੀ ਡੂੰਘਾਈ 'ਤੇ ਸੀ। ਦੂਜਾ ਪਚੱਤਰ ਫੈਥਮ ਅਤੇ ਤੀਜਾ ਤੇ ਚੌਥਾ ਕ੍ਰਮਵਾਰ ਸੌ ਅਤੇ ਇਕ ਸੌ ਪੱਚੀ ਫੈਥਮ ਦੀ ਡੂੰਘਾਈ 'ਚ ਨੀਲੇ ਪਾਣੀਆਂ ਵਿਚ

ਸੀ। ਹਰੇਕ ਫੰਦਾ ਮੂਧੇ ਮੂੰਹ ਕੁੰਡੀ ਦੀ ਜੰਘ ਸਮੇਤ ਲਟਕ ਰਿਹਾ ਸੀ ਜਿਸ ਵਿਚ ਫੰਦੇ ਵਾਲੀ ਮੱਛੀ ਚੰਗੀ ਤਰ੍ਹਾਂ ਬੰਨ੍ਹੀ ਤੇ ਸਿਓਂਤੀ ਹੋਈ ਸੀ ਅਤੇ ਕੁੰਡੀ ਦੇ ਵਧਵੇਂ ਹਿੱਸੇ, ਮੋੜ ਅਤੇ ਅੰਤਲਾ ਸਿਰਾ ਤਾਜ਼ੀ ਸਾਰਡੀਨ ਨਾਲ ਢਕੇ ਹੋਏ ਸਨ। ਹਰੇਕ ਸਾਰਡੀਨ ਦੀਆਂ ਦੋਵਾਂ ਅੱਖਾਂ 'ਚ ਕੁੰਡੀ ਕੱਢੀ ਹੋਈ ਸੀ ਤਾਂ ਜੋ ਵਾਧਰੇ ਵਾਲੀ ਸ਼ਟੀਲ 'ਤੇ ਅੱਧਾ ਹਾਰ ਬਣਾ ਸਕੇ। ਕੁੰਡੀ ਦਾ ਕੋਈ ਹਿੱਸਾ ਅਜਿਹਾ ਨਹੀਂ ਸੀ ਜੋ ਕੋਈ ਵੱਡੀ ਮੱਛੀ ਅਜਿਹਾ ਮਹਿਸੂਸ ਕਰ ਸਕਦੀ ਜਿਹੜਾ ਮੱਛੀ ਸੁਗੰਧ ਅਤੇ ਚੰਗਾ ਸੁਆਦੀ ਨਾ ਹੋਵੇ।

ਮੁੰਡੇ ਨੇ ਉਸਨੂੰ ਦੋ ਤਾਜ਼ੀਆਂ ਟੂਨਾ ਜਾਂ ਅਲਬਾਕੋਰ ਦਿੱਤੀਆਂ ਸਨ ਜਿਹੜੀ ਸਭ ਤੋਂ ਡੂੰਘਾਈਆਂ ਡੋਰੀਆਂ ਨਾਲ, ਸਤਹ ਦੀਆਂ ਡੂੰਘਾਈ ਮਾਪਣ ਵਾਲੇ ਯੰਤਰਾਂ ਵਾਂਗ ਲਟਕੀਆਂ ਹੋਈਆਂ ਸਨ ਅਤੇ ਬਾਕੀ ਦੋਵਾਂ 'ਤੇ ਉਸ ਕੋਲ ਨੀਲੀ ਦੌੜਾਕ ਅਤੇ ਪੀਲੀ ਜੈਕ ਟੰਗੀ ਹੋਈ ਸੀ ਜੋ ਪਹਿਲੋਂ ਵੀ ਵਰਤੀਆਂ ਜਾ ਚੁੱਕੀਆਂ ਸਨ, ਪਰ ਉਹ ਅਜੇ ਚੰਗੀ ਹਾਲਤ ਵਿਚ ਸਨ ਅਤੇ ਉਨ੍ਹਾਂ ਨੂੰ ਸੁਗੰਧੀ ਅਤੇ ਆਕਰਸ਼ਨ ਦੇਣ ਲਈ ਖ਼ੂਬਸੂਰਤ ਸਾਰਡੀਨ ਨਾਲ ਲਗਾ ਦਿੱਤੀਆਂ ਸਨ। ਹਰੇਕ ਡੋਰੀ ਇਕ ਮੋਟੀ ਪੈਨਸਿਲ ਜਿੰਨੀ ਸੰਘਣੀ ਸੀ ਅਤੇ ਹਰੀ ਗੂੰਦ ਵਾਲੀ ਸੋਟੀ ਨਾਲ ਬੰਨ੍ਹੀ ਹੋਈ ਸੀ ਤਾਂ ਕਿ ਫੰਦੇ 'ਤੇ ਕਿਸੇ ਵੀ ਧੱਕ ਜਾਂ ਛੂਹ ਦੀ ਸੂਰਤ ਵਿਚ ਸੋਟੀ ਨੇ ਡੁਬਕੀ ਲਗਾਉਣੀ ਸੀ ਅਤੇ ਹਰੇਕ ਡੋਰੀ 'ਤੇ ਚਾਲੀ ਫੈਥਮ ਤਕ ਕੁੰਡਲ ਪਾਏ ਹੋਏ ਸਨ ਜੋ ਬਾਕੀ ਕਾਲੀ ਕੁੰਡਲਾਂ ਨਾਲ ਬੰਨ੍ਹੇ ਜਾ ਸਕਦੇ ਸਨ ਤਾਂ ਕਿ ਲੋੜ ਪੈਣ 'ਤੇ ਇਕ ਮੱਛੀ ਡੋਰੀ ਤੇ 300 ਫੈਥਮ ਤਕ ਜਾ ਸਕੇ।

ਹੁਣ ਬੁੱਢਾ ਆਦਮੀ ਬੇੜੀ ਦੇ ਪਾਸੇ ਤਿੰਨ ਸੋਟੀਆਂ ਦੀ ਡੁਬਕੀ ਦੇਖ ਰਿਹਾ ਸੀ ਅਤੇ ਡੋਰੀਆਂ ਨੂੰ ਸਿੱਧੇ, ਥੱਲੇ ਅਤੇ ਸਹੀ ਡੂੰਘਾਈ 'ਤੇ ਰੱਖਣ ਲਈ ਹੌਲੀ-ਹੌਲੀ ਚੱਪੂ ਮਾਰ ਰਿਹਾ ਸੀ। ਕਾਫੀ ਰੋਸ਼ਨੀ ਹੋ ਚੁੱਕੀ ਸੀ ਅਤੇ ਕਿਸੇ ਵੀ ਪਲ ਸੂਰਜ ਚੜ੍ਹ ਸਕਦਾ ਸੀ।

ਹੌਲੀ-ਹੌਲੀ ਸੂਰਜ ਸਮੁੰਦਰ ਤੋਂ ਉੱਠਿਆ ਅਤੇ ਬੁੱਢਾ ਆਦਮੀ ਹੋਰ ਬੇੜੀਆਂ ਨੂੰ ਵੀ ਪਾਣੀ ਦੇ ਨਾਲ ਨਾਲ ਤੇ ਕੰਢੇ ਜਲ-ਪ੍ਰਵਾਹ ਦੇ ਨਾਲ ਫੈਲੀਆਂ ਹੋਈਆਂ ਕੋਲ ਦੇਖ ਸਕਦਾ ਸੀ। ਤਦ ਸੂਰਜ ਵਧੇਰੇ ਚਮਕਣ ਲੱਗਾ ਅਤੇ ਇਸ ਦੀ ਰੋਸ਼ਨੀ ਪਾਣੀ 'ਤੇ ਪੈਣ ਲੱਗੀ ਅਤੇ ਤਦ ਜਿਵੇਂ ਹੀ ਸੂਰਜ ਪੂਰੀ ਤਰ੍ਹਾਂ ਚੜ੍ਹ ਗਿਆ ਤਾਂ ਚਪਟੇ ਸਮੁੰਦਰੋਂ ਸਿੱਧਾ ਇਸਨੂੰ ਉਹਦੀਆਂ ਅੱਖਾਂ 'ਚ ਪ੍ਰਤੀਬਿੰਬਤ ਕਰਨ ਲੱਗਾ। ਇਹ ਚੁਭਣ ਲੱਗਾ ਅਤੇ ਉਹ ਬਿਨਾਂ ਇਸ ਵੱਲ ਦੇਖੇ ਚੱਪੂ ਮਾਰਨ ਲੱਗਾ। ਤਿੱਖੀ ਤਰ੍ਹਾਂ ਉਸ ਨੇ ਪਾਣੀ ਵਲ ਹੇਠਾਂ ਨਜ਼ਰ ਮਾਰੀ ਅਤੇ ਸਿੱਧੇ ਸਾਗਰ ਦੇ ਅੰਦਰਲੇ ਹਨੇਰੇ ਵਿਚ ਧੁਰ ਥੱਲੇ ਤਕ ਜਾ ਰਹੀਆਂ ਡੋਰੀਆਂ ਨੂੰ ਦੇਖਿਆ। ਉਹ ਇਨ੍ਹਾਂ ਨੂੰ ਦੂਜਿਆਂ ਨਾਲੋਂ ਵਧ ਸਿੱਧਾ ਰੱਖਦਾ ਸੀ ਤਾਂ ਕਿ ਧਾਰਾ ਦੇ ਹਨੇਰੇ ਵਿਚ ਹਰੇਕ ਪੱਧਰ 'ਤੇ ਇਕ ਫੰਦਾ ਬਿਲਕੁਲ ਉਸ ਜਗ੍ਹਾ 'ਤੇ ਉਡੀਕ ਕਰ ਰਿਹਾ ਹੋਵੇ ਜਿਥੇ ਉਸ ਨੇ ਤੈਰਦੀ ਹੋਈ ਕੋਈ ਮੱਛੀ ਦੀ ਆਸ ਹੋ ਸਕਦੀ ਸੀ। ਹੋਰ ਮਛੇਰੇ ਡੋਰੀਆਂ ਨੂੰ ਪ੍ਰਵਾਹ ਦੇ ਨਾਲ ਵਹਿਣ ਦਿੰਦੇ ਅਤੇ ਕਦੇ ਕਦੇ ਸੱਠ ਫੈਥਮ 'ਤੇ ਹੁੰਦੀਆਂ ਜਦਕਿ ਮਛੇਰੇ ਸੋਚਦੇ ਕਿ ਸੌ ਫੈਥਮ 'ਤੇ ਹਨ।

ਪਰ, ਉਸਨੇ ਸੋਚਿਆ, ਮੈਂ ਇਹਨਾਂ ਨੂੰ ਠੀਕ ਥਾਂ 'ਤੇ ਰੱਖਦਾ ਹਾਂ। ਸਿਰਫ਼ ਤਕਦੀਰ ਹੀ ਹੁਣ ਸਾਥ ਨਹੀਂ ਦਿੰਦੀ। ਪਰ ਕੌਣ ਜਾਣਦਾ ਏ ? ਸ਼ਾਇਦ ਅੱਜ ਹੀ। ਹਰੇਕ ਦਿਨ ਇਕ ਨਵਾਂ ਦਿਹਾੜਾ ਹੁੰਦਾ ਹੈ। ਭਾਗਾਂ ਭਰੇ ਹੋਣਾ ਚੰਗੀ ਗੱਲ ਹੈ ਪਰ ਮੈਂ ਤਾਂ ਹਰ ਕੰਮ ਠੀਕ ਢੰਗ ਨਾਲ, ਠੀਕ ਸਮੇਂ ਤੇ ਠੀਕ ਥਾਂ 'ਤੇ ਕਰਦਾ ਹਾਂ ਤਾਂ ਕਿ ਜਦੋਂ ਤਕਦੀਰ ਦਸਤਕ ਦੇਵੇ ਤਾਂ ਤੁਸੀਂ ਸਦਾ ਤਿਆਰ ਮਿਲੋ।

ਸੂਰਜ ਚੜ੍ਹੇ ਨੂੰ ਦੋ ਘੰਟੇ ਹੋ ਗਏ ਸਨ ਅਤੇ ਪੂਰਬ ਵਲ ਦੇਖਿਆਂ ਇਹ ਉਸ ਦੀਆਂ ਅੱਖਾਂ ਨੂੰ ਇੰਨਾ ਨਹੀਂ ਚੁਭਦਾ ਸੀ। ਹੁਣ ਸਿਰਫ਼ ਤਿੰਨ ਬੇੜੀਆਂ ਹੀ ਦਿਖਾਈ ਦੇ ਰਹੀਆਂ ਸਨ ਅਤੇ ਉਹ ਵੀ ਕਾਫ਼ੀ ਦੂਰ ਅਤੇ ਕੰਢੇ ਦੇ ਇਰਦ-ਗਿਰਦ ਹੀ ਨਜ਼ਰ ਆਉਂਦੀਆਂ ਸਨ।

ਉਸ ਨੇ ਸੋਚਿਆ ਸਾਰੀ ਜ਼ਿੰਦਗੀ ਸਵੇਰ ਦਾ ਸੂਰਜ ਮੇਰੀਆਂ ਅੱਖਾਂ ਨੂੰ ਚੁਭਦਾ ਰਿਹਾ ਹੈ ਫਿਰ ਵੀ ਇਹ ਭਲੀਆਂ ਚੰਗੀਆਂ ਹਨ।

ਸੰਧਿਆ ਵੇਲੇ ਮੈਂ ਬਿਨਾਂ ਹਨੇਰਾ ਮਹਿਸੂਸ ਕੀਤੇ ਇਹਦੇ ਵਲ ਸਿੱਧਾ ਦੇਖ ਸਕਦਾ ਹਾਂ। ਸੰਧਿਆ ਵੇਲੇ ਇਹਦੇ ਵਿਚ ਵਧ ਤਾਕਤ ਹੁੰਦੀ ਹੈ। ਪਰ ਸਵੇਰ ਵੇਲੇ ਇਹ ਪੀੜਾਦਾਇਕ ਹੁੰਦਾ ਹੈ।

ਉਸ ਵੇਲੇ, ਉਸ ਨੇ ਇਕ ਗਿਰਝ ਆਪਣੇ ਲੰਬੇ ਕਾਲੇ ਪਰਾਂ ਫੜਫੜਾਉਂਦੀ ਉੱਪਰੋਂ ਲੰਘਦੀ ਦੇਖੀ। ਉਸ ਨੇ ਇਕਦਮ ਨੀਵੀਂ ਉਡਾਨ ਭਰੀ ਅਤੇ ਆਪਣੇ ਪਰਾਂ ਦੇ ਪਿਛਾਂਹ ਵੇਗ ਵਿਚ ਤਿਰਛੀ ਮੋੜ 'ਚ ਲਿਜਾਂਦੀ ਨੇ ਫਿਰ ਮੋੜ ਕੱਟਿਆ।

''ਇਸ ਨੂੰ ਕੁਝ-ਨਾ-ਕੁਝ ਮਿਲ ਗਿਆ ਏ।'', ਬੁੱਢੇ ਆਦਮੀ ਨੇ ਉੱਚੀ ਆਵਾਜ਼ 'ਚ ਕਿਹਾ– ''ਇਹ ਸਿਰਫ਼ ਦੇਖ ਹੀ ਨਹੀਂ ਸੀ ਰਹੀ।''

ਉਹ ਹੌਲੀ-ਹੌਲੀ ਅਤੇ ਇਕਸਾਰ ਉਸ ਦਿਸ਼ਾ ਵਲ ਚੱਪੂ ਮਾਰਨ ਲੱਗਾ ਜਿਥੇ ਪੰਛੀ ਚੱਕਰ ਕੱਟ ਰਿਹਾ ਸੀ। ਉਸ ਨੇ ਕਾਹਲ ਨਾ ਕੀਤੀ ਅਤੇ ਕੁੰਡੀਆਂ ਉੱਪਰ ਥੱਲੇ ਸਿੱਧੀਆਂ ਰੱਖੀਆਂ। ਪਰ ਉਸ ਨੇ ਪ੍ਰਵਾਹ ਨੂੰ ਥੋੜ੍ਹਾ ਜਿਹਾ ਰੋੜ੍ਹ ਦਿੱਤਾ ਅਤੇ ਭਾਵੇਂ ਉਹ ਅਜੇ ਵੀ ਅਡੋਲ ਅੱਗੇ ਵਧ ਰਿਹਾ ਸੀ। ਸ਼ਾਇਦ ਉਸ ਨਾਲੋਂ ਥੋੜ੍ਹਾ ਤੇਜ਼ ਹੀ ਵਧ ਰਿਹਾ ਸੀ ਜਿੰਨਾ ਉਸ ਨੇ ਚੱਲਣਾ ਸੀ ਕਿਉਂਕਿ ਉਹ ਪੰਛੀ ਦਾ ਲਾਭ ਲੈ ਰਿਹਾ ਸੀ।

ਪੰਛੀ ਹਵਾ ਵਿਚ ਹੋਰ ਉਚੇਰਾ ਗਿਆ ਅਤੇ ਚੱਕਰ ਕੱਢਣ ਲੱਗਾ, ਉਸ ਦੇ ਡੈਨੇ ਅਹਿਲ ਸਨ। ਤਦ ਉਸ ਨੇ ਅਚਾਨਕ ਝਪਟ ਮਾਰੀ ਅਤੇ ਬੁੱਢੇ ਆਦਮੀ ਨੇ ਉੱਡਣੀ ਮੱਛੀ ਪਾਣੀ 'ਚੋਂ ਕੁੱਦਦੀ ਹੋਈ ਦੇਖੀ ਜੋ ਸੜ੍ਹਾ ਉੱਪਰ ਬੇਚੈਨੀ ਨਾਲ ਤੈਰ ਰਹੀ ਸੀ।

''ਡਾਲਫਿਨ।'' ਬੁੱਢਾ ਆਦਮੀ ਉੱਚੀ ਆਵਾਜ਼ 'ਚ ਬੋਲਿਆ ''ਵੱਡੀ ਡਾਲਫਿਨ।''

ਉਸ ਨੇ ਚੱਪੂ ਮਾਰਨੇ ਬੰਦ ਕੀਤੇ ਅਤੇ ਬੇੜੀ ਦੇ ਮੱਥੇ ਵਿਚੋਂ ਇਕ ਛੋਟੀ ਡੋਰੀ ਕੱਢੀ। ਇਸ ਨਾਲ ਇਕ ਤਾਰ ਅਤੇ ਦਰਮਿਆਨੇ ਆਕਾਰ ਦੀ ਕੁੰਡੀ ਲੱਗੀ ਹੋਈ ਸੀ। ਉਸ ਨੇ

ਇਕ ਸਾਰਡੀਨ ਇਸ 'ਤੇ ਲਗਾ ਦਿੱਤੀ। ਤਦ ਉਸ ਨੇ ਇਹਨੂੰ ਬੇੜੀ ਦੇ ਪਾਸੇ ਤੋਂ ਬਾਹਰ ਜਾਣ ਦਿੱਤਾ ਅਤੇ ਇਸ ਨੂੰ ਪਿਛਵਾੜੇ ਲੱਗੇ ਇਕ ਮੋੜਦਾਰ ਕੁੰਡੇ ਨਾਲ ਬੰਨ੍ਹ ਦਿੱਤਾ। ਤਦ ਉਸ ਨੇ ਇਕ ਹੋਰ ਡੋਰੀ 'ਤੇ ਫੰਧਾ ਲਾਇਆ ਅਤੇ ਇਸਨੂੰ ਬੇੜੀ ਦੇ ਮੱਥੇ ਦੇ ਉਹਲੇ ਲਟਕਾ ਦਿੱਤਾ। ਉਹ ਫਿਰ ਚੱਪੂ ਮਾਰਨ ਲੱਗਾ ਅਤੇ ਪਾਣੀ ਦੇ ਬਿਲਕੁਲ ਨਾਲ ਲੰਬੇ ਕਾਲੇ ਖੰਭਾਂ ਵਾਲੇ ਪੰਛੀਆਂ ਨੂੰ ਦੇਖਣ ਲੱਗਾ।

ਜਿਵੇਂ ਹੀ ਉਸ ਨੇ ਨਜ਼ਰ ਮਾਰੀ, ਪੰਛੀ ਨੇ ਆਪਣੇ ਖੰਭ ਟੇਢੇ ਕਰਦੇ ਹੋਏ ਫਿਰ ਡੁਬਕੀ ਮਾਰੀ ਅਤੇ ਉੱਡਣੀ ਮੱਛੀ ਦਾ ਪਿੱਛਾ ਕਰਦੇ ਹੋਏ ਜਾਂਗਲੀਆਂ ਵਾਂਗ ਖੰਭ ਫੜਫੜਾ ਕੇ ਬਾਹਰ ਨਿਕਲ ਆਇਆ। ਬੁੱਢਾ ਆਦਮੀ ਪਾਣੀ 'ਚ ਪੈਦਾ ਹੋਏ ਮਾਮੂਲੀ ਉਭਾਰ ਨੂੰ ਦੇਖ ਸਕਦਾ ਸੀ ਜਿਹੜੀ ਵੱਡੀ ਡਾਲਫਿਨਾਂ ਨੇ ਉਦੋਂ ਪੈਦਾ ਕੀਤਾ ਸੀ ਜਦੋਂ ਉਹ ਬਚ ਰਹੀਆਂ ਮੱਛੀਆਂ ਦਾ ਪਿੱਛਾ ਕਰ ਰਹੀਆਂ ਸਨ। ਮੱਛੀ ਦੀ ਉਡਾਣ ਤੋਂ ਪਹਿਲਾਂ ਉਹ ਪਾਣੀ ਨੂੰ ਤੇਜ਼ੀ ਨਾਲ ਕੱਟ ਰਹੀ ਸੀ ਅਤੇ ਜਦ ਮੱਛੀ ਰੁਕੀ ਤਾਂ ਇਹ ਵੀ ਪੂਰੀ ਰਫ਼ਤਾਰ ਨਾਲ ਦੌੜਦੀ ਪਾਣੀ 'ਚ ਪਰਤ ਆਈ। ਉਸ ਨੇ ਸੋਚਿਆ ਇਥੇ ਡਾਲਫਿਨ ਦਾ ਵੱਡਾ ਝੁੰਡ ਹੈ। ਇਹ ਦੂਰ-ਦੂਰ ਫੈਲੀਆਂ ਹੋਣਗੀਆਂ ਅਤੇ ਉੱਡਣਾ ਮੱਛੀ ਨੂੰ ਕੋਈ ਮੌਕਾ ਨਹੀਂ ਮਿਲਣਾ। ਪੰਛੀ ਨੂੰ ਵੀ ਮੌਕਾ ਨਹੀਂ ਮਿਲਣਾ। ਉੱਡਣਾ ਮੱਛੀਆਂ ਉਸ ਲਈ ਬਹੁਤ ਵੱਡੀਆਂ ਸਨ ਅਤੇ ਬਹੁਤ ਤੇਜ਼ ਚਲਦੀਆਂ ਸਨ।

ਉਸ ਨੇ ਉੱਡਣਾ ਮੱਛੀਆਂ ਨੂੰ ਵਾਰ-ਵਾਰ ਬਾਹਰ ਨਿਕਲਦੇ ਅਤੇ ਪੰਛੀ ਦੀਆਂ ਅਸਫਲ ਹਰਕਤਾਂ ਨੂੰ ਦੇਖਿਆ। ਇਹ ਝੁੰਡ ਮੇਰੇ ਕੋਲੋਂ ਦੂਰ ਚਲਾ ਗਿਆ ਹੈ—ਉਸ ਨੇ ਸੋਚਿਆ। ਉਹ ਬਹੁਤ ਤੇਜ਼ੀ ਨਾਲ ਅਤੇ ਬਹੁਤ ਦੂਰ ਜਾ ਰਹੀਆਂ ਸਨ। ਪਰ ਸ਼ਾਇਦ ਮੈਂ ਕਿਸੇ ਭਟਕ ਰਹੀ ਨੂੰ ਫੜ ਸਕਾਂ ਅਤੇ ਮੇਰੀ ਵੱਡੀ ਮੱਛੀ ਸ਼ਾਇਦ ਇਧਰ ਉਧਰ ਹੀ ਹੋਵੇ। ਮੇਰੀ ਵੱਡੀ ਮੱਛੀ ਜ਼ਰੂਰ ਹੀ ਇਥੇ ਕਿਤੇ ਹੋਵੇਗੀ।

ਜ਼ਮੀਨ ਉੱਪਰ ਬੱਦਲ ਪਹਾੜਾਂ ਵਾਂਗ ਚੜ੍ਹ ਆਏ ਸਨ ਅਤੇ ਸਿਰਫ਼ ਲੰਬੀ ਹਰੀ ਰੇਖਾ ਲੱਗਦਾ ਸੀ ਜਿਸ ਪਿੱਛੇ ਨੀਲੀਆਂ ਫਿਰੋਜ਼ੀ ਰੰਗ ਦੀਆਂ ਪਹਾੜੀਆਂ ਸਨ। ਪਾਣੀ ਹੁਣ ਗਹਿਰਾ ਨੀਲਾ ਸੀ ਇੰਨਾ ਗੂੜ੍ਹਾ ਕਿ ਇਹ ਲਗਪਗ ਬੈਂਗਣੀ ਰੰਗਾ ਲੱਗਦਾ ਸੀ। ਜਦ ਉਸ ਨੇ ਹੇਠਾਂ ਪਾਣੀ ਵਿਚ ਦੇਖਿਆ ਤਾਂ ਗਹਿਰੇ ਪਾਣੀ ਵਿਚ ਜਲ-ਜੀਵਾਂ ਦੀ ਲਾਲ ਭਾਅ ਅੱਡਰੀ ਨਜ਼ਰ ਆਈ ਅਤੇ ਅਜਬ ਰੋਸ਼ਨੀ ਜੋ ਸੂਰਜ ਬਣਾ ਰਿਹਾ ਸੀ।

ਉਸ ਨੇ ਆਪਣੀਆਂ ਡੋਰੀਆਂ ਨੂੰ ਪਾਣੀ ਵਿਚ ਸਿੱਧੇ ਜਾਂਦੀਆਂ ਤੇ ਅਦ੍ਰਿਸ਼ ਹੁੰਦਿਆਂ ਤੱਕਿਆ। ਉਹਨੂੰ ਬਹੁਤ ਸਾਰੇ ਜਲ-ਜੀਵ ਦੇਖ ਕੇ ਖ਼ੁਸ਼ੀ ਹੋਈ ਕਿਉਂਕਿ ਇਸਦਾ ਮਤਲਬ ਸੀ ਮੱਛੀਆਂ ਦੀ ਹੋਂਦ। ਪਾਣੀ ਵਿਚ ਸੂਰਜ, ਜੋ ਅਜਬ ਰੋਸ਼ਨੀ ਬਣਾ ਰਿਹਾ ਸੀ, ਚੰਗੇ ਮੌਸਮ ਦੀ ਨਿਸ਼ਾਨੀ ਸੀ। ਸੂਰਜ ਕਾਫ਼ੀ ਉੱਪਰ ਚੜ੍ਹ ਆਇਆ ਸੀ ਅਤੇ ਜ਼ਮੀਨ 'ਤੇ ਬੱਦਲਾਂ ਦਾ ਆਕਾਰ ਵੀ। ਪਰ ਹੁਣ ਪੰਛੀ ਇਕਦਮ ਲੁਪਤ ਹੋ ਗਿਆ ਸੀ। ਹੁਣ ਪਾਣੀ ਦੀ ਸਤ੍ਹਾ 'ਤੇ ਕੁਝ ਨਹੀਂ ਸੀ ਦਿਸਦਾ ਸਿਵਾਏ ਪੀਲੀ ਝੁਲਸੀ ਸਰਗੈਸੋ ਨਦੀਨ ਦੀਆਂ ਕੁਝ ਧਾਰੀਆਂ ਅਤੇ

ਕਿਸ਼ਤੀ ਕੋਲ ਤੈਰ ਰਹੇ ਪੁਰਤਗੇਜ਼ੀ ਗਿਰਝ ਦਾ ਬਾਹਰੀ, ਝਿਲਮਲਾਉਂਦਾ ਤੇ ਸੁਰੇਸ਼ਿਆਂ ਖੋਲ।

ਇਸ ਨੇ ਪਾਸਾ ਮੋੜਿਆ ਅਤੇ ਆਪਣੇ ਆਪ ਨੂੰ ਸਿੱਧਾ ਕੀਤਾ। ਇਹ ਇਕ ਬੁਲਬੁਲੇ ਵਾਂਗ ਖ਼ੁਸ਼ੀਪੂਰਵਕ ਤੈਰ ਰਿਹਾ ਸੀ ਜਿਸ ਦੇ ਪਿੱਛੇ ਘਾਤਕ ਬੈਂਗਣੀ ਰੇਸ਼ੇ ਗਜ਼ ਕੁ ਪਿੱਛੇ ਆ ਰਹੇ ਸਨ। "ਜ਼ਹਿਰੀਏ !" ਬੁੱਢੇ ਨੇ ਕਿਹਾ, "ਕੰਜਰੀ ਏ ਤੂੰ ?"

ਇਥੋਂ ਉਹ ਆਪਣੇ ਚੱਪੂਆਂ ਦੇ ਸਹਾਰੇ ਪੋਲਾ ਜਿਹਾ ਉਲਰਿਆ ਹੋਇਆ ਸੀ। ਉਸ ਨੇ ਪਾਣੀ ਵਿਚ ਦੇਖਿਆ ਅਤੇ ਪਿੱਛੇ ਆ ਰਹੇ ਰੇਸ਼ੇ ਵਰਗੇ ਰੰਗ ਦੀਆਂ ਛੋਟੀਆਂ-ਛੋਟੀਆਂ ਮੱਛੀਆਂ ਦੀਆਂ ਪੀਂਘਾਂ ਜਿਹੜੀਆਂ ਰੇਸ਼ੇ ਅਤੇ ਹਿਲ ਰਹੇ ਬੁਲਬੁਲੇ ਦੇ ਪਰਛਾਵੇਂ ਵਿਚਕਾਰ ਹੋ ਰਹੀਆਂ ਸਨ। ਉਨ੍ਹਾਂ 'ਤੇ ਜ਼ਹਿਰ ਦਾ ਕੋਈ ਅਸਰ ਨਹੀਂ ਹੁੰਦਾ। ਪਰ ਆਦਮੀ ਇਹਦੇ ਅਸਰ 'ਚ ਆ ਜਾਂਦੇ ਸਨ ਅਤੇ ਜਦ ਕੁਝ ਰੇਸ਼ੇ ਡੋਰੀ 'ਤੇ ਲੱਗੇ ਤਾਂ ਉਸ ਪਤਲੇ ਅਤੇ ਬੈਂਗਣੀ ਬਣ ਕੇ ਚਿੰਬੜ ਜਾਣਗੇ ਜਦ ਬੁੱਢਾ ਕੋਈ ਮੱਛੀ ਫਸਾਏਗਾ। ਇਸ ਨਾਲ ਉਸਦੇ ਹੱਥਾਂ ਅਤੇ ਬਾਹਵਾਂ 'ਤੇ ਜ਼ਖ਼ਮ ਅਤੇ ਲਾਸਾਂ ਪੈ ਜਾਣਗੀਆਂ ਜਿਹੜੀਆਂ ਜ਼ਹਿਰੀਲੀ ਵੇਲ੍ਹ ਜਾਂ ਜ਼ਹਿਰੀਲੇ ਬਲੂਤ ਤੋਂ ਹੋ ਸਕਦੀਆਂ ਹਨ। ਪਰ ਐਗੁਆ ਮਾਲਾ ਦੇ ਜ਼ਹਿਰੀਲੇ ੦ਣ ਬਹੁਤ ਛੇਤੀ ਅਸਰ ਕਰਦੇ ਹਨ ਤੇ ਛਾਂਟੇ ਵਾਂਗ ਚੁਭਦੇ ਹਨ।

ਝਿਲਮਿਲਾਉਂਦੇ ਬੁਲਬੁਲੇ ਸੁੰਦਰ ਸਨ। ਪਰ ਇਹ ਸਮੁੰਦਰ ਵਿਚ ਸਭ ਤੋਂ ਭੈੜੇ ਸਨ ਅਤੇ ਬੁੱਢਾ ਆਦਮੀ ਸਮੁੰਦਰੀ ਕੱਛੂਆਂ ਨੂੰ ਇਹ ਖਾਂਦੇ ਦੇਖ ਕੇ ਖ਼ੁਸ਼ ਹੁੰਦਾ। ਕੱਛੂ ਇਹਨਾਂ ਨੂੰ ਦੇਖਦੇ ਅਤੇ ਅੱਗਿਓਂ ਹੋ ਕੇ ਮਿਲਦੇ ਤਦ ਆਪਣੀਆਂ ਅੱਖਾਂ ਬੰਦ ਕਰ ਲੈਂਦੇ ਜਿਵੇਂ ਉਹ ਪੂਰੀ ਤਰ੍ਹਾਂ ਖੋਲ 'ਚ ਬੰਦ ਹੋਣ ਤੇ ਫਿਰ ਇਹ ਇਨ੍ਹਾਂ ਰੇਸ਼ਿਆਂ ਨੂੰ ਖਾ ਜਾਂਦੇ। ਬੁੱਢਾ ਆਦਮੀ ਇਹਨਾਂ ਕੱਛੂਆਂ ਨੂੰ ਰੇਸ਼ੇ ਖਾਂਦੇ ਦੇਖ ਕੇ ਬੜਾ ਖ਼ੁਸ਼ ਹੁੰਦਾ ਅਤੇ ਸਮੁੰਦਰੀ ਕੰਢੇ ਤੇ ਤੂਫਾਨ ਤੋਂ ਬਾਅਦ ਇਹਨਾਂ 'ਤੇ ਤੁਰਨਾ ਪਸੰਦ ਕਰਦਾ ਅਤੇ ਇਹਨਾਂ ਦੀ ਆਵਾਜ਼ ਸੁਣਦਾ ਜਦ ਆਪਣੇ ਪੈਰਾਂ ਦੀ ਖੁਰੀਆਂ ਵਾਲੀ ਅੱਡੀ ਨਾਲ ਇਨ੍ਹਾਂ 'ਤੇ ਪੈਰ ਧਰਦਾ।

ਉਹ ਹਰੇ ਕੱਛੂਆਂ ਅਤੇ ਸ਼ਿਕਰੇ ਖਾਣਿਆਂ ਨੂੰ ਉਹਨਾਂ ਦੀ ਸ਼ਾਨ, ਰਫ਼ਤਾਰ ਅਤੇ ਵੱਡੇ ਗੁਣਾਂ ਸਦਕਾ ਪਿਆਰ ਕਰਦਾ ਅਤੇ ਉਸ ਨੂੰ ਇਹਨਾਂ ਨਾਲ ਮਿੱਤਰਤਾਪੂਰਵਕ ਰਸ਼ਕ ਹੁੰਦਾ ਜਦ ਵੱਡ-ਆਕਾਰੀ, ਬੁੱਧੇ ਜਿਹੇ, ਮੂੜ, ਆਪਣੇ ਖੋਲ 'ਚ ਲੁਕੇ ਪੀਲੇ ਰੰਗੇ, ਪਿਆਰ ਕਰਨ 'ਚ ਅਜੀਬੋ-ਗਰੀਬ ਅਤੇ ਅੱਖਾਂ ਬੰਦ ਕਰਕੇ ਪੁਰਤਗੇਜ਼ੀ ਗਿਰਝਾਂ ਖਾਂਦੇ।

ਉਸ ਨੂੰ ਕੱਛੂਕੁੰਮਿਆਂ ਬਾਰੇ ਕੋਈ ਰਹੱਸ ਨਹੀਂ ਪਤਾ ਸੀ ਭਾਵੇਂ ਉਹ ਕਈ ਵਾਰ ਕੱਛੂ ਫੜਨ ਵਾਲੀਆਂ ਕਿਸ਼ਤੀਆਂ ਨਾਲ ਜਾਂਦਾ ਰਿਹਾ ਸੀ। ਉਸਨੂੰ, ਉਨ੍ਹਾਂ ਸਭ 'ਤੇ ਤਰਸ ਆਉਂਦਾ ਸੀ ਇਥੋਂ ਤਕ ਕਿ ਵੱਡੀਆਂ ਲੰਬੀਆਂ ਪਿੱਠਾਂ ਵਾਲੇ ਕੱਛੂਆਂ 'ਤੇ ਵੀ ਜਿਹੜੇ ਕਿਸ਼ਤੀ ਜਿੱਡੇ ਲੰਮੇ ਤੇ ਇਕ ਟਨ ਭਾਰੇ ਹੁੰਦੇ ਸਨ। ਬਹੁਤੇ ਲੋਕ ਕੱਛੂਆਂ ਪ੍ਰਤੀ ਪੱਥਰ ਦਿਲ ਸਨ ਕਿਉਂਕਿ ਕੱਛੂ ਦਾ ਦਿਲ ਕੱਟਣ-ਵੱਢਣ ਤੋਂ ਬਾਅਦ ਵੀ ਕਈ ਘੰਟੇ ਧੜਕਦਾ ਰਹੇਗਾ। ਪਰ ਬੁੱਢਾ ਆਦਮੀ ਸੋਚਦਾ—ਮੇਰਾ ਦਿਲ ਵੀ ਤਾਂ ਉਹਨਾਂ ਵਰਗਾ ਹੈ ਅਤੇ ਮੇਰੇ ਹੱਥ ਪੈਰ ਵੀ। ਉਹ

ਖ਼ੁਦ ਨੂੰ ਸ਼ਕਤੀ ਦੇਣ ਲਈ ਸਫੈਦ ਅੰਡੇ ਖਾਂਦਾ ਸੀ। ਸਤੰਬਰ ਅਤੇ ਅਕਤੂਬਰ ਵਿਚ ਵੱਡੀਆਂ ਮੱਛੀਆਂ ਫੜਨ ਦੇ ਯੋਗ ਹੋਣ ਲਈ ਉਹ ਸਾਰਾ ਮਈ ਮਹੀਨਾ ਇਹਨੂੰ ਖਾਂਦਾ ਰਹਿੰਦਾ।

ਜਿਥੇ ਵਧੇਰੇ ਮਛੇਰੇ ਆਪਣਾ ਸਾਮਾਨ ਰੱਖਦੇ ਸਨ ਉਹ ਝੌਂਪੜੀ 'ਚ ਪਏ ਵੱਡੇ ਡਰੱਮ 'ਚੋਂ ਉਹ ਹਰ ਰੋਜ਼ ਸ਼ਾਰਕ ਦੇ ਜਿਗਰ ਦੇ ਤੇਲ ਦਾ ਇਕ ਕੱਪ ਪੀਂਦਾ।

ਇਹ ਡਰੱਮ ਸਦਾ ਉਨ੍ਹਾਂ ਸਾਰੇ ਮਛੇਰਿਆਂ ਲਈ ਉਥੇ ਪਿਆ ਰਹਿੰਦਾ ਜਿਨ੍ਹਾਂ ਨੂੰ ਉਸਦੀ ਲੋੜ ਹੁੰਦੀ, ਵਧੇਰੇ ਮਛੇਰੇ ਇਸ ਦੇ ਸੁਆਦ ਨੂੰ ਨਫ਼ਰਤ ਕਰਦੇ ਸਨ। ਪਰ ਜਿਹੜੇ ਸਮੇਂ ਉਹ ਰੋਜ਼ ਜਾਗਦੇ ਸਨ ਉਸ ਨਾਲੋਂ ਭੈੜਾ ਤਾਂ ਇਹ ਨਹੀਂ ਸੀ ਅਤੇ ਇਹ ਠੰਡ ਜ਼ੁਕਾਮ ਵਿਚ ਅਤੇ ਅੱਖਾਂ ਲਈ ਬੜਾ ਗੁਣਕਾਰੀ ਸੀ।

ਹੁਣ ਬੁੱਢੇ ਆਦਮੀ ਨੇ ਉਪਰ ਦੇਖਿਆ ਕਿ ਪੰਛੀ ਚੱਕਰ ਤੇ ਚੱਕਰ ਕੱਟ ਰਿਹਾ ਸੀ।

"ਉਸ ਨੂੰ ਮੱਛੀ ਲੱਭ ਗਈ ਏ।" ਉਸ ਨੇ ਉੱਚੀ ਆਵਾਜ਼ 'ਚ ਕਿਹਾ। "ਕੋਈ ਉੱਡਣਾ ਮੱਛੀ ਸਤ੍ਹਾ ਤੋਂ ਉੱਪਰ ਨਹੀਂ ਆਈ।" ਅਤੇ ਫੰਧਾ-ਮੱਛੀ ਦੀ ਵੀ ਕੋਈ ਆਵਾਜ਼ ਨਹੀਂ ਸੀ। ਪਰ ਜਿਵੇਂ ਬੁੱਢੇ ਆਦਮੀ ਨੇ ਧਿਆਨ ਮਾਰਿਆ। ਇਕ ਛੋਟੀ ਝੀਂਗਾ ਮੱਛੀ ਹਵਾ 'ਚ ਉੱਠੀ ਅਤੇ ਮੁੜ ਕੇ ਸਿਰ ਪਰਨੇ ਪਾਣੀ ਵਿਚ ਜਾ ਵੜੀ। ਧੁੱਪ ਵਿਚ ਇਹ ਚਾਂਦੀ ਵਾਂਗ ਚਮਕੀ ਅਤੇ ਜਦੋਂ ਇਹ ਪਾਣੀ 'ਚ ਵਾਪਸ ਚਲੀ ਗਈ ਅਤੇ ਬਾਅਦ ਵਿਚ ਇਕ ਤੋਂ ਬਾਅਦ ਇਕ ਪਾਣੀ 'ਚੋਂ ਉੱਠੀਆਂ ਅਤੇ ਹਰ ਦਿਸ਼ਾ 'ਚ ਫੰਧਿਆਂ ਦੇ ਪਿੱਛੇ ਉੱਛਲ-ਉੱਛਲ ਪਾਣੀ ਨੂੰ ਰਿੜਕਣ ਲੱਗੀਆਂ ਅਤੇ ਲੰਬੀਆਂ ਛਾਲਾਂ ਮਾਰਨ ਲੱਗੀਆਂ। ਉਹ ਇਸ ਨੂੰ ਘੇਰ ਰਹੀਆਂ ਸਨ ਅਤੇ ਅੱਗੇ ਧੱਕ ਰਹੀਆਂ ਸਨ।

ਜੇ ਉਹ ਤੇਜ਼ੀ ਨਾਲ ਅਗਾਂਹ ਨਾ ਵਧੀਆਂ ਤਾਂ ਮੈਂ ਇਹਨਾਂ ਵਿਚਾਲੇ ਪਹੁੰਚ ਸਕਾਂਗਾ-ਬੁੱਢੇ ਆਦਮੀ ਨੇ ਸੋਚਿਆ ਅਤੇ ਇਸ ਝੁੰਡ ਨੂੰ ਪਾਣੀ ਨੂੰ ਸਫੈਦ ਕਰਦੇ ਦੇਖਦਾ ਰਿਹਾ। ਹੁਣ ਪੰਛੀ ਫੰਧਾ-ਮੱਛੀਆਂ ਵਲ ਵਾਰ-ਵਾਰ ਆ ਕੇ ਉਸ ਨੂੰ ਫੜਨ ਦੀ ਕੋਸ਼ਿਸ਼ 'ਚ ਸੀ ਜਿਹੜੀਆਂ ਕਿ ਖੌਫ਼ ਕਾਰਨ ਸਤ੍ਹਾ 'ਤੇ ਆਉਣ ਲਈ ਮਜਬੂਰ ਹੋਈਆਂ ਪਈਆਂ ਸਨ।

"ਪੰਛੀ ਬੜੀ ਮਦਦ ਕਰ ਰਿਹਾ ਏ।", ਬੁੱਢੇ ਆਦਮੀ ਨੇ ਕਿਹਾ। ਉਸੇ ਵੇਲੇ ਉਹਦੇ ਪੈਰ ਥੱਲੇ ਧਰੀ ਇਕ ਡੋਰੀ 'ਤੇ ਦਬਾਓ ਪੈਣ ਲੱਗਾ ਜਿਥੇ ਉਸ ਨੇ ਡੋਰੀ ਦਾ ਧਾਗਾ ਰੱਖਿਆ ਹੋਇਆ ਸੀ। ਉਸ ਨੇ ਚੱਪੂ ਰੱਖ ਦਿੱਤੇ ਅਤੇ ਜਿਵੇਂ ਹੀ ਉਸ ਨੇ ਡੋਰੀ ਸਿੱਧੀ ਫੜੀ ਅਤੇ ਖਿਚਣਾ ਸ਼ੁਰੂ ਕੀਤਾ ਤਾਂ ਉਸ ਨੇ ਇਕ ਛੋਟੀ ਝੀਂਗਾ ਮੱਛੀ ਦੇ ਬੋਝ ਦੀ ਕੰਬਦੀ ਹੋਈ ਖਿੱਚ ਮਹਿਸੂਸ ਕੀਤੀ। ਜਿਵੇਂ-ਜਿਵੇਂ ਉਹ ਖਿੱਚਦਾ ਗਿਆ, ਤਿਵੇਂ-ਤਿਵੇਂ ਕੰਬਣੀ ਵਧਦੀ ਗਈ। ਉਸ ਨੂੰ ਬੇੜੀ 'ਚ ਖਿੱਚਣ ਤੋਂ ਪਹਿਲਾਂ ਉਹ ਪਾਣੀ ਵਿਚ ਨੀਲੀ ਪਿੱਠ ਅਤੇ ਸੁਨਿਹਰੀ ਗਲਫੜਿਆਂ ਵਾਲੀ ਇਕ ਮੱਛੀ ਦੇਖ ਸਕਦਾ ਸੀ।

ਧੁੱਪ ਵਿਚ ਉਹ ਕਿਸ਼ਤੀ ਦੇ ਪਿਛਵਾੜੇ, ਪੁਖਤਾ, ਗੋਲਾਕਾਰ, ਵੱਡੀਆਂ ਅਤੇ ਸਾਧਾਰਨ ਅੱਖਾਂ ਨਾਲ ਘੂਰਦੀ ਲੇਟੀ ਹੋਈ ਸੀ ਅਤੇ ਕਾਹਲ ਭਰੀ ਕੰਬਣੀ ਨਾਲ ਆਪਣੀ ਸਾਫ਼ ਤੇ ਤਿੱਖੀ ਹਿਲਦੀ ਪੂਛ ਨੂੰ ਬੇੜੀ ਦੇ ਫੱਟਿਆਂ ਨਾਲ ਪਟਕਾ ਕੇ ਆਪਣੀ ਜਾਨ ਦੇ ਰਹੀ ਸੀ।

ਬੁੱਢੇ ਨੇ ਤਰਸ ਦਾ ਵਿਖਾਵਾ ਕਰਦਿਆਂ ਉਸ ਦੇ ਸਿਰ 'ਤੇ ਸੱਟ ਮਾਰੀ। ਉਸ ਦਾ ਸਰੀਰ ਅਜੇ ਵੀ ਬੇੜੀ ਦੇ ਪਿਛਵਾੜੇ ਉਹਲੇ ਪਿਆ ਕੰਬ ਰਿਹਾ ਸੀ।.

''ਅਲਬਾਕੋਰ ਮੱਛੀ।'' ਉਸ ਨੇ ਉੱਚੀ ਆਵਾਜ਼ 'ਚ ਕਿਹਾ ''ਇਹ ਚੰਗਾ ਫੰਧਾ ਬਣੇਗਾ। ਘੱਟੋ-ਘੱਟ ਦਸ ਪੌਂਡ ਦੀ ਤਾਂ ਹੋਏਗੀ ਹੀ।

ਉਸ ਨੂੰ ਯਾਦ ਨਹੀ ਸੀ ਕਿ ਉਸ ਨੇ ਆਪਣੇ-ਆਪ ਉੱਚੀ ਆਵਾਜ਼ 'ਚ ਬੋਲਣਾ ਕਦੋਂ ਸ਼ੁਰੂ ਕੀਤਾ। ਬੀਤੇ ਦਿਨਾਂ 'ਚ ਜਦ ਉਹ ਇਕੱਲਾ ਹੁੰਦਾ ਤਾਂ ਉਹ ਗਾਉਂਦਾ ਹੁੰਦਾ ਸੀ। ਜਦ ਉਹ ਮਸਤੂਲ ਵਾਲੀ ਬੇੜੀ ਜਾਂ ਕੱਛੂ ਫੜਨ ਵਾਲੀਆਂ ਬੇੜੀ 'ਚ ਚੱਪੂ ਮਾਰ ਰਿਹਾ ਹੁੰਦਾ ਸੀ ਤਾਂ ਗਾਉਣ ਲੱਗ ਜਾਂਦਾ। ਜਦ ਮੁੰਡਾ ਉਸ ਦੀ ਬੇੜੀ ਛੱਡ ਚੁੱਕਾ ਸੀ ਤਾਂ ਸ਼ਾਇਦ ਇਕੱਲ ਦੇ ਮਾਰੇ ਉਸ ਨੇ ਉੱਚੀ ਆਵਾਜ਼ 'ਚ ਬੋਲਣਾ ਸ਼ੁਰੂ ਕੀਤਾ ਸੀ। ਪਰ ਉਹਨੂੰ ਯਾਦ ਨਹੀਂ ਸੀ। ਜਦ ਉਹ ਅਤੇ ਮੁੰਡਾ ਇਕੱਠੇ ਮੱਛੀਆਂ ਫੜਦੇ ਹੁੰਦੇ ਸੀ ਤਾਂ ਆਮ ਤੌਰ 'ਤੇ ਉਦੋਂ ਹੀ ਬੋਲਦੇ ਜਦ ਅਤਿ ਜ਼ਰੂਰੀ ਹੁੰਦਾ। ਉਹ ਰਾਤ ਵੇਲੇ ਗੱਲਾਂ ਕਰਦੇ ਜਾਂ ਜਦ ਬੁਰੇ ਮੌਸਮ ਨੇ ਤੂਫ਼ਾਨ 'ਚ ਧਕੇਲਿਆ ਹੁੰਦਾ। ਸਮੁੰਦਰ 'ਚ ਗ਼ੈਰ-ਜ਼ਰੂਰੀ ਤੌਰ 'ਤੇ ਗੱਲਾਂ ਨਾ ਕਰਨਾ ਨੇਕੀ ਸਮਝਿਆ ਜਾਂਦਾ। ਬੁੱਢਾ ਆਦਮੀ ਸਦਾ ਇਹ ਸੋਚਦਾ ਅਤੇ ਇਸ ਗੱਲ ਦੀ ਇੱਜ਼ਤ ਕਰਦਾ ਸੀ। ਪਰ ਹੁਣ ਉਸ ਨੇ ਆਪਣੇ ਵਿਚਾਰ ਕਈ ਵਾਰ ਉੱਚੀ ਆਵਾਜ਼ ਵਿਚ ਕਹੇ ਸਨ ਕਿਉਂਕਿ ਹੁਣ ਗੁੱਸੇ ਹੋਣ ਵਾਲਾ ਕੋਈ ਨਹੀਂ ਸੀ।

'ਜੇ ਹੋਰਾਂ ਨੇ ਮੈਨੂੰ ਉੱਚੀ ਬੋਲਦਾ ਸੁਣ ਲਿਆ ਤਾਂ ਸੋਚਣਗੇ ਕਿ ਮੈਂ ਪਾਗ਼ਲ ਹੋ ਗਿਆਂ।'' ਉਸ ਨੇ ਉੱਚੀ ਆਵਾਜ਼ 'ਚ ਕਿਹਾ 'ਪਰ ਕਿਉਂਕਿ ਮੈਂ ਪਾਗ਼ਲ ਨਹੀਂ ਹਾਂ ਇਸ ਲਈ ਮੈਂ ਪਰਵਾਹ ਨਹੀਂ ਕਰਦਾ ਅਤੇ ਅਮੀਰ ਲੋਕਾਂ ਕੋਲ ਤਾਂ ਆਪਣੀਆਂ ਬੇੜੀਆਂ 'ਚ ਗੱਲਾਂ ਕਰਨ ਲਈ ਅਤੇ ਬੇਸਬਾਲ ਦੀਆਂ ਖ਼ਬਰਾਂ ਸੁਣਾਉਣ ਲਈ ਰੇਡੀਓ ਹੁੰਦਾ ਹੈ।''

ਉਸ ਨੇ ਸੋਚਿਆ ਹੁਣ ਬੇਸਬਾਲ ਬਾਰੇ ਗੱਲਾਂ ਕਰਨ ਦਾ ਢੁੱਕਵਾਂ ਵਕਤ ਨਹੀਂ ਹੈ। ਹੁਣ ਤਾਂ ਸਿਰਫ ਇਕੋ ਗੱਲ ਬਾਰੇ ਸੋਚਣ ਦਾ ਵੇਲਾ ਹੈ। ਉਸ ਗੱਲ ਲਈ ਜਿਸ ਲਈ ਮੈਂ ਜੰਮਿਆਂ ਹਾਂ। ਉਸ ਨੇ ਸੋਚਿਆ ਕਿ ਇਸ ਝੁੰਡ ਨੇੜੇ ਜ਼ਰੂਰ ਕੋਈ ਵੱਡੀ ਮੱਛੀ ਹੋਵੇਗੀ। ਮੈਂ ਸਿਰਫ਼ ਅਜੇ ਵਿਛੜੀ ਹੋਈ ਅਲਬਾਕੋਰ ਫੜੀ ਹੈ ਜਿਹੜੀ ਭੋਜਨ ਕਰ ਰਹੀ ਸਨ। ਪਰ ਇਹ ਦੂਰ ਦਰਾਜ਼ ਤਕ ਅਤੇ ਤੇਜ਼ੀ ਨਾਲ ਫੈਲੀਆਂ ਹੋਈਆਂ ਹਨ। ਅੱਜ ਹਰੇਕ ਚੀਜ਼ ਜਿਹੜੀ ਸਤ੍ਹਾ 'ਤੇ ਦਿਸਦੀ ਹੈ, ਬੜੀ ਤੇਜ਼ੀ ਨਾਲ ਅਤੇ ਉੱਤਰ-ਪੂਰਬ ਦਿਸ਼ਾ ਨੂੰ ਤੈਰ ਰਹੀ ਹੈ। ਕੀ ਇਹ ਦਿਨ ਦਾ ਸਮਾਂ ਹੈ ? ਜਾਂ ਕਿਸੇ ਐਸੇ ਮੌਸਮ ਦੀ ਨਿਸ਼ਾਨੀ ਜੋ ਮੈਂ ਨਹੀਂ ਜਾਣਦਾ।

ਹੁਣ ਉਸ ਨੂੰ ਸਮੁੰਦਰੀ ਤੱਟ ਦੀ ਹਰਿਆਲੀ ਨਜ਼ਰ ਨਹੀਂ ਸੀ ਆ ਰਹੀ ਸਿਰਫ਼ ਨੀਲੀਆਂ ਪਹਾੜੀਆਂ ਦੀਆਂ ਸਿਖਰਾਂ ਸਫ਼ੈਦ ਨਜ਼ਰ ਆ ਰਹੀਆਂ ਸਨ ਜਿਵੇਂ ਬਰਫ਼ਾਂ ਕੱਜੀਆਂ ਹੋਣ ਅਤੇ ਉਨ੍ਹਾਂ ਉੱਪਰ ਬੱਦਲ ਉੱਚੇ ਬਰਫਾਨੀ ਪਰਬਤ ਲੱਗ ਰਹੇ ਸਨ। ਸਮੁੰਦਰ ਬਹੁਤ ਗਹਿਰਾ ਸੀ ਅਤੇ ਰੋਸ਼ਨੀ ਪਾਣੀ ਵਿਚ ਪ੍ਰਿਜ਼ਮ ਬਣਾ ਰਹੀ ਸੀ। ਉੱਚੇ ਉੱਠੇ ਸੂਰਜ ਨੇ ਜਲ-ਜੀਵਾਂ ਦੀਆਂ ਖਿਲਰੀਆਂ ਧਾਰੀਆਂ ਖ਼ਤਮ ਕਰ ਦਿੱਤੀਆਂ ਸਨ ਅਤੇ ਆਪਣੀਆਂ ਮੀਲਾਂ

ਲੰਬੀ ਡੋਰੀ ਦੇ ਨਾਲ ਬੁੱਢਾ ਆਦਮੀ ਪਾਣੀ ਵਿਚ ਨੀਲੇ ਪਾਣੀਆਂ 'ਚ ਸਿਰਫ਼ ਵਿਸ਼ਾਲ ਗਹਿਰੇ ਪ੍ਰਿਜ਼ਮ ਹੀ ਦੇਖ ਸਕਦਾ ਸੀ।

ਝੀਂਗਾ ਮੱਛੀਆਂ ਫਿਰ ਹੇਠਾਂ ਚਲੀਆਂ ਗਈਆਂ ਸਨ ਜਿਨ੍ਹਾਂ ਨੂੰ ਸਾਰੇ ਮਛੇਰੇ ਇਸੇ ਨਾਂ ਨਾਲ ਬੁਲਾਉਂਦੇ ਸਨ ਅਤੇ ਇਨ੍ਹਾਂ ਵਿਚ ਕੁਝ ਵੱਖਰੀਆਂ ਨੂੰ ਖ਼ਾਸ ਨਾਵਾਂ ਨਾਲ ਬੁਲਾਇਆ ਜਾਂਦਾ ਜਦੋਂ ਉਹ ਇਨ੍ਹਾਂ ਨੂੰ ਵੇਚਣ ਜਾਂ ਫੰਧੇ ਲਈ ਸੌਦਾ ਕਰਨ ਜਾਂਦੇ। ਧੁੱਪ ਤਿੱਖੀ ਸੀ ਅਤੇ ਬੁੱਢੇ ਨੇ ਆਪਣੀ ਗਰਦਨ ਦੇ ਪਿਛਲੇ ਪਾਸੇ ਇਸਦੀ ਤਪਸ਼ ਮਹਿਸੂਸ ਕੀਤੀ ਅਤੇ ਜਦੋਂ ਉਹ ਚੱਪੂ ਮਾਰਦਾ ਸੀ ਤਾਂ ਉਸ ਦਾ ਪਸੀਨਾ ਪਿੱਠ 'ਤੇ ਚੋ ਰਿਹਾ ਮਹਿਸੂਸ ਕੀਤਾ।

ਉਸ ਨੇ ਸੋਚਿਆ ਮੈਂ ਕੇਵਲ ਰਿੜਦਾ ਰਹਿ ਸਕਦਾ ਹਾਂ, ਸੌਂ ਸਕਦਾ ਹਾਂ ਜਾਂ ਆਪਣੇ ਪੈਰਾਂ ਦੀਆਂ ਉਂਗਲਾਂ ਦੁਆਲੇ ਡੋਰੀ ਦਾ ਕੁੰਡਲ ਵਲ ਕੇ ਰੱਖ ਸਕਦਾ ਹਾਂ ਤਾਂ ਜੋ ਮੈਨੂੰ ਇਹ ਜਗਾ ਸਕੇ। ਪਰ ਅੱਜ ਪਚਾਸੀਵਾਂ ਦਿਨ ਹੈ ਅਤੇ ਮੈਨੂੰ ਚੰਗੀ ਤਰ੍ਹਾਂ ਮੱਛੀ ਫੜਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਉਸੇ ਵੇਲੇ ਆਪਣੀਆਂ ਡੋਰੀਆਂ ਵਲ ਨਿਗ੍ਹਾ ਮਾਰਦੇ ਉਸ ਨੇ ਸੋਧਿਤ ਕੀਤੀਆਂ ਹਰੀਆਂ ਸੋਟੀਆਂ 'ਚੋਂ ਇਕ ਇਕਦਮ ਡੁਬਕੀ ਲਗਾਉਂਦੀ ਦੇਖੀ।

''ਹਾਂ।'' ਉਸ ਨੇ ਕਿਹਾ, ''ਹਾਂ।'' ਅਤੇ ਬਿਨਾਂ ਸ਼ੋਰ ਕੀਤੇ ਬੇੜੀ 'ਤੇ ਚੱਪੂ ਰੱਖ ਦਿੱਤੇ। ਉਸ ਡੋਰੀ ਕੋਲ ਪਹੁੰਚਿਆ ਅਤੇ ਇਸ ਨੂੰ ਆਪਣੇ ਸੱਜੇ ਹੱਥ ਦੀ ਪਹਿਲੀ ਉਂਗਲ ਅਤੇ ਅੰਗੂਠੇ ਵਿਚਕਾਰ ਪੋਲੇ ਜਿਹੇ ਫੜ ਲਿਆ। ਉਸ ਨੇ ਕੋਈ ਬੋਝ ਜਾਂ ਦਬਾਅ ਮਹਿਸੂਸ ਨਾ ਕੀਤਾ ਅਤੇ ਡੋਰੀ ਹਲਕੇ ਜਿਹੇ ਫੜੀ ਰੱਖੀ। ਤਦ ਫਿਰ ਇਹ ਹਿੱਲੀ। ਇਸ ਵਾਰ ਇਹ ਇਕ ਆਰਜ਼ੀ ਜਿਹਾ ਖਿਚਾਓ ਸੀ ਨਾ ਤਾਂ ਠੋਸ ਅਤੇ ਨਾ ਹੀ ਭਾਰੀ। ਉਸ ਨੂੰ ਪੂਰੀ ਤਰ੍ਹਾਂ ਪਤਾ ਸੀ ਕਿ ਇਹ ਕੀ ਚੀਜ਼ ਸੀ ? ਸੌ ਫੈਥਮ ਥੱਲੇ ਇਕ ਮਾਰਲਿਨ ਕੁੰਡੀ ਦੇ ਮੋੜ ਅਤੇ ਸਿਰੇ ਨੂੰ ਢਕਣ ਲਈ ਲਗਾਈ ਸਾਰਡੀਨ ਖਾ ਰਹੀ ਸੀ ਜਿਥੇ ਹੱਥ ਨਾਲ ਮੋੜੀ ਹੋਈ ਕੁੰਡੀ ਛੋਟੀ ਝੀਂਗਾ ਮੱਛੀ ਦੇ ਸਿਰ ਵਿਚੋਂ ਵਧੀ ਹੋਈ ਸੀ। ਬੁੱਢੇ ਆਦਮੀ ਨੇ ਡੋਰੀ ਹਲਕੇ ਜਿਹੇ ਖੱਬੇ ਹੱਥ ਵਿਚ ਫੜ ਲਈ ਅਤੇ ਇਸ ਨੂੰ ਸੋਟੀ ਨਾਲੋਂ ਹਟਾ ਦਿੱਤਾ। ਹੁਣ ਉਹ ਮੱਛੀ ਨੂੰ ਬਿਨਾਂ ਕਿਸੇ ਤਨਾਅ ਦਾ ਅਹਿਸਾਸ ਕਰਾਏ ਡੋਰੀ ਨੂੰ ਉਂਗਲਾਂ ਵਿਚੋਂ ਕੱਢ ਸਕਦਾ ਸੀ।

ਉਸ ਨੇ ਸੋਚਿਆ, ਏਨੀ ਦੂਰ ਇਸ ਮੂੰਹ ਵਿਚ ਉਹ ਕਿੱਡੀ ਵੱਡੀ ਲੱਗੇਗੀ। ਖਾ ਲੈ-ਮੱਛਲੀਏ ਖਾ ਲੈ। ਕਿਰਪਾ ਕਰਕੇ ਇਨ੍ਹਾਂ ਨੂੰ ਖਾ ਲੈ। ਕਿੰਨੀਆਂ ਤਾਜ਼ਾ ਹਨ ਇਹ ਅਤੇ ਤੂੰ ਗਹਿਰੇ ਸਾਗਰ ਦੇ ਠੰਡੇ ਪਾਣੀ 'ਚ 600 ਫੁੱਟ ਹੇਠਾਂ ਬੈਠੀ ਏਂ। ਇਸ ਹਨੇਰੇ 'ਚ ਇਕ ਹੋਰ ਗੇੜਾ ਕੱਢ ਅਤੇ ਵਾਪਸ ਪਰਤ ਕੇ ਇਨ੍ਹਾਂ ਨੂੰ ਖਾ ਲੈ।

ਉਸ ਨੇ ਪਹਿਲਾਂ ਹਲਕਾ ਜਿਹਾ ਕੋਮਲ ਖਿਚਾਅ ਮਹਿਸੂਸ ਕੀਤਾ ਅਤੇ ਫਿਰ ਕਠੋਰ ਜਦੋਂ ਸਾਰਡੀਨ ਦਾ ਸਿਰ ਕੁੰਡੀ ਨਾਲੋਂ ਤੋੜਨਾ ਔਖਾ ਲੱਗ ਰਿਹਾ ਹੋਵੇਗਾ। ਫਿਰ ਕੁਝ ਨਾ ਹੋਇਆ।

''ਆ ਜਾਹ।'' ਬੁੱਢੇ ਆਦਮੀ ਨੇ ਉੱਚੀ ਆਵਾਜ਼ 'ਚ ਕਿਹਾ ''ਇਕ ਗੇੜਾ ਹੋਰ ਕੱਢ। ਜ਼ਰਾ ਸੁੰਘ ਹੀ ਲੈ ਇਹਨਾਂ ਨੂੰ। ਕੀ ਇਹ ਸੁਆਦੀ ਨਹੀਂ ਹਨ ? ਪਹਿਲਾਂ ਇਹਨਾਂ ਨੂੰ ਖ਼ਤਮ ਕਰ ਲੈ ਫਿਰ ਝੀਂਗਾ ਖਾ ਲਵੀਂ। ਸਖ਼ਤ, ਠੰਡੀ ਅਤੇ ਪਿਆਰੀ ਪਿਆਰੀ। ਐਵੇਂ ਨਾ ਸੰਗੀ ਜਾ, ਮੱਛੀਏ ਖਾ ਲਾ ਇਹਨਾਂ ਨੂੰ।''

ਉਸ ਨੇ ਅੰਗੂਠੇ ਅਤੇ ਉਂਗਲੀ ਵਿਚ ਡੋਰੀ ਫੜ ਕੇ ਉਡੀਕ ਕੀਤੀ–ਨਾਲ ਨਾਲ ਉਹ ਦੂਜੀਆਂ ਡੋਰੀਆਂ ਵਲ ਵੀ ਤੱਕਦਾ ਰਿਹਾ ਤਾਂ ਕਿ ਮੱਛੀ ਸ਼ਾਇਦ ਉੱਪਰ-ਹੇਠਾਂ ਤੈਰ ਰਹੀ ਹੋਵੇ। ਫੇਰ ਉਹੀ ਕੋਮਲ ਖਿੱਚ ਮਹਿਸੂਸ ਹੋਈ।

''ਉਹਨੇ ਇਸਨੂੰ ਖਾਣਾ ਹੀ ਹੈ।'' ਬੁੱਢੇ ਨੇ ਉੱਚੀ ਆਵਾਜ਼ 'ਚ ਕਿਹਾ। 'ਰੱਬ ਉਸਦੀ ਖਾਣ 'ਚ ਸਹਾਇਤਾ ਕਰੇ !''

ਪਰ ਉਸ ਨੇ ਇਹਨੂੰ ਨਹੀਂ ਖਾਧਾ। ਉਹ ਜਾਂਦੀ ਰਹੀ ਅਤੇ ਬੁੱਢੇ ਆਦਮੀ ਨੂੰ ਕੁਝ ਮਹਿਸੂਸ ਨਾ ਹੋਇਆ।

''ਉਹ ਜਾ ਨਹੀਂ ਸਕਦੀ।'' ਉਸ ਨੇ ਕਿਹਾ। ''ਈਸਾ ਜਾਣਦਾ ਏ ਉਹ ਨਹੀਂ ਜਾ ਸਕਦੀ। ਉਹ ਮੋੜ ਕੱਟ ਰਹੀ ਹੈ। ਸ਼ਾਇਦ ਇਹ ਪਹਿਲਾਂ ਕਿਸੇ ਕੁੰਡੀ 'ਚ ਫੜੀ ਗਈ ਹੋਣੀ ਏ ਅਤੇ ਉਹਨੂੰ ਕੁਝ ਯਾਦ ਹੋਵੇ।

ਤਦ ਉਸ ਨੇ ਡੋਰੀ 'ਤੇ ਪਹਿਲਾਂ ਵਰਗਾ ਕੋਮਲ ਸਪਰਸ਼ ਫਿਰ ਮਹਿਸੂਸ ਕੀਤਾ ਅਤੇ ਖ਼ੁਸ਼ ਹੋ ਗਿਆ।

''ਉਹਨੇ ਤਾਂ ਮੋੜ ਹੀ ਕੱਟਿਆ ਏ।'' ਉਸਨੇ ਕਿਹਾ ''ਉਹ ਇਹਨੂੰ ਜ਼ਰੂਰ ਖਾਏਗੀ।''

ਉਹ ਕੋਮਲ ਖਿਚਾਅ ਮਹਿਸੂਸ ਕਰਕੇ ਖ਼ੁਸ਼ ਹੋ ਰਿਹਾ ਸੀ ਅਤੇ ਤਦ ਉਸਨੇ ਕੁਝ ਕਠੋਰ ਅਤੇ ਏਡੀ ਭਾਰੀ ਚੀਜ਼ ਮਹਿਸੂਸ ਕੀਤੀ ਜਿਸ ਦਾ ਯਕੀਨ ਕਰਨਾ ਔਖਾ ਸੀ। ਇਹ ਮੱਛੀ ਦਾ ਭਾਰ ਸੀ ਅਤੇ ਉਸ ਨੇ ਡੋਰੀ ਖਿਸਕਣ ਦਿੱਤੀ - ਹੇਠਾਂ - ਹੇਠਾਂ - ਹੇਠਾਂ ਹੀ ਹੇਠਾਂ ਅਤੇ ਇਸ ਨੇ ਦੋ ਵਾਧੂ ਕੰਡਲਾਂ 'ਚੋਂ ਵੀ ਪਹਿਲਾ ਖੋਲ੍ਹ ਦਿੱਤਾ। ਜਦੋਂ ਰੱਸੀ ਬੁੱਢੇ ਆਦਮੀ ਦੀਆਂ ਉਂਗਲਾਂ 'ਚੋਂ ਪੋਲੇ ਜਿਹੇ ਖਿਸਕ ਕੇ ਹੇਠਾਂ ਗਈ ਤਾਂ ਉਹ ਅਜੇ ਵੀ ਭਾਰੀ ਬੋਝ ਮਹਿਸੂਸ ਕਰ ਸਕਦਾ ਸੀ ਭਾਵੇਂ ਕਿ ਉਸ ਦਾ ਅੰਗੂਠਾ ਅਤੇ ਉਂਗਲ ਦਾ ਦਬਾਅ ਬੇਮਾਲੂਮਾ ਜਿਹਾ ਸੀ।

''ਕਿੱਡੀ ਮੱਛਲੀ ਹੈ।'' ਉਸ ਨੇ ਕਿਹਾ ''ਉਹ ਇਸ ਨੂੰ ਮੂੰਹ ਵਿਚ ਇਧਰ ਉਧਰ ਹਿਲਾਈ ਫਿਰਦੀ ਹੈ ਅਤੇ ਹੁਣ ਇਹਨੂੰ ਆਪਣੇ ਨਾਲ ਘੜੀਸ ਰਹੀ ਹੈ।''

ਹੁਣ ਉਹ ਮੁੜੇਗੀ ਅਤੇ ਇਹਨੂੰ ਨਿਗਲੇਗੀ–ਉਸ ਨੇ ਸੋਚਿਆ। ਉਸ ਨੇ ਅਜਿਹਾ ਇਸ ਲਈ ਨਹੀਂ ਕਿਹਾ ਕਿਉਂਕਿ ਉਹ ਜਾਣਦਾ ਸੀ ਕਿ ਜੇ ਤੁਸੀਂ ਚੰਗੀ ਗੱਲ ਕਹੋ ਤਾਂ ਇਹ ਸ਼ਾਇਦ ਨਾ ਵਾਪਰੇ। ਉਹਨੂੰ ਪਤਾ ਸੀ ਕਿ ਇਹ ਕਿੱਡੀ ਵਿਸ਼ਾਲ ਮੱਛੀ ਸੀ ਅਤੇ ਉਹ ਇਸਦੇ ਬਾਰੇ ਸੋਚਣ ਲੱਗਾ ਕਿ ਉਹ ਹਨੇਰੇ ਵਿਚ ਮੂੰਹ ਦੇ ਅੰਦਰ ਵਾਰ ਝੀਂਗਾ ਮੱਛੀ ਨਿਗਲੀ ਜਾ

ਰਹੀ ਹੈ। ਇਸ ਪਲ ਉਹਨੇ ਮਹਿਸੂਸ ਕੀਤਾ ਕਿ ਉਹ ਰੁਕ ਗਈ ਸੀ ਪਰ ਉਸ ਦਾ ਭਾਰ ਉਵੇਂ ਹੀ ਕਾਇਮ ਸੀ। ਤਦ ਭਾਰ ਵਧ ਗਿਆ ਅਤੇ ਉਸ ਨੇ ਹੋਰ ਡੋਰੀ ਛੱਡ ਦਿੱਤੀ। ਉਸ ਨੇ ਇਕ ਪਲ ਲਈ ਅੰਗੂਠੇ ਅਤੇ ਉਂਗਲੀ ਦਾ ਦਬਾਅ ਸਖ਼ਤ ਕਰ ਦਿੱਤਾ। ਭਾਰ ਹੋਰ ਵਧਿਆ ਅਤੇ ਧੁਰ ਹੇਠਾਂ ਜਾ ਰਿਹਾ ਸੀ।

''ਉਹਨੇ ਚੋਗੇ ਨੂੰ ਨਿਗਲ ਲਿਆ ਏ।'' ਉਹਨੇ ਕਿਹਾ, ''ਹੁਣ ਮੈਂ ਇਹਨੂੰ ਆਰਾਮ ਨਾਲ ਖਾਣ ਦੇਵਾਂਗਾ।''

ਉਸਨੇ ਆਪਣੀਆਂ ਉਂਗਲਾਂ 'ਚੋਂ ਡੋਰੀ ਖਿਸਕਣ ਦਿੱਤੀ ਜਦ ਉਸਨੇ ਖੱਬਾ ਹੱਥ ਥੱਲੇ ਲਿਜਾ ਕੇ ਦੋ ਵਾਧੂ ਕੁੰਡਲਾਂ ਦੇ ਸਿਰੇ ਅਗਲੀ ਡੋਰੀ ਦੀਆਂ ਦੋ ਵਾਧੂ ਕੁੰਡਲਾਂ ਨਾਲ ਬੰਨ੍ਹ ਦਿੱਤੇ। ਉਸ ਕੋਲ 40 ਫੈਥਮ ਲੰਬੇ ਤਿੰਨ ਕੁੰਡਲ ਵਾਧੂ ਬਚੇ ਸਨ ਤੇ ਨਾਲ ਹੀ ਗੋਲਾ ਵੀ ਜਿਹੜਾ ਉਹ ਵਰਤ ਰਿਹਾ ਸੀ।

''ਥੋੜਾ ਹੋਰ ਖਾ ਲੈ।'' ਉਸ ਨੇ ਕਿਹਾ।

''ਚੰਗੀ ਤਰ੍ਹਾਂ ਖਾ ਲੈ।''

''ਖਾ ਲੈ ਤਾਂ ਕਿ ਕੁੰਡੀ ਦਾ ਸਿਰ ਤੇਰੇ ਦਿਲ ਤਕ ਜਾਵੇ ਅਤੇ ਤੈਨੂੰ ਮਾਰ ਦੇਵੇ।'' ਉਸ ਨੇ ਸੋਚਿਆ। ਆਰਾਮ ਨਾਲ ਉੱਪਰ ਆ ਜਾ ਅਤੇ ਆਪਣੇ ਉੱਤੇ ਮੈਨੂੰ ਭਾਲਾ ਖੋਭਣ ਦੇ। ਠੀਕ ਹੈ। ਤਿਆਰ ਹੈਂ ਨਾ ਬਈ ? ਤੂੰ ਕਾਫ਼ੀ ਦੇਰ ਖਾਣਾ ਖਾ ਲਿਆ ਏ ? ''ਲੈ ਹੁਣ ?'' ਉਸ ਨੇ ਉੱਚੀ ਆਵਾਜ਼ 'ਚ ਕਿਹਾ ਤੇ ਦੋਵਾਂ ਹੱਥਾਂ ਨਾਲ ਖਿੱਚਿਆ, ਗਜ਼ ਕੁ ਡੋਰੀ ਖਿੱਚੀ ਗਈ। ਫਿਰ ਉਸ ਨੇ ਖਿੱਚਿਆ, ਵਾਰ-ਵਾਰ ਖਿੱਚਿਆ। ਆਪਣੀਆਂ ਬਾਹਵਾਂ ਅਤੇ ਸਰੀਰ ਦੀ ਸਾਰੀ ਸ਼ਕਤੀ ਨਾਲ ਡੋਰੀ ਖਿੱਚਣ ਲੱਗਾ।

ਕੁਝ ਨਾ ਵਾਪਰਿਆ। ਮੱਛੀ ਆਰਾਮ ਨਾਲ ਅੱਗੇ ਵਧ ਗਈ ਅਤੇ ਬੁੱਢਾ ਆਦਮੀ ਉਸਨੂੰ ਇਕ ਇੰਚ ਵੀ ਉਪਰ ਨਾ ਚੁੱਕ ਸਕਿਆ। ਉਸਦੀ ਡੋਰੀ ਮਜ਼ਬੂਤ ਸੀ ਅਤੇ ਭਾਰੀਆਂ ਮੱਛੀਆਂ ਲਈ ਬਣੀ ਹੋਈ ਸੀ ਅਤੇ ਉਸ ਨੇ ਇਹਨੂੰ ਆਪਣੀ ਪਿੱਠ ਦੁਆਲੇ ਜਕੜ ਰੱਖਿਆ ਜਦ ਤਕ ਇੰਨੀ ਕੱਸੀ ਨਾ ਗਈ ਕਿ ਉਸ ਵਿਚੋਂ ਪਾਣੀ ਦੇ ਤੁਪਕੇ ਮਣਕਿਆਂ ਵਾਂਗ ਟਪਕਣ ਲੱਗੇ। ਤਦ ਪਾਣੀ ਵਿਚ ਇਸ ਨੇ ਸਰਸਰਾਹਟ ਦੀ ਆਵਾਜ਼ ਕੀਤੀ। ਉਸ ਨੇ ਆਪਣੇ ਆਪ ਨੂੰ ਬੇੜੀ ਦੇ ਮੋਢੇ ਨਾਲ ਲਗਾਇਆ ਅਤੇ ਖਿਚਾਅ ਨੂੰ ਸਹਿਣ ਕਰਦੇ ਲੇਟੇ ਹੋਏ ਇਹਨੂੰ ਫੜੀ ਰੱਖਿਆ। ਕਿਸ਼ਤੀ ਹੌਲੀ-ਹੌਲੀ ਉਤਰ-ਪੱਛਮ ਵਲ ਮੁੜਨ ਲੱਗੀ।

ਮੱਛੀ ਹੌਲੀ-ਹੌਲੀ ਹਿੱਲਣ ਲੱਗੀ ਅਤੇ ਉਹ ਸ਼ਾਂਤ ਪਾਣੀਆਂ 'ਤੇ ਹੌਲੀ-ਹੌਲੀ ਯਾਤਰਾ ਕਰਦੇ ਰਹੇ। ਬਾਕੀ ਕੁੰਡੀਆਂ ਅਜੇ ਵੀ ਪਾਣੀ 'ਚ ਸਨ ਪਰ ਉਨ੍ਹਾਂ ਦਾ ਕੋਈ ਫ਼ਾਇਦਾ ਨਹੀਂ ਸੀ।

''ਕਾਸ਼ ਮੁੰਡਾ ਮੇਰੇ ਨਾਲ ਹੁੰਦਾ !'' ਬੁੱਢੇ ਆਦਮੀ ਨੇ ਉੱਚੀ ਆਵਾਜ਼ 'ਚ ਕਿਹਾ 'ਮੈਨੂੰ ਮੱਛੀ ਵਲੋਂ ਖਿੱਚਿਆ ਜਾ ਰਿਹਾ ਹੈ ਤੇ ਮੈਂ ਨਾ-ਮਾਤਰ ਹੀ ਖਿੱਚ ਰਿਹਾ ਹਾਂ। ਮੈਂ ਡੋਰੀ

ਬੰਨ੍ਹ ਸਕਦਾ ਸੀ ਪਰ ਤਦ ਉਹਨੇ ਤੋੜ ਦੇਣੀ ਸੀ। ਜਿੰਨਾ ਇਸਨੂੰ ਰੋਕ ਸਕਦਾ ਹਾਂ, ਰੋਕਣਾ ਚਾਹੀਦਾ ਹੈ ਅਤੇ ਡੋਰੀ ਛੱਡ ਦਿਆਂਗਾ ਜਦ ਉਹਨੂੰ ਖਿੱਚੇਗੀ।''

'ਰੱਬ ਦਾ ਸ਼ੁਕਰ ਹੈ ਕਿ ਇਹ ਚੱਲ ਹੀ ਰਹੀ ਹੈ ਅਤੇ ਹੇਠਾਂ ਨਹੀਂ ਜਾ ਰਹੀ।''

'ਜੇ ਇਹਨੇ ਹੇਠਾਂ ਜਾਣ ਦੀ ਧਾਰ ਲਈ ਤਾਂ ਮੈਂ ਕੀ ਕਰਾਂਗਾ ? ਮੈਨੂੰ ਨਹੀਂ ਪਤਾ। ਜੇ ਇਹ ਡਰ ਗਈ ਅਤੇ ਮਰ ਗਈ ਤਾਂ ਮੈਂ ਕੀ ਕਰਾਂਗਾ ? ਮੈਂ ਨਹੀਂ ਜਾਣਦਾ। ਪਰ ਮੈਂ ਕੁਝ-ਨਾ-ਕੁਝ ਕਰਾਂਗਾ। ਬਥੇਰੇ ਕੰਮ ਨੇ ਜੋ ਮੈਂ ਕਰ ਸਕਦਾ ਹਾਂ।''

ਉਸਨੇ ਡੋਰੀ ਆਪਣੀ ਪਿੱਠ ਦੁਆਲੇ ਵਲ ਲਈ ਅਤੇ ਪਾਣੀ ਵਿਚ ਇਸ ਦੀ ਢਾਲ ਦੇਖਦਾ ਰਿਹਾ। ਬੇੜੀ ਹੌਲੀ ਹੌਲੀ ਉਤਰ-ਪੱਛਮ ਵਲ ਵਧ ਰਹੀ ਸੀ।

''ਇਸ ਤਰ੍ਹਾਂ ਉਹ ਮਰ ਜਾਏਗੀ।'' ਬੁੱਢੇ ਨੇ ਸੋਚਿਆ। ਉਹ ਸਦਾ ਅਜਿਹਾ ਨਹੀਂ ਕਰ ਸਕੇਗੀ। ਪਰ ਚਾਰ ਘੰਟੇ ਬਾਅਦ ਵੀ ਮੱਛੀ ਸਾਗਰ ਦੇ ਦੂਰ ਵਲ ਬੇੜੀ ਨੂੰ ਖਿੱਚਦੀ ਤੈਰ ਰਹੀ ਸੀ ਅਤੇ ਬੁੱਢਾ ਆਦਮੀ ਕਰੜਾਈ ਨਾਲ ਪਿੱਠ ਦੁਆਲੇ ਡੋਰੀ ਲਪੇਟੀ ਬੈਠਾ ਸੀ।

''ਮੈਂ ਦੁਪਹਿਰ ਵੇਲੇ ਇਹਨੂੰ ਫਸਾਇਆ ਸੀ।'' ਉਸਨੇ ਸੋਚਿਆ, ਤੇ ਅਜੇ ਤੱਕ ਮੈਂ ਨਹੀਂ ਨਹੀਂ ਦੇਖਿਆ।

ਮੱਛੀ ਫਸਾਉਣ ਤੋਂ ਪਹਿਲਾਂ ਉਸ ਨੇ ਆਪਣਾ ਖੁਰਦਰਾ ਹੈੱਟ ਆਪਣੇ ਸਿਰ 'ਤੇ ਲੈ ਲਿਆ ਸੀ ਅਤੇ ਹੁਣ ਇਹ ਉਸਦੇ ਮੱਥੇ 'ਤੇ ਚੁੱਭ ਰਿਹਾ ਸੀ। ਉਹਨੂੰ ਪਿਆਸ ਵੀ ਲੱਗੀ ਸੀ। ਉਹ ਗੋਡਿਆਂ ਭਾਰ ਉੱਠਿਆ ਅਤੇ ਡੋਰੀ ਨੂੰ ਝਟਕੇ ਤੋਂ ਬਚਾਉਣ ਲਈ ਸਾਵਧਾਨੀ ਵਰਤਦਿਆਂ ਜਿੰਨਾ ਕਿਸ਼ਤੀ ਦੇ ਮੱਥੇ ਵਲ ਜਾ ਸਕਦਾ ਸੀ, ਗਿਆ ਅਤੇ ਇਕ ਹੱਥ ਨਾਲ ਪਾਣੀ ਵਾਲੀ ਬੋਤਲ ਫੜ ਲਈ। ਉਸਨੇ ਬੋਤਲ ਖੋਲ੍ਹੀ ਅਤੇ ਥੋੜ੍ਹਾ ਜਿਹਾ ਪਾਣੀ ਪੀਤਾ। ਫਿਰ ਉਹਨੇ ਕਿਸ਼ਤੀ ਦੇ ਮੱਥੇ 'ਤੇ ਥੋੜ੍ਹਾ ਜਿਹਾ ਆਰਾਮ ਕੀਤਾ। ਉਸਨੇ ਮਸਤੂਲ ਦੇ ਪਟੜੇ 'ਤੇ ਬੈਠਿਆਂ ਥੋੜੀ ਦੇਰ ਆਰਾਮ ਕੀਤਾ ਅਤੇ ਕੁਝ ਵੀ ਨਾ ਸੋਚਣ ਦਾ ਯਤਨ ਕੀਤਾ ਸਗੋਂ ਸਹਿਣ ਕਰਦਾ ਰਿਹਾ।

ਤਦ ਉਹਨੇ ਆਪਣੇ ਪਿੱਛੇ ਨਿਗ੍ਹਾ ਮਾਰੀ ਅਤੇ ਦੇਖਿਆ ਕਿ ਜ਼ਮੀਨ ਦਾ ਕੋਈ ਹਿੱਸਾ ਵੀ ਦਿਖਾਈ ਨਹੀਂ ਸੀ ਦੇ ਰਿਹਾ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ—ਉਸ ਨੇ ਸੋਚਿਆ। ਮੈਂ ਤਾਂ ਰੋਸ਼ਨੀ ਦੇਖ ਕੇ ਵੀ ਹਮੇਸ਼ਾ ਹਵਾਨਾ ਤੋਂ ਪਰਤ ਸਕਦਾ ਹਾਂ। ਅਜੇ ਵੀ ਸੂਰਜ ਛਿਪਣ 'ਚ ਦੋ ਘੰਟੇ ਹੋਰ ਪਏ ਸਨ ਅਤੇ ਸ਼ਾਇਦ ਉਦੋਂ ਤਕ ਇਹ ਉੱਪਰ ਆ ਹੀ ਜਾਏ ਜੇ ਅਜੇ ਨਹੀਂ ਆਉਂਦੀ ਤਾਂ ਸ਼ਾਇਦ ਚੰਦਰਮਾ ਨਿਕਲਣ ਤਕ ਉੱਪਰ ਆ ਜਾਵੇ। ਜੇ ਫਿਰ ਵੀ ਨਹੀਂ ਤਾਂ ਸ਼ਾਇਦ ਕੱਲ ਪ੍ਰਭਾਤ ਵੇਲੇ ਆ ਜਾਵੇ, ਮੈਨੂੰ ਕੋਈ ਚਿੰਤਾ ਨਹੀਂ ਅਤੇ ਮੈਂ ਤਕੜਾ ਮਹਿਸੂਸ ਕਰ ਰਿਹਾ ਹਾਂ, ਸਗੋਂ ਕੁੰਡੀ ਤਾਂ ਉਹਦੇ ਮੂੰਹ ਵਿਚ ਫਸੀ ਹੋਈ ਹੈ। ਪਰ ਇੰਞ ਇਹਨੂੰ ਖਿੱਚੀ ਆ ਰਹੀ ਹੈ ਇਹ ਕੈਸੀ ਮੱਛੀ ਹੈ। ਉਸਨੇ ਕੁੰਡੀ ਦੀ ਤਾਰ 'ਤੇ ਜ਼ਰੂਰ ਆਪਣਾ ਮੂੰਹ ਪੀਚ ਰੱਖਿਆ ਹੋਣਾ ਏ। ਕਾਸ਼ ਮੈਂ ਉਹਨੂੰ ਦੇਖ ਸਕਦਾ। ਕਾਸ਼ ! ਮੈਂ ਦੇਖ ਕੇ ਇਕ ਵਾਰ ਤਾਂ ਜਾਣ ਸਕਦਾ ਕਿ ਮੇਰੇ ਮੁਕਾਬਲੇ ਉਹ ਹੈ ਕੀ ?

ਮੱਛੀ ਨੇ ਸਾਰੀ ਰਾਤ ਨਾ ਤਾਂ ਰਸਤਾ ਬਦਲਿਆ ਨਾ ਹੀ ਦਿਸ਼ਾ ਜਿਹੜੀ ਕਿ ਬੁੱਢਾ ਆਦਮੀ ਤਾਰੇ ਦੇਖ-ਦੇਖ ਕੇ ਦੱਸ ਸਕਦਾ ਸੀ। ਸੂਰਜ ਛਿਪਣ ਉਪਰੰਤ ਠੰਡ ਹੋ ਗਈ ਸੀ ਅਤੇ ਬੁੱਢੇ ਆਦਮੀ ਦਾ ਮੁੜ੍ਹਕਾ ਪਿੱਠ, ਬਾਹਵਾਂ ਅਤੇ ਬੁੱਢੀਆਂ ਲੱਤਾਂ 'ਤੇ ਸੁੱਕ ਗਿਆ ਸੀ। ਦਿਨ ਵੇਲੇ ਉਹਨੇ ਫੰਧਿਆਂ ਵਾਲੇ ਬਕਸੇ ਨੂੰ ਢਕਣ ਵਾਲੀ ਬੋਰੀ ਲੈ ਲਈ ਸੀ ਅਤੇ ਸੁਕਾਉਣ ਲਈ ਧੁੱਪੇ ਫੈਲਾ ਦਿੱਤੀ ਸੀ। ਸੂਰਜ ਛਿਪਣ ਬਾਅਦ ਉਹਨੇ ਬੋਰੀ ਆਪਣੀ ਗਰਦਨ ਦੁਆਲੇ ਬੰਨ੍ਹ ਲਈ ਤਾਂ ਕਿ ਇਹ ਸਾਰੀ ਪਿੱਠ 'ਤੇ ਲਟਕੀ ਰਹੇ ਅਤੇ ਉਸਨੇ ਹੁਸ਼ਿਆਰੀ ਨਾਲ ਡੋਰੀ ਨੂੰ ਸੰਭਾਲੀ ਰੱਖਿਆ ਜਿਹੜੀ ਉਹ ਹੁਣ ਉਹਦੇ ਮੋਢਿਆਂ ਦੁਆਲੇ ਵਲੀ ਹੋਈ ਸੀ। ਬੋਰੀ ਡੋਰੀ ਲਈ ਸਿਰ੍ਹਾਣੇ ਦਾ ਕੰਮ ਕਰ ਰਹੀ ਸੀ ਅਤੇ ਉਹਨੇ ਕਿਸ਼ਤੀ ਦੇ ਮੱਥੇ 'ਤੇ ਸਿਰ ਰੱਖ ਕੇ ਅੱਗੇ ਝੁਕਣ ਦਾ ਰਾਹ ਲੱਭ ਲਿਆ ਸੀ ਤਾਂ ਕਿ ਉਹ ਅਰਾਮਦਾਇਕ ਹੋ ਸਕੇ। ਇਹ ਆਸਣ ਅਸਲ ਵਿਚ, ਕੁਝ ਘੱਟ ਅਸਹਿਣਯੋਗ ਸੀ ਪਰ ਉਸ ਨੇ ਸਗੋਂ ਇਸ ਨੂੰ ਅਰਾਮਦਾਇਕ ਵੀ ਸਮਝਿਆ।

ਉਸ ਨੇ ਸੋਚਿਆ—''ਮੈਂ ਉਹਦਾ ਕੁਝ ਨਹੀਂ ਵਿਗਾੜ ਸਕਦਾ ਨਾ ਹੀ ਉਹ ਮੇਰਾ ਕੁਝ ਵਿਗਾੜ ਸਕਦੀ ਹੈ। ਉਦੋਂ ਤਕ ਨਹੀਂ ਜਦ ਤਕ ਉਹ ਚਲਦੀ ਰਹੇਗੀ।''

ਇਕ ਵਾਰ ਉਹ ਖੜਾ ਹੋਇਆ ਅਤੇ ਕਿਸ਼ਤੀ ਦੇ ਪਾਸੇ ਤੋਂ ਉਹਨੇ ਪਿਸ਼ਾਬ ਕੀਤਾ ਅਤੇ ਤਾਰਿਆਂ ਵਲ ਦੇਖ ਕੇ ਦਿਸ਼ਾ ਦਾ ਅੰਦਾਜ਼ਾ ਲਗਾਇਆ। 'ਉਸਦੇ ਮੋਢਿਆਂ ਤੋਂ ਸਿੱਧੇ ਪਾਣੀ 'ਚ ਜਾ ਰਹੀ ਡੋਰੀ ਦੀ ਚਮਕੀਲੀ ਧਾਰੀ ਦਿਖਾਈ ਦੇ ਰਹੀ ਸੀ। ਹੁਣ ਉਹ ਹੋਰ ਵਧੇਰੇ ਹੌਲੀ ਚਲ ਰਹੇ ਸਨ ਅਤੇ ਹਵਾਨਾ ਦੀ ਲੋਅ ਅਜੇ ਪੂਰੀ ਤਰ੍ਹਾਂ ਚਮਕੀ ਨਹੀਂ ਸੀ ਇਸ ਕਰਕੇ ਉਹਨੂੰ ਪਤਾ ਸੀ ਕਿ ਧਾਰਾ ਪੂਰਬ ਦਿਸ਼ਾ ਵਲ ਲਿਜਾ ਰਹੀ ਸੀ। ਉਸਨੇ ਸੋਚਿਆ ਜੇ ਮੈਂ ਹਵਾਨਾ ਦੀ ਲੋਅ ਗਵਾ ਬੈਠਾ ਤਾਂ ਅਸੀਂ ਜ਼ਰੂਰ ਪੂਰਬ ਵਲ ਵਧ ਰਹੇ ਹੋਵਾਂਗੇ ਕਿਉਂਕਿ ਮੱਛੀ ਦਾ ਰਾਹ ਇਹੀ ਰਿਹਾ ਤਾਂ ਮੈਂ ਕੁਝ ਹੋਰ ਘੰਟੇ ਇਹਨੂੰ ਦੇਖ ਸਕਾਂਗਾ। ਉਸਨੇ ਸੋਚਿਆ ਅੱਜ ਗਰੈਂਡ ਲੀਗ ਵਿਚ ਬੇਸਬਾਲ ਦੀ ਸਥਿਤੀ ਕੀ ਰਹੀ ਹੋਵੇਗੀ। ਰੇਡੀਓ 'ਤੇ ਇਸ ਬਾਰੇ ਸੁਣਨਾ ਕਿੰਨਾ ਮਜ਼ੇਦਾਰ ਹੋਣਾ ਸੀ। ਫਿਰ ਉਹਨੇ ਸੋਚਿਆ, ''ਤੂੰ ਹੁਣ ਸਿਰਫ ਇਸ ਮੱਛਲੀ ਬਾਰੇ ਸੋਚ। ਤੂੰ ਇਸੇ ਬਾਰੇ ਫ਼ਿਕਰ ਕਰ ਵੇਖੀਂ ਕਿਧਰੇ ਕੋਈ ਮੂਰਖਤਾ ਕਰ ਬੈਠੇਂ !''

ਤਦ ਉਸ ਨੇ ਉੱਚੀ ਆਵਾਜ਼ 'ਚ ਕਿਹਾ ''ਕਾਸ਼ ਮੁੰਡਾ ਮੇਰੇ ਨਾਲ ਹੁੰਦਾ। ਮੇਰੀ ਸਹਾਇਤਾ ਲਈ ਅਤੇ ਇਹ ਸਭ ਦੇਖਣ ਲਈ।''

ਉਸਨੇ ਸੋਚਿਆ ਬੁਢਾਪੇ 'ਚ ਕਿਸੇ ਨੂੰ ਇਕੱਲਾ ਨਹੀਂ ਹੋਣਾ ਚਾਹੀਦਾ। ਪਰ ਇਸ ਤੋਂ ਬਚਿਆ ਨਹੀਂ ਜਾ ਸਕਦਾ। ਮੈਨੂੰ ਤਕੜਾ ਰਹਿਣ ਲਈ ਝੀਂਗਾ ਖਾਣੀ ਯਾਦ ਹੋਣਾ ਚਾਹੀਦਾ ਹੈ ਇਸ ਤੋਂ ਪਹਿਲਾਂ ਕਿ ਇਹ ਖ਼ਰਾਬ ਹੋ ਜਾਏ। ਯਾਦ ਰੱਖ, ਤੈਨੂੰ ਸਵੇਰੇ ਜ਼ਰੂਰ ਕੁਝ ਖਾਣਾ ਚਾਹੀਦਾ ਹੈ ਇਸ ਗੱਲ ਦਾ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਹਾਨੂੰ ਕਿੰਨੀ ਘੱਟ ਲੋੜ ਹੈ। ਯਾਦ ਰੱਖੀਂ—ਉਹਨੇ ਆਪਣੇ ਆਪ ਨੂੰ ਕਿਹਾ।

ਰਾਤ ਵੇਲੇ ਦੋ ਬੁੱਲਣ ਮੱਛੀਆਂ ਕਿਸ਼ਤੀ ਕੋਲ ਆਈਆਂ। ਉਹ ਉਹਨਾਂ ਦਾ ਉਛਲਣਾ ਅਤੇ ਮੁੜਨਾ ਸੁਣ ਸਕਦਾ ਸੀ। ਉਹ ਨਰ ਮੱਛੀ ਦੇ ਸੁਰੀਲੇ ਫੰਕਾਰੇ ਅਤੇ ਮਾਦਾ ਮੱਛੀ ਦੀ ਸਰਸਰਾਹਟ ਭਰੀ ਅਠਖੇਲੀ ਤੋਂ ਦੋਵਾਂ ਵਿਚਲਾ ਫ਼ਰਕ ਪਤਾ ਲਾ ਸਕਦਾ ਸੀ।

''ਇਹ ਚੰਗੀਆਂ ਮੱਛੀਆਂ ਨੇ।'' ਬੁੱਢੇ ਨੇ ਕਿਹਾ। ''ਇਹ ਖੇਡਦੀਆਂ ਹਨ, ਮਜ਼ਾਕ ਕਰਦੀਆਂ ਹਨ ਅਤੇ ਇਕ ਦੂਜੇ ਨੂੰ ਪਿਆਰ ਕਰਦੀਆਂ ਹਨ। ਇਹ ਉੱਡਣਾ ਮੱਛੀਆਂ ਵਰਗੀਆਂ ਸਾਡੀਆਂ ਮਿੱਤਰ ਹਨ।'

ਫਿਰ ਉਸਨੂੰ ਉਸ ਵੱਡੀ ਮੱਛੀ ਤੇ ਤਰਸ ਆਉਣ ਲੱਗਾ ਜਿਹੜੀ ਉਸ ਨੇ ਕੁੰਡੀ 'ਚ ਫਸਾਈ ਹੋਈ ਸੀ। ਉਸ ਨੇ ਸੋਚਿਆ ਕਿ ਇਹ ਅਦਭੁਤ ਤੇ ਅਨੋਖੀ ਹੈ ਅਤੇ ਕੌਣ ਜਾਣਦਾ ਏ ਇਹ ਕਿੰਨੀ ਕੁ ਬੁੱਢੀ ਹੋਵੇ। ਨਾ ਮੈਂ ਕਦੇ ਐਡੀ ਤਕੜੀ ਮੱਛੀ ਫੜੀ ਹੈ ਨਾ ਇੰਨਾ ਅਜੀਬ ਵਿਹਾਰ ਦੇਖਿਆ ਹੈ। ਸ਼ਾਇਦ ਉਹ ਇੰਨੀ ਸਿਆਣੀ ਹੈ ਕਿ ਛਾਲ ਨਹੀਂ ਮਾਰ ਸਕਦੀ। ਉਹ ਛਲਾਂਗ ਲਗਾ ਕੇ ਜਾਂ ਜਾਂਗਲੀਆਂ ਵਾਂਗ ਦੌੜ ਕੇ ਮੈਨੂੰ ਬਰਬਾਦ ਕਰ ਸਕਦੀ ਹੈ। ਪਰ ਸ਼ਾਇਦ ਪਹਿਲਾਂ ਹੀ ਉਹ ਕਈ ਵਾਰ ਕੁੰਡੀ ਫਸਾਈ ਗਈ ਹੋਣੀ ਏ ਤੇ ਇਹਨੂੰ ਪਤਾ ਏ ਕਿ ਲੜਾਈ ਕਿਵੇਂ ਲੜਨੀ ਏ। ਉਸ ਨੂੰ ਇਹ ਪਤਾ ਨਹੀਂ ਲੱਗ ਸਕਦਾ ਕਿ ਉਸ ਦੇ ਮੁਕਾਬਲੇ ਸਿਰਫ ਇਕ ਆਦਮੀ ਖੜਾ ਹੈ। ਨਹੀਂ, ਸਗੋਂ ਇਕ ਬੁੱਢਾ ਆਦਮੀ ਹੀ ਹੈ। ਪਰ ਕਿਹੋ ਜਿਹੀ ਹੈ ਉਹ ਮੱਛੀ ਅਤੇ ਜੇ ਉਹਦਾ ਮਾਸ ਚੰਗਾ ਹੋਇਆ ਤਾਂ ਮੰਡੀ 'ਚ ਇਹਦੀ ਕੀ ਕੀਮਤ ਪਵੇਗੀ ? ਉਹਨੇ ਫੰਧੇ ਨੂੰ ਮਰਦਾਂ ਵਾਂਗ ਫੜਿਆ ਹੈ ਅਤੇ ਮਰਦਾਂ ਵਾਂਗ ਹੀ ਖਿੱਚਦੀ ਹੈ ਅਤੇ ਉਹਦੀ ਲੜਾਈ 'ਚ ਵੀ ਕੋਈ ਘਬਰਾਹਟ ਨਹੀਂ। ਮੈਨੂੰ ਹੈਰਾਨੀ ਹੈ ਕਿ ਉਹ ਉਸਦੀ ਕੋਈ ਯੋਜਨਾ ਹੈ ਜਾਂ ਸਿਰਫ਼ ਮੇਰੇ ਵਾਂਗ ਬੇਚੈਨ ਹੈ।

ਉਸਨੂੰ ਉਹ ਵੇਲਾ ਯਾਦ ਆਇਆ ਜਦ ਉਸਨੇ ਮਾਰਲਿਨ ਦੇ ਜੋੜੇ 'ਚੋਂ ਇਕ ਨੂੰ ਫਸਾ ਲਿਆ ਸੀ। ਨਰ ਮੱਛੀ ਸਦਾ ਮਾਦਾ ਮੱਛੀ ਨੂੰ ਪਹਿਲਾਂ ਭੋਜਨ ਖਾਣ ਦਿੰਦੀ ਸੀ ਅਤੇ ਕੁੰਡੀ 'ਚ ਫਸੀ ਮਾਦਾ ਮੱਛੀ ਨੇ ਜਾਂਗਲੀਆਂ ਵਾਂਗ ਖ਼ੌਫਜ਼ਦਾ ਹੋ ਕੇ ਬਹੁਤ ਕਾਹਲ ਭਰੀ ਲੜਾਈ ਲੜੀ ਜਿਸਨੇ ਉਹਨੂੰ ਜਲਦੀ ਹੀ ਥਕਾ ਦਿੱਤਾ। ਸਾਰਾ ਸਮਾਂ ਨਰ ਮੱਛੀ ਉਹਦੇ ਨਾਲ ਨਾਲ ਰਹੀ, ਡੋਰੀ ਦੁਆਲੇ ਜਾਂਦੀ ਅਤੇ ਪਾਣੀ ਤੇ ਉਹਦੇ ਆਲੇ-ਦੁਆਲੇ ਚੱਕਰ ਕੱਢਦੀ ਰਹਿੰਦੀ। ਉਹ ਏਨਾ ਨੇੜੇ ਸੀ ਕਿ ਬੁੱਢੇ ਆਦਮੀ ਨੂੰ ਡਰ ਸੀ ਕਿ ਕਿਤੇ ਉਸਦੀ ਦਾਤੀ ਵਰਗੀ ਤੇਜ਼ ਅਤੇ ਉਸੇ ਰੂਪ ਅਤੇ ਆਕਾਰ ਵਾਲੀ ਪੂਛ ਨਾਲ ਡੋਰੀ ਨਾ ਕੱਟੀ ਜਾਵੇ।

ਜਦ ਬੁੱਢੇ ਆਦਮੀ ਨੇ ਬਰਛਾ ਖੋਭਿਆ ਅਤੇ ਆਪਣੀ ਕਟਾਰ ਨੂੰ ਇਸ ਦੇ ਮੁੱਠੇ ਵਾਲੇ ਕਿਨਾਰੇ ਤੋਂ ਫੜ ਕੇ ਸਿਰ ਉੱਤੇ ਮਾਰਦਾ ਰਿਹਾ ਜਦ ਤਕ ਇਸ ਦਾ ਰੰਗ ਸ਼ੀਸ਼ੇ ਦੇ ਪਿਛਲੇ ਹਿੱਸੇ ਵਰਗਾ ਨਾ ਹੋ ਗਿਆ ਅਤੇ ਲੜਕੇ ਦੀ ਸਹਾਇਤਾ ਨਾਲ ਬੇੜੀ 'ਚ ਨਾ ਸੁੱਟ ਲਿਆ ਸੀ। ਤਦ, ਬੁੱਢਾ ਆਦਮੀ ਡੋਰੀਆਂ ਠੀਕ ਕਰ ਰਿਹਾ ਸੀ ਅਤੇ ਭਾਲਾ ਤਿਆਰ ਕਰ ਰਿਹਾ ਸੀ ਜਦ ਨਰ ਮੱਛੀ ਨੇ ਹਵਾ 'ਚ ਕੁੱਦ ਕੇ ਬੇੜੀ 'ਚ ਪਈ ਮਾਦਾ ਮੱਛੀ ਦੇਖਣ ਲਈ ਛਾਲ ਮਾਰੀ ਅਤੇ ਫਿਰ ਗਹਿਰੇ ਸਾਗਰ 'ਚ ਦਫ਼ਨ ਹੋ ਗਈ। ਉਸ ਦੇ ਹਲਕੇ ਲਾਲ ਪਰ ਜਿਹੜੇ

ਕਿ ਅਸਲ ਵਿਚ ਲਾਲ ਗਲਫੜੇ ਸਨ, ਚੌੜੇ ਫੈਲੇ ਹੋਏ ਸਨ ਅਤੇ ਹਲਕੀਆਂ ਲਾਲ ਧਾਰੀਆਂ ਦਿਸ ਰਹੀਆਂ ਸਨ। ਉਹ ਖ਼ੂਬਸੂਰਤ ਸੀ। ਬੁੱਢੇ ਆਦਮੀ ਨੇ ਸੋਚਿਆ ਅਤੇ ਉਹ ਰੁਕ ਗਿਆ ਸੀ।

ਬੁੱਢੇ ਨੇ ਸੋਚਿਆ—"ਇਹੋ ਤਾਂ ਸਭ ਤੋਂ ਦੁਖਦਾਈ ਗੱਲ ਏ ਜਿਹੜੀ ਮੈਂ ਇਨ੍ਹਾਂ ਨਾਲ ਹੁੰਦੀ ਵੇਖੀ ਸੀ।" ਮੁੰਡਾ ਵੀ ਉਦਾਸ ਸੀ ਅਤੇ ਉਨ੍ਹਾਂ ਉਸ ਤੋਂ ਮਆਫ਼ੀ ਮੰਗੀ ਅਤੇ ਫਿਰ ਤੁਰੰਤ ਹੀ ਉਸਨੂੰ ਹਲਾਲ ਕਰ ਦਿੱਤਾ।

"ਕਾਸ਼ ! ਮੁੰਡਾ ਇਥੇ ਹੁੰਦਾ !" ਉਸ ਨੇ ਉੱਚੀ ਆਵਾਜ਼ 'ਚ ਕਿਹਾ ਅਤੇ ਆਪਣੇ ਆਪ ਨੂੰ ਕਿਸ਼ਤੀ ਦੇ ਮੱਥੇ ਦੇ ਗੋਲ ਤਖ਼ਤੇ 'ਤੇ ਟਿਕਾ ਲਿਆ। ਆਪਣੇ ਮੋਢੇ ਦੁਆਲੇ ਵਲੀ ਅਤੇ ਪਿਛਾਂਹ ਨੂੰ ਲਟਕ ਰਹੀ ਡੋਰੀ 'ਤੇ ਉਸਨੇ ਮੱਛੀ ਦਾ ਭਾਰ ਮਹਿਸੂਸ ਕੀਤਾ।

ਉਸਨੇ ਸੋਚਿਆ, 'ਇਕ ਵਾਰ ਦੇ ਧੋਖੇ ਕਾਰਨ ਉਸ ਨੂੰ ਚੋਣ ਕਰਨੀ ਜ਼ਰੂਰੀ ਹੋ ਗਈ ਸੀ।'

ਉਸ ਦੀ ਚੋਣ ਸੀ ਹਰੇਕ ਕਿਸਮ ਦੇ ਫੰਧੇ, ਜਾਲ ਅਤੇ ਧੋਖਿਆਂ ਤੋਂ ਦੂਰ ਦੁਰਾਡੇ ਡੂੰਘੇ ਗਹਿਰੇ ਪਾਣੀਆਂ 'ਚ ਰਹਿਣਾ। ਮੇਰੀ ਚੋਣ ਉਥੇ ਜਾ ਕੇ ਸਾਰੇ ਜੀਵਾਂ 'ਚੋਂ ਉਸਨੂੰ ਲੱਭ ਲੈਣਾ ਸੀ। ਸੰਸਾਰ ਵਿਚ ਹਰ ਤਰ੍ਹਾਂ ਦੇ ਜੀਵਾਂ 'ਚੋਂ। ਹੁਣ ਅਸੀਂ ਇਕੱਠੇ ਹੋ ਗਏ ਹਾਂ ਅਤੇ ਦੁਪਹਿਰ ਤੋਂ ਇਕੱਠੇ ਹੀ ਹਾਂ। ਹੁਣ ਸਾਡੇ ਦੋਵਾਂ ਦੀ ਕਿਸੇ ਦੀ ਮਦਦ ਕਰਨ ਲਈ ਕੋਈ ਨਹੀਂ ਹੈ।

ਉਸ ਨੇ ਸੋਚਿਆ ਸ਼ਾਇਦ ਮੈਨੂੰ ਮਛੇਰਾ ਨਹੀਂ ਬਣਨਾ ਚਾਹੀਦਾ ਸੀ। ਪਰ ਏਸੇ ਵਾਸਤੇ ਤਾਂ ਮੈਂ ਪੈਦਾ ਹੋਇਆ ਸੀ। ਮੈਨੂੰ ਜ਼ਰੂਰ ਚੇਤੇ ਨਾਲ ਸਵੇਰ ਹੋਣ ਤੋਂ ਪਹਿਲਾਂ ਝੀਂਗਾ ਮੱਛੀ ਖਾ ਲੈਣੀ ਚਾਹੀਦੀ ਹੈ।"

ਪਹੁ-ਫੁਟਾਲੇ ਤੋਂ ਥੋੜ੍ਹੀ ਦੇਰ ਪਹਿਲਾਂ ਉਸ ਦੇ ਪਿਛਲੇ ਪਾਸੇ ਵਾਲੇ ਡੋਰੀਆਂ ਨਾਲ ਲੱਗੇ ਫੰਧਿਆਂ 'ਚੋਂ ਇਕ ਨੂੰ ਫੜ ਲਿਆ। ਉਸਨੇ ਸੋਟੀ ਟੁੱਟਣ ਦੀ ਆਵਾਜ਼ ਸੁਣੀ ਅਤੇ ਬੇੜੀ ਦੇ ਮੋਢੇ ਤੋਂ ਡੋਰੀ ਖਿਸਕਦੀ ਹੋਈ ਦੇਖੀ। ਹਨੇਰੇ ਵਿਚ ਉਸ ਨੇ ਆਪਣੀ ਮਿਆਨ 'ਚੋਂ ਚਾਕੂ ਢਿੱਲਾ ਕੀਤਾ ਅਤੇ ਮੱਛੀ ਦਾ ਸਾਰਾ ਬੋਝ ਆਪਣੇ ਖੱਬੇ ਮੋਢੇ 'ਤੇ ਲੈਂਦੇ ਹੋਏ ਪਿੱਠ ਪਰਨੇ ਲੇਟ ਗਿਆ ਅਤੇ ਮੋਢੇ ਨਾਲ ਲੱਗੀ ਲੱਕੜੀ ਨਾਲੋਂ ਡੋਰੀ ਕੱਟ ਦਿੱਤੀ। ਤਦ ਉਸ ਨੇ ਨੇੜਲੀ ਡੋਰੀ ਕੱਟੀ ਅਤੇ ਹਨੇਰੇ ਵਿਚ ਵਾਧੂ ਕੰਡਲਾਂ ਦੇ ਢਿੱਲੇ ਸਿਰੇ ਕੱਸ ਦਿੱਤੇ। ਜਦ ਉਹ ਗੰਢਾਂ ਕੱਸ ਰਿਹਾ ਸੀ ਤਾਂ ਉਹਨੇ ਇਕ ਹੱਥ ਨਾਲ ਬੜੀ ਸਿਆਣਪ ਨਾਲ ਕੰਮ ਕੀਤਾ ਅਤੇ ਆਪਣਾ ਪੈਰ ਕੁੰਡਲਾਂ ਨੂੰ ਫੜਨ ਲਈ ਵਿਚ ਫਸਾ ਲਿਆ। ਹੁਣ ਉਸ ਕੋਲ ਛੇ ਵਾਧੂ ਡੋਰੀਆਂ ਦੇ ਗੁੱਛੇ ਸਨ। ਦੋ ਫੰਧਿਆਂ ਨਾਲੋਂ ਉਸ ਨੇ ਗੁੱਛੇ ਕੱਟੇ ਸਨ ਅਤੇ ਦੋ ਹੋਰਾਂ ਨਾਲ ਲਗਾ ਦਿੱਤੇ ਸਨ ਜਿਹੜੇ ਕਿ ਮੱਛੀਆਂ ਧਰੀਕ ਰਹੀਆਂ ਸਨ। ਇਹ ਆਪਸ ਵਿਚ ਜੁੜੇ ਹੋਏ ਹਨ।

ਉਸਨੇ ਸੋਚਿਆ, ਪਹੁ-ਫੁਟਾਲੇ ਪਿਛੋਂ ਮੈਂ ਚਾਲੀ ਫੈਥਮ ਡੂੰਘੇ ਫੰਧੇ ਵਲ ਧਿਆਨ ਦੇਵਾਂਗਾ ਅਤੇ ਇਸਨੂੰ ਵੀ ਕੱਟ ਕੇ ਵਾਧੂ ਗੁੱਛੇ ਜੋੜ ਦਿਆਂਗਾ। ਮੈਂ ਦੋ ਸੌ ਫੈਥਮ ਲੰਬੀ ਚੰਗੀ ਕੈਟੇਲਾਨੀਆ ਦੀ ਕਾਰਡੇਲ ਡੋਰੀ ਅਤੇ ਕੁੰਡੀਆਂ ਗਵਾ ਬੈਠਾ ਹੋਵਾਂਗਾ। ਇਸ ਦੀ ਤਾਂ

ਭਰਪਾਈ ਹੋ ਸਕਦੀ ਹੈ ਪਰ ਉਸ ਮੱਛੀ ਦੀ ਭਰਪਾਈ ਕੌਣ ਕਰੇਗਾ ਜੇ ਮੈਂ ਕੋਈ ਹੋਰ ਮੱਛੀ ਫਸਾ ਲਵਾਂ ਅਤੇ ਇਹ ਉਸ ਨੂੰ ਕੱਟ ਦੇਵੇ। ਮੈਨੂੰ ਨਹੀਂ ਪਤਾ ਇਹ ਕਿਹੜੀ ਮੱਛੀ ਸੀ ਜਿਸਨੇ ਹੁਣੇ ਹੁਣੇ ਫੰਧਾ ਫੜਿਆ ਸੀ। ਸ਼ਾਇਦ ਮਾਰਲਿਨ ਜਾਂ ਬਰੋਡਬਿਲ ਜਾਂ ਸ਼ਰਕ ਹੋ ਸਕਦੀ ਸੀ। ਮੈਨੂੰ ਇਸ ਦਾ ਕੋਈ ਅਹਿਸਾਸ ਨਹੀਂ। ਮੈਨੂੰ ਤਾਂ ਜਲਦੀ ਤੋਂ ਜਲਦੀ ਇਸ ਤੋਂ ਛੁਟਕਾਰਾ ਕਰਾਉਣਾ ਪਿਆ।

ਉੱਚੀ ਆਵਾਜ਼ 'ਚ ਉਹ ਫੇਰ ਬੋਲਿਆ, ''ਕਾਸ਼ ! ਅੱਜ ਮੁੰਡਾ ਨਾਲ ਹੁੰਦਾ।''

ਉਸ ਨੇ ਸੋਚਿਆ, ਪਰ ਤੇਰੇ ਕੋਲ ਮੁੰਡਾ ਨਹੀਂ ਹੋ ਸਕਦਾ ਸੀ। ਤੇਰੇ ਕੋਲ ਤਾਂ ਖ਼ੁਦ ਤੂੰ ਹੀ ਹੈਂ ਅਤੇ ਤੈਨੂੰ ਹੁਣ ਆਖ਼ਰੀ ਡੋਰੀ ਵਲ ਧਿਆਨ ਦੇਣ ਲਈ ਚੰਗੀ ਮਿਹਨਤ ਕਰਨੀ ਹੋਵੇਗੀ। ਭਾਵੇਂ ਨੇਰ੍ਹੇ ਭਾਵੇਂ ਸਵੇਰੇ ਅਤੇ ਇਸ ਨੂੰ ਕੱਟ ਕੇ ਬਾਕੀ ਦੋ ਵਾਧੂ ਗੁੱਛਿਆਂ ਨੂੰ ਬੰਨ੍ਹਣਾ ਪਏਗਾ।

ਉਸ ਨੇ ਇਸੇ ਤਰ੍ਹਾਂ ਕੀਤਾ। ਹਨੇਰੇ ਵਿਚ ਇਹ ਕੰਮ ਔਖਾ ਸੀ ਅਤੇ ਮੱਛੀ ਨੇ ਪਲਸੇਟਾ ਮਾਰਿਆ ਜਿਸ ਨੇ ਉਸ ਨੂੰ ਮੂੰਹ ਭਾਰ ਥੱਲੇ ਸੁੱਟ ਦਿੱਤਾ ਅਤੇ ਉਹਦੀ ਅੱਖ ਥੱਲੇ ਵਾਢ ਪੈ ਗਿਆ। ਉਹਦੀਆਂ ਗੱਲ੍ਹਾਂ 'ਤੇ ਥੋੜ੍ਹਾ ਜਿਹਾ ਲਹੂ ਵਗ ਪਿਆ। ਪਰ ਠੋਡੀ ਤਕ ਪਹੁੰਚਣ ਤੋਂ ਪਹਿਲਾਂ ਹੀ ਇਹ ਰੁਕ ਗਿਆ ਅਤੇ ਸੁਕ ਗਿਆ। ਉਹ ਫੇਰ ਕਿਸ਼ਤੀ ਦੇ ਮੱਥੇ ਵਲ ਪਹੁੰਚਿਆ ਜਿਥੇ ਲੱਕੜੀ ਤੇ ਢੋਅ ਲਾ ਕੇ ਉਹਨੇ ਆਰਾਮ ਕੀਤਾ। ਉਸਨੇ ਬੋਰੀ ਠੀਕ ਕੀਤੀ ਅਤੇ ਡੋਰੀ ਧਿਆਨ ਨਾਲ ਮੋਢੇ ਦੇ ਇਕ ਨਵੇਂ ਹਿੱਸੇ ਵੱਲ ਸਰਕਾਈ। ਉਸ ਨੇ ਧਿਆਨ ਨਾਲ ਮੱਛੀ ਦਾ ਖਿਚਾਅ ਮਹਿਸੂਸ ਕੀਤਾ ਅਤੇ ਤਦ ਹੱਥ ਨਾਲ ਪਾਣੀ ਰਾਹੀਂ ਕਿਸ਼ਤੀ ਦੀ ਚਾਲ ਨੂੰ ਮਹਿਸੂਸ ਕੀਤਾ।

ਉਸ ਨੇ ਸੋਚਿਆ -ਮੈਨੂੰ ਹੈਰਾਨੀ ਹੈ ਕਿ ਉਸ ਨੇ ਝਟਕਾ ਕਿਉਂ ਦਿੱਤਾ। ਜ਼ਰੂਰ ਹੀ ਤਾਰ ਉਹਦੀ ਪਿੱਠ ਦੀ ਉੱਚਾਈ ਤੋਂ ਸਰਕ ਗਈ ਹੋਣੀ ਹੈ। ਉਸ ਦੀ ਪਿੱਠ ਮੇਰੀ ਪਿੱਠ ਵਾਂਗ ਮਹਿਸੂਸ ਨਹੀਂ ਕਰ ਸਕਦੀ। ਪਰ ਫੇਰ ਵੀ ਉਹ ਕਿਸ਼ਤੀ ਨੂੰ ਸਦਾ ਲਈ ਨਹੀਂ ਖਿੱਚ ਸਕਦੀ ਭਾਵੇਂ ਉਹ ਜਿੱਡੀ ਮਰਜ਼ੀ ਵੱਡੀ ਹੋਵੇ। ਹੁਣ ਸਭ ਕੁਝ ਨਹੀਂ ਰੁੜ੍ਹ ਸਕਦਾ ਜਿਸ ਦਾ ਕੋਈ ਦੁਖ ਹੋਵੇ ਅਤੇ ਮੇਰੇ ਕੋਲ ਤਾਂ ਕਾਫ਼ੀ ਵਾਧੂ ਡੋਰੀ ਵੀ ਹੈ। ਜਿੰਨੀ ਇਕ ਬੰਦੇ ਨੂੰ ਲੋੜ ਹੋ ਸਕਦੀ ਹੈ।

''ਮੱਛਲੀਏ।'' ਉਸ ਨੇ ਉਲਾਸ ਨਾਲ ਉੱਚੀ ਆਵਾਜ਼ 'ਚ ਕਿਹਾ ''ਜਦ ਤਕ ਮੈਂ ਮਰ ਨਹੀਂ ਜਾਂਦਾ ਉਦੋਂ ਤੱਕ ਤੇਰੇ ਨਾਲ ਰਹਾਂਗਾ।''

ਬੁੱਢੇ ਨੇ ਸੋਚਿਆ–ਮੇਰਾ ਖ਼ਿਆਲ ਹੈ ਉਹ ਵੀ ਮੇਰੇ ਸੰਗ ਰਹੇਗੀ। ਉਸ ਨੇ ਉਡੀਕ ਕੀਤੀ ਕਿ ਉਹ ਥੋੜ੍ਹੀ ਹਲਕੀ ਹੋ ਜਾਵੇ। ਪਹੁ-ਫੁਟਾਲੇ ਤੋਂ ਪਹਿਲਾਂ ਹੁਣ ਠੰਡ ਹੋ ਗਈ ਸੀ ਅਤੇ ਨਿੱਘਾ ਹੋਣ ਲਈ ਆਪਣੇ ਆਪ ਨੂੰ ਲੱਕੜੀ ਨਾਲ ਰਗੜਿਆ। ਉਸ ਨੇ ਸੋਚਿਆ ਮੈਂ ਜਦੋਂ ਤਕ ਚਾਹਵਾਂ, ਇੰਝ ਕਰ ਸਕਦਾ ਹਾਂ। ਰੋਸ਼ਨੀ ਦੀ ਪਹਿਲੀ ਕਿਰਨ ਨਾਲ ਡੋਰੀ ਹੋਰ ਵਧ ਗਈ ਅਤੇ ਪਾਣੀ ਅੰਦਰ ਥੱਲੇ ਚਲੀ ਗਈ। ਕਿਸ਼ਤੀ ਇਕਸਾਰ ਹਿੱਲਣ ਲੱਗੀ ਅਤੇ ਸੂਰਜ ਦੀ ਪਹਿਲੀ ਕੋਰ ਉੱਭਰੀ ਤਾਂ ਡੋਰੀ ਬੁੱਢੇ ਆਦਮੀ ਦੇ ਸੱਜੇ ਮੋਢੇ 'ਤੇ ਸੀ।

''ਇਹ ਤਾਂ ਉੱਤਰ ਦਿਸ਼ਾ ਵਲ ਵਧ ਰਹੀ ਹੈ'' ਬੁੱਢੇ ਨੇ ਕਿਹਾ। ਜਲਪ੍ਰਵਾਹ ਸਾਨੂੰ ਧੁਰ ਪੂਰਬ ਵਲ ਲੈ ਜਾਵੇਗਾ ਕਾਸ਼ ਉਸ ਜਲ-ਪ੍ਰਵਾਹ ਦੇ ਨਾਲ ਮੋੜ ਕੱਟੇ। ਇਸ ਤੋਂ ਪਤਾ ਲਗ ਜਾਵੇਗਾ ਕਿ ਇਹ ਥੱਕਦੀ ਜਾ ਰਹੀ ਹੈ।''

ਜਦ ਸੂਰਜ ਹੋਰ ਉੱਪਰ ਉੱਠਿਆ ਤਾਂ ਬੁੱਢੇ ਆਦਮੀ ਨੂੰ ਅਹਿਸਾਸ ਹੋਇਆ ਕਿ ਮੱਛੀ ਥੱਕ ਨਹੀਂ ਰਹੀ ਸੀ। ਸਿਰਫ਼ ਇਕੋ ਹੀ ਨਿਸ਼ਾਨੀ ਪੱਖ ਵਿਚ ਜਾ ਰਹੀ ਸੀ। ਡੋਰੀ ਦੀ ਢਾਲ ਤੋਂ ਦਿਸਦਾ ਸੀ ਕਿ ਉਹ ਘੱਟ ਡੂੰਘਾਈ 'ਤੇ ਤੈਰ ਰਹੀ ਸੀ। ਇਸਦਾ ਜ਼ਰੂਰੀ ਤੌਰ 'ਤੇ ਇਹ ਅਰਥ ਨਹੀਂ ਸੀ ਕਿ ਉਹ ਕੁੱਦ ਪਵੇਗੀ ਪਰ ਕੁੱਦ ਵੀ ਸਕਦੀ ਹੈ।

''ਰੱਬ ਕਰੇ ਉਹ ਕੁੱਦ ਹੀ ਪਵੇ !'' ਬੁੱਢੇ ਆਦਮੀ ਨੇ ਕਿਹਾ 'ਮੇਰੇ ਕੋਲ ਇੰਨੀ ਡੋਰੀ ਹੈ ਕਿ ਉਸ ਦਾ ਕਾਬੂ ਪਾ ਸਕਦਾ ਹਾਂ। 'ਜੇ ਸ਼ਾਇਦ ਮੈਂ ਖਿੱਚ ਥੋੜ੍ਹੀ ਜਿਹੀ ਵਧਾ ਦੇਵਾਂ ਤਾਂ ਉਸਨੂੰ ਪੀੜ ਹੋਵੇਗੀ ਅਤੇ ਉਹ ਕੁੱਦੇਗੀ।' ਉਸਨੇ ਸੋਚਿਆ। ਹੁਣ ਸਵੇਰ ਹੋ ਗਈ ਹੈ ਸੋ ਉਹਨੂੰ ਕੁੱਦਣਾ ਚਾਹੀਦਾ ਹੈ ਤਾਂ ਜੋ ਉਹ ਆਪਣੀ ਰੀੜ੍ਹ ਦੇ ਨਾਲ ਗਿਲਟੀਆਂ ਨੂੰ ਹਵਾ ਨਾਲ ਭਰ ਸਕੇ ਅਤੇ ਤਦ ਉਹ ਮਰਨ ਲਈ ਡੂੰਘੇ ਸਮੁੰਦਰ 'ਚ ਜਾ ਸਕਦੀ ਹੈ।

ਉਸ ਨੇ ਖਿੱਚ ਵਧਾਉਣ ਦੀ ਕੋਸ਼ਿਸ਼ ਕੀਤੀ ਪਰ ਡੋਰੀ ਉੱਪਰਲੇ ਸਿਰੇ ਤੋਂ ਹੀ ਇੰਨੀ ਕੱਸੀ ਹੋਈ ਸੀ ਜਦੋਂ ਤੋਂ ਅੱਡੀ 'ਚ ਕੁੰਡੀ ਫਸਾਈ ਸੀ ਉਦੋਂ ਦੀ ਉਸਨੇ ਕਠੋਰਤਾ ਮਹਿਸੂਸ ਕੀਤੀ ਜਦ ਉਹ ਖਿੱਚਣ ਲਈ ਲੇਟਿਆ ਅਤੇ ਪਤਾ ਲੱਗਾ ਕਿ ਉਹ ਹੋਰ ਵਧੇਰੇ ਦਬਾਅ ਨਹੀਂ ਪਾ ਸਕਦਾ। ਉਹਨੂੰ ਉਹਨੇ ਸੋਚਿਆ ਮੈਨੂੰ ਕਦੇ ਝਟਕਾ ਨਹੀਂ ਦੇਣਾ ਚਾਹੀਦਾ। ਹਰੇਕ ਝਟਕਾ ਕੁੰਡੀ ਵਾਲੇ ਜ਼ਖਮ ਨੂੰ ਚੌੜਾ ਕਰਦਾ ਹੈ ਅਤੇ ਜੇ ਕਿਤੇ ਉਹ ਕੁੱਦ ਪਵੇ ਤਾਂ ਕੁੰਡੀ ਨੂੰ ਸੁੱਟ ਸਕਦੀ ਹੈ। ਫਿਰ ਵੀ ਧੁੱਪ ਨਿਕਲਣ ਨਾਲ ਹੁਣ ਮੈਂ ਆਰਾਮ ਮਹਿਸੂਸ ਕਰਦਾ ਹਾਂ ਅਤੇ ਇਕ ਵਾਰ ਵੀ ਮੈਨੂੰ ਇਹਦੇ ਵਲ ਵੇਖਣਾ ਨਹੀਂ ਪਏਗਾ।

ਡੋਰੀ 'ਤੇ ਨਦੀਨ ਦਿਖਾਈ ਦੇ ਰਹੀ ਸੀ ਪਰ ਬੁੱਢੇ ਨੂੰ ਪਤਾ ਸੀ ਕਿ ਇਹ ਸਿਰਫ਼ ਵਧੀ ਹੋਈ ਰਹਿੰਦ ਖੂੰਹਦ ਸੀ। ਇਸਨੇ ਉਸਨੂੰ ਖ਼ੁਸ਼ ਕਰ ਦਿੱਤਾ। ਇਹ ਵੀ ਖਾੜੀ ਦਾ ਪੀਲਾ ਨਦੀਨ ਸੀ ਜਿਹੜਾ ਰਾਤ ਵੇਲੇ ਬਹੁਤ ਚਮਕਦਾ ਰਿਹਾ ਸੀ।

''ਮੱਛਲੀਏ !'' ਉਹ ਬੋਲਿਆ ''ਮੈਂ ਤੈਨੂੰ ਪਿਆਰ ਕਰਦਾ ਹਾਂ ਅਤੇ ਤੇਰੀ ਬਹੁਤ ਇੱਜ਼ਤ ਕਰਦਾ ਹਾਂ। ਪਰ ਮੈਂ ਤੈਨੂੰ ਦਿਨ ਢਲਣ ਤੋਂ ਪਹਿਲਾਂ ਮਾਰ ਸੁੱਟਣਾ ਏ।''

ਉਸ ਨੇ ਸੋਚਿਆ, ਚਲੋ ਇਹ ਆਸ ਤਾਂ ਕਰਨੀ ਹੀ ਚਾਹੀਦੀ ਹੈ। ਉੱਤਰ ਦਿਸ਼ਾ ਵਲੋਂ ਇਕ ਛੋਟਾ ਜਿਹਾ ਪੰਛੀ ਕਿਸ਼ਤੀ ਵਲ ਆਇਆ। ਇਹ ਇਕ ਗਾਇਕ ਪੰਛੀ ਸੀ ਅਤੇ ਪਾਣੀ ਦੇ ਉੱਪਰ ਬਹੁਤ ਨੀਵਾਂ ਉੱਡ ਰਿਹਾ ਸੀ।

ਪੰਛੀ ਕਿਸ਼ਤੀ ਦੇ ਪਿਛਵਾੜੇ ਬਹਿ ਗਿਆ ਅਤੇ ਆਰਾਮ ਕਰਨ ਲੱਗਾ। ਫਿਰ ਉਹ ਬੁੱਢੇ ਆਦਮੀ ਦੇ ਸਿਰ ਦੁਆਲੇ ਉੱਡਣ ਲੱਗਾ ਅਤੇ ਡੋਰੀ 'ਤੇ ਬਹਿ ਗਿਆ ਜਿਥੇ ਉਹ ਵਧੇਰੇ ਆਰਾਮਦਾਇਕ ਲੱਗ ਰਿਹਾ ਸੀ।

''ਤੂੰ ਕਿੰਨੀ ਕੁ ਉਮਰ ਦਾ ਏਂ ?'' ਬੁੱਢੇ ਨੇ ਪੰਛੀ ਨੂੰ ਪੁੱਛਿਆ ''ਤੇਰੀ ਇਹ ਪਹਿਲੀ ਫੇਰੀ ਏ ?''

ਜਦ ਉਹ ਬੋਲਿਆ ਤਾਂ ਪੰਛੀ ਉਹਦੇ ਵਲ ਵੇਖਣ ਲੱਗਾ। ਉਹ ਇੰਨਾ ਥੱਕਿਆ ਹੋਇਆ ਸੀ ਕਿ ਡੋਰੀ ਵਲ ਵੀ ਧਿਆਨ ਨਾ ਦਿੱਤਾ। ਜਿਉਂ ਹੀ ਉਹਦੇ ਨਰਮ ਪੌਚਿਆਂ ਨੇ ਰੱਸੀ ਨੂੰ ਫੜ ਲਿਆ ਉਹ ਝੂਲਣ ਲਗ੍ਹ ਪਿਆ।

''ਇਹ ਅਡੋਲ ਹੈ।'' ਬੁੱਢੇ ਨੇ ਉਹਨੂੰ ਦੱਸਿਆ। ''ਇਹ ਬਹੁਤ ਅਡੋਲ ਹੈ। ਤੈਨੂੰ ਖ਼ਾਮੋਸ਼ ਰਾਤ ਤੋਂ ਬਾਅਦ ਇੰਨਾ ਥਕੇਵਾਂ ਨਹੀਂ ਹੋਣਾ ਚਾਹੀਦਾ ਸੀ। ਪੰਛੀ ਕਿਉਂ ਇਧਰ ਆ ਰਹੇ ਨੇ।''

ਉਸ ਨੇ ਸੋਚਿਆ ਸ਼ਿਕਰੇ ਜਿਹੜੇ ਉਹਨਾਂ ਨੂੰ ਮਿਲਣ ਸਮੁੰਦਰ 'ਚ ਆਉਂਦੇ ਹਨ। ਪਰ ਉਸ ਨੇ ਪੰਛੀ ਨੂੰ ਸ਼ਿਕਰਿਆਂ ਬਾਰੇ ਕੁਝ ਨਹੀਂ ਕਿਹਾ ਜਿਹੜਾ ਉਹਨਾਂ ਬਾਰੇ ਕੁਝ ਸਮਝ ਨਹੀਂ ਸਕਦਾ ਸੀ ਅਤੇ ਜੋ ਜਲਦ ਹੀ ਵੱਡਾ ਹੋ ਕੇ ਉਹਨਾਂ ਬਾਰੇ ਜਾਣ ਜਾਏਗਾ।

''ਛੋਟੇ ਪੰਛੀ, ਚੰਗੀ ਤਰ੍ਹਾਂ ਆਰਾਮ ਕਰ ਲੈ।'' ਉਸਨੇ ਕਿਹਾ–''ਫਿਰ ਤੂੰ ਚਲਾ ਜਾਈਂ ਅਤੇ ਆਪਣਾ ਮੌਕਾ ਸੰਭਾਲੀਂ ਜਿਵੇਂ ਕੋਈ ਇਨਸਾਨ, ਪੰਛੀ ਜਾਂ ਮੱਛੀਆਂ ਕਰਦੇ ਹਨ।''

ਪੰਛੀ ਨੇ ਉਹਨੂੰ ਗੱਲਾਂ ਕਰਨ ਲਈ ਪ੍ਰੇਰਿਤ ਕੀਤਾ ਕਿਉਂਕਿ ਉਸਦੀ ਪਿੱਠ ਰਾਤ ਵੇਲੇ ਆਕੜ ਗਈ ਸੀ ਅਤੇ ਹੁਣ ਸੱਚੀਂ-ਮੁੱਚੀ ਦਰਦ ਕਰ ਰਹੀ ਸੀ।

''ਪੰਛੀ, ਜੇ ਤੈਨੂੰ ਪਸੰਦ ਹੈ ਤਾਂ ਮੇਰੇ ਘਰ ਰਹਿ ਸਕਦਾ ਹੈਂ।'' ਉਸ ਨੇ ਕਿਹਾ, 'ਮੈਨੂੰ ਅਫਸੋਸ ਹੈ ਮੈਂ ਬਾਦਬਾਨ ਨਹੀਂ ਲਹਿਰਾ ਸਕਦਾ ਅਤੇ ਰੁਮਕ ਰਹੀ ਹਵਾ 'ਚ ਤੈਨੂੰ ਨਹੀਂ ਲਿਜਾ ਸਕਦਾ। ਪਰ ਮੈਂ ਇਕ ਦੋਸਤ ਦੇ ਕੋਲ ਹਾਂ।''

ਉਸ ਵੇਲੇ ਮੱਛੀ ਨੇ ਅਚਾਨਕ ਝਟਕਾ ਦਿੱਤਾ ਜਿਸ ਨੇ ਬੁੱਢੇ ਨੂੰ ਕਿਸ਼ਤੀ ਦੇ ਮੱਥੇ 'ਤੇ ਸੁੱਟ ਦਿੱਤਾ ਅਤੇ ਉਹਨੂੰ ਕਿਸ਼ਤੀ ਤੋਂ ਬਾਹਰ ਖਿੱਚ ਲੈਣਾ ਸੀ ਜੇ ਉਹ ਆਪਣੇ ਆਪਨੂੰ ਨਾ ਸੰਭਾਲਦਾ ਅਤੇ ਹੋਰ ਡੋਰੀ ਨਾ ਛੱਡਦਾ।

ਜਦ ਡੋਰੀ ਨੇ ਝਟਕਾ ਦਿੱਤਾ ਤਾਂ ਪੰਛੀ ਉੱਡ ਗਿਆ ਸੀ ਅਤੇ ਬੁੱਢੇ ਨੇ ਉਹਨੂੰ ਜਾਂਦੇ ਨੂੰ ਵੀ ਦੇਖਿਆ ਨਹੀਂ ਸੀ। ਉਸ ਨੇ ਸੱਜੇ ਹੱਥ ਨਾਲ ਡੋਰੀ ਨੂੰ ਧਿਆਨ ਨਾਲ ਮਹਿਸੂਸ ਕੀਤਾ ਅਤੇ ਦੇਖਿਆ ਕਿ ਉਹਦੇ ਹੱਥ 'ਚੋਂ ਖੂਨ ਨਿਕਲ ਰਿਹਾ ਸੀ।

''ਉਸ ਨੂੰ ਕੁਝ ਵੱਜਿਆ ਹੋਣਾ ਏ।'' ਉਸ ਨੇ ਉੱਚੀ ਆਵਾਜ਼ 'ਚ ਕਿਹਾ ਅਤੇ ਇਹ ਦੇਖਣ ਲਈ ਡੋਰੀ ਖਿੱਚੀ ਕਿ ਕੀ ਉਹ ਮੱਛੀ ਨੂੰ ਮੋੜ ਸਕਦਾ ਸੀ। ਪਰ ਜਦ ਉਹ ਪਾਣੀ ਉੱਪਰਲਾ ਡੋਰੀ ਦਾ ਹਿੱਸਾ ਛੂਹ ਰਿਹਾ ਸੀ ਤਾਂ ਉਹ ਸਖ਼ਤੀ ਨਾਲ ਡੋਰੀ ਨੂੰ ਫੜ ਕੇ ਪਿੱਛੇ ਬਹਿ ਗਿਆ।

''ਹੁਣ ਤੈਨੂੰ ਪਤਾ ਲੱਗ ਰਿਹਾ ਏ, ਮੱਛੀਏ !'' ਉਸ ਨੇ ਕਿਹਾ ''ਅਤੇ ਰੱਬ ਹੀ ਜਾਣਦਾ ਏ,, ਪਤਾ ਮੈਨੂੰ ਵੀ ਲੱਗ ਰਿਹਾ ਏ।''

ਉਸ ਨੇ ਏਧਰ ਉਧਰ ਪੰਛੀ ਵਲ ਨਿਗਾਹ ਮਾਰੀ ਕਿਉਂਕਿ ਉਹਨੂੰ ਇਸਦਾ ਸਾਥ ਚੰਗਾ ਲੱਗਦਾ ਸੀ। ਪੰਛੀ ਜਾ ਚੁੱਕਾ ਸੀ।

ਬੁੱਢੇ ਨੇ ਸੋਚਿਆ–''ਤੂੰ ਜ਼ਿਆਦਾ ਦੇਰ ਨਹੀਂ ਰੁਕਿਆ ਪਰ ਜਿਹੜੇ ਪਾਸੇ ਤੂੰ ਜਾ ਰਿਹਾ ਏਂ ਉਹ ਤਾਂ ਹੋਰ ਵਧੇਰੇ ਭੈੜਾ ਹੈ ਜਦ ਤਕ ਤੂੰ ਕਿਨਾਰੇ 'ਤੇ ਨਹੀਂ ਪਹੁੰਚ ਜਾਂਦਾ। ਮੱਛੀ ਦੀ ਪਾਈ ਕਾਹਲੀ ਖਿਚ ਨਾਲ ਮੈਂ ਆਪਣਾ ਹੱਥ ਕਿਵੇਂ ਚੀਰਿਆ ਜਾਣ ਦਿੱਤਾ ? ਮੈਂ ਜ਼ਰੂਰ ਮੂਰਖਤਾ ਕਰ ਰਿਹਾ ਹੋਵਾਂਗਾ। ਜਾਂ ਸ਼ਾਇਦ ਮੈਂ ਛੋਟੇ ਪੰਛੀ ਵਲ ਦੇਖ ਰਿਹਾ ਅਤੇ ਸੋਚ ਰਿਹਾ ਸੀ। ਹੁਣ ਮੈਂ ਆਪਣੇ ਕੰਮ ਵਲ ਹੀ ਧਿਆਨ ਦੇਵਾਂਗਾ ਅਤੇ ਮੈਨੂੰ ਝੀਂਗਾ ਵੀ ਜ਼ਰੂਰ ਖਾ ਲੈਣੀ ਚਾਹੀਦੀ ਹੈ ਤਾਂਕਿ ਆਪਣੀ ਸ਼ਕਤੀ ਨਾ ਗੁਆ ਬੈਠਾਂ।''

''ਕਾਸ਼ ! ਮੁੰਡਾ ਮੇਰੇ ਨਾਲ ਹੁੰਦਾ ਅਤੇ ਥੋੜਾ ਜਿਹਾ ਲੂਣ ਵੀ ਹੁੰਦਾ।'' ਉਸ ਨੇ ਉੱਚੀ ਆਵਾਜ਼ 'ਚ ਕਿਹਾ।

ਸਾਵਧਾਨੀ ਨਾਲ ਡੋਰੀ ਦਾ ਬੋਝ ਆਪਣੇ ਖੱਬੇ ਮੋਢੇ 'ਤੇ ਮੋੜਦੇ ਅਤੇ ਝੁਕਦੇ ਹੋਏ ਉਸਨੇ ਸਮੁੰਦਰ 'ਚ ਆਪਣਾ ਹੱਥ ਧੋਤਾ ਅਤੇ ਪਾਣੀ ਵਿਚ ਕੁਝ ਮਿੰਟ ਡਬੋਈ ਰੱਖਿਆ। ਉਹ ਇਸ 'ਚੋਂ ਨਿਕਲੇ ਖ਼ੂਨ ਦੀ ਰੇਖਾ ਦੇਖਦਾ ਰਿਹਾ ਅਤੇ ਹਿਲ ਰਹੀ ਕਿਸ਼ਤੀ ਦੇ ਨਾਲ-ਨਾਲ ਹੱਥ ਦੇ ਉਲਟ ਦਿਸ਼ਾ 'ਚ ਜਾ ਰਹੇ ਪਾਣੀ ਦੇ ਪ੍ਰਵਾਹ ਨੂੰ ਤੱਕਦਾ ਰਿਹਾ।

''ਉਹ ਬਹੁਤ ਹੌਲੀ ਹੋ ਗਈ ਏ।'' ਉਸ ਨੇ ਕਿਹਾ। ਬੁੱਢੇ ਆਦਮੀ ਨੇ ਆਪਣਾ ਹੱਥ ਲੂਣੇ ਪਾਣੀ 'ਚ ਥੋੜ੍ਹੀ ਦੇਰ ਹੋਰ ਰੱਖਣਾ ਪਸੰਦ ਕੀਤਾ ਪਰ ਉਹ ਮੱਛੀ ਦੇ ਹੋਰ ਝਟਕੇ ਤੋਂ ਡਰਦਾ ਸੀ। ਉਹ ਖੜ੍ਹਾ ਹੋ ਗਿਆ ਅਤੇ ਆਪਣੇ ਆਪਨੂੰ ਸੰਭਾਲਦੇ ਹੋਏ ਆਪਣਾ ਹੱਥ ਧੁੱਪ 'ਚ ਲਹਿਰਾਇਆ। ਇਹ ਸਿਰਫ਼ ਡੋਰੀ ਦੇ ਖੁਭਣ ਕਾਰਨ ਉਸ ਦੇ ਮਾਸ ਨੂੰ ਕੱਟ ਗਿਆ ਸੀ ਪਰ ਸੀ ਉਹ ਉਹਦੇ ਹੱਥ ਦਾ ਕੰਮ ਦਾ ਹਿੱਸਾ। ਉਹਨੂੰ ਪਤਾ ਸੀ ਕਿ ਇਸ ਸ਼ਿਕਾਰ ਦੇ ਖ਼ਾਤਮੇ ਤੋਂ ਪਹਿਲਾਂ ਹੱਥਾਂ ਦੀ ਲੋੜ ਪੈਣੀ ਸੀ ਅਤੇ ਇਹਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਹ ਇਹਨਾਂ ਨੂੰ ਕਟਾਉਣੇ ਨਹੀਂ ਚਾਹੁੰਦਾ ਸੀ। ਜਦ ਉਹਦਾ ਹੱਥ ਸੁੱਕ ਗਿਆ ਤਾਂ ਉਹਨੇ ਕਿਹਾ ''ਹੁਣ ਮੈਨੂੰ ਛੋਟੀ ਜਿਹੀ ਝੀਂਗਾ ਖਾਣੀ ਚਾਹੀਦੀ ਹੈ। ਮੈਂ ਬਰਛੀ ਦੇ ਨਾਲ ਉਹਨੂੰ ਚੁੱਕ ਸਕਦਾ ਹਾਂ ਅਤੇ ਫੇਰ ਆਰਾਮ ਨਾਲ ਇਥੇ ਉਹਨੂੰ ਖਾਵਾਂਗਾ।''

ਉਹ ਗੋਡਿਆਂ ਭਾਰ ਝੁਕਿਆ ਅਤੇ ਕਿਸ਼ਤੀ ਦੇ ਪਿਛਵਾੜਿਓਂ ਬਰਛੀ ਨਾਲ ਝੀਂਗਾ ਚੁੱਕ ਲਈ ਅਤੇ ਕੁੰਡਲਦਾਰ ਡੋਰੀਆਂ ਤੋਂ ਪਾਸੇ ਕਰਦੇ ਹੋਏ ਇਹਨੂੰ ਆਪਣੇ ਕੋਲ ਲੈ ਆਂਦਾ। ਡੋਰੀ ਨੂੰ ਮੁੜ ਖੱਬੇ ਮੋਢੇ ਨਾਲ ਸੰਭਾਲਦੇ ਹੋਏ ਉਸਨੇ ਝੀਂਗਾ ਬਰਛੀ ਦੇ ਕੁੰਡੇ ਨਾਲ ਲਾਹ ਲਈ ਅਤੇ ਬਰਛਾ ਆਪਣੀ ਥਾਂ ਟਿਕਾ ਦਿੱਤਾ। ਉਸ ਨੇ ਇਕ ਗੋਡਾ ਮੱਛੀ ਉੱਤੇ ਰੱਖ ਕੇ ਇਸਦੇ ਸਿਰ ਤੋਂ ਪੂਛ ਤਕ ਗਹਿਰੇ ਲਾਲ ਰੰਗ ਦੇ ਗੋਸ਼ਤ ਦੀਆਂ ਲੰਬੀਆਂ ਧਾਰੀਆਂ ਕੱਟੀਆਂ। ਇਹ ਪੱਚਰਾਂ ਵਰਗੀਆਂ ਧਾਰੀਆਂ ਸਨ ਅਤੇ ਫਿਰ ਉਹਨੇ ਰੀੜ੍ਹ ਤੋਂ ਪੇਟ ਦੇ ਸਿਰ ਤ੍ਰਕ ਇਸਦੇ ਟੁਕੜੇ ਕਰ ਦਿੱਤੇ। ਜਦ ਉਹਨੇ ਛੇ ਧਾਰੀਆਂ ਕੱਟ ਲਈਆਂ ਤਾਂ ਇਨ੍ਹਾਂ ਨੂੰ ਕਿਸ਼ਤੀ ਦੇ ਮੱਥੇ ਦੀ ਲੱਕੜੀ 'ਤੇ ਵਿਛਾ ਦਿੱਤਾ ਅਤੇ ਆਪਣੇ ਪਜਾਮੇ ਨਾਲ ਚਾਕੂ ਪੂੰਝਿਆ। ਉਸ ਨੇ ਇਸ ਦਾ ਪਿੰਜਰ ਪੂਛ ਤੋਂ ਚੁੱਕ ਕੇ ਕਿਸ਼ਤੀ ਤੋਂ ਬਾਹਰ ਸੁੱਟ ਦਿੱਤਾ।

''ਮੇਰਾ ਨਹੀਂ ਖ਼ਿਆਲ ਕਿ ਮੈਂ ਇਹ ਸਾਰੀ-ਦੀ-ਸਾਰੀ ਖਾ ਸਕਾਂਗਾ।'' ਉਸ ਨੇ ਕਿਹਾ ਅਤੇ ਆਪਣਾ ਚਾਕੂ ਇਕ ਧਾਰੀ ਦੇ ਨੇੜੇ ਕੀਤਾ। ਉਹ ਡੋਰੀ ਦੀ ਅਡੋਲ ਸਖ਼ਤ ਖਿੱਚ ਮਹਿਸੂਸ ਕਰ ਸਕਦਾ ਸੀ ਅਤੇ ਉਹਦਾ ਖੱਬਾ ਹੱਥ ਮਰੋੜਿਆ ਪਿਆ ਸੀ। ਇਸਨੇ ਭਾਰੀ ਕੁੰਡੇ ਨੂੰ ਸਖ਼ਤੀ ਨਾਲ ਫੜਿਆ ਹੋਇਆ ਸੀ। ਉਸਨੇ ਇਹਦੇ ਵਲ ਨਫ਼ਰਤ ਨਾਲ ਦੇਖਿਆ।

''ਕਿਹੋ ਜਿਹਾ ਹੱਥ ਹੈ ਇਹ।'' ਉਸਨੇ ਕਿਹਾ ''ਜੇ ਤੂੰ ਚਾਹਵੇਂ ਤਾਂ ਮਰੋੜ ਦੇ ਇਹਨੂੰ ਆਪਣੇ ਆਪ ਨੂੰ ਪੰਜਾ ਬਣਾ ਲੈ। ਇਸਦਾ ਤੈਨੂੰ ਕੋਈ ਫ਼ਾਇਦਾ ਨਹੀਂ ਹੋਣਾ।''

ਉਸ ਨੇ ਸੋਚਿਆ—ਚੱਲ ਛੱਡ ਪਰ੍ਹੇ ਅਤੇ ਗਹਿਰੇ ਪਾਣੀ 'ਚ ਡੋਰੀ ਦੀ ਢਾਲ ਵਲ ਨਿਗ੍ਹਾ ਮਾਰੀ। ਇਹਨੂੰ ਖਾ ਲੈ ਹੁਣ ਇਹ ਤੇਰੇ ਹੱਥ ਨੂੰ ਮਜ਼ਬੂਤ ਕਰੇਗੀ। ਇਹ ਹੱਥ ਦਾ ਦੋਸ਼ ਨਹੀਂ ਸੀ। ਤੈਨੂੰ ਮੱਛੀ ਨਾਲ ਕਈ ਘੰਟੇ ਬੀਤ ਚੁੱਕੇ ਹਨ। ਪਰ ਸਦਾ ਇਹਦੇ ਨਾਲ ਰਹਿ ਸਕਦਾ ਏਂ ਪਹਿਲਾਂ ਖਾਹ ਲੈ ਮੱਛੀ।''

ਉਸਨੇ ਇਕ ਟੁਕੜਾ ਚੁੱਕਿਆ ਮੂੰਹ ਵਿਚ ਪਾ ਲਿਆ ਅਤੇ ਹੌਲੀ-ਹੌਲੀ ਚਿੱਥਣ ਲੱਗਾ। ਇਹ ਬੇਸੁਆਦੀ ਨਹੀਂ ਸੀ। ਉਸ ਨੇ ਸੋਚਿਆ ਚੰਗੀ ਤਰ੍ਹਾਂ ਚਿੱਥ ਲੈ ਅਤੇ ਇਹਦੇ ਸਾਰੇ ਰਸਾਂ ਦਾ ਮਜ਼ਾ ਲੈ। ਥੋੜ੍ਹੇ ਜਿਹੇ ਨਿੰਬੂ ਦੇ ਰਸ ਜਾਂ ਲੂਣ ਨਾਲ ਇਹਨੂੰ ਖਾਣਾ ਇੰਨਾ ਬੇਸੁਆਦੀ ਨਹੀਂ ਲੱਗੇਗਾ।

''ਕਿਵੇਂ ਹੋ ਮੇਰੇ ਹੱਥ ?'' ਉਸਨੇ ਆਪਣੇ ਮਰੋੜੇ ਹੋਏ ਹੱਥ ਨੂੰ ਪੁੱਛਿਆ ਜਿਹੜਾ ਅਜੇ ਵੀ ਇੰਨਾ ਆਕੜਿਆ ਪਿਆ ਸੀ ਜਿਵੇਂ ਮੁਰਦਾ ਹੋਵੇ। ''ਮੈਂ ਤੇਰੇ ਲਈ ਥੋੜ੍ਹਾ ਹੋਰ ਖਾ ਲੈਨਾਂ।''

ਉਸ ਨੇ ਟੁਕੜੇ ਦਾ ਦੂਜਾ ਹਿੱਸਾ ਵੀ ਖਾ ਲਿਆ ਜਿਹੜਾ ਉਹਨੇ ਦੋ ਭਾਗਾਂ 'ਚ ਕੱਟਿਆ ਸੀ। ਉਸ ਨੇ ਧਿਆਨ ਨਾਲ ਇਸ ਨੂੰ ਚਿੱਥਿਆ ਅਤੇ ਚਮੜੀ ਥੁੱਕ ਦਿੱਤੀ।

''ਕਿਵੇਂ ਰਿਹਾ ਬਈ, ਮੇਰੇ ਹੱਥ ? ਜਾਂ ਅਜੇ ਮੈਂ ਜਲਦੀ ਈ ਪੁੱਛ ਰਿਹਾਂ ?''

ਉਸਨੇ ਇਕ ਹੋਰ ਪੂਰਾ ਟੁਕੜਾ ਚੁੱਕਿਆ ਅਤੇ ਇਸ ਨੂੰ ਚਿੱਥਿਆ।

''ਇਹ ਮੋਟੀ ਤਾਜ਼ੀ ਮੱਛੀ ਸੀ।'' ਉਸਨੇ ਸੋਚਿਆ ''ਚੰਗਾ ਹੋਇਆ ਮੈਂ ਡਾਲਫਿਨ ਦੀ ਥਾਂ ਇਹਨੂੰ ਲੈ ਆਇਆ। ਡਾਲਫਿਨ ਜ਼ਿਆਦਾ ਸਵਾਦ ਹੁੰਦੀ ਹੈ। ਇਹਨੂੰ ਕੋਈ ਸ਼ਾਇਦ ਹੀ ਸੁਆਦੀ ਕਹੇਗਾ ਅਤੇ ਸਾਰੀ ਤਾਕਤ ਅਜੇ ਇਹਦੇ ਵਿਚ ਮੌਜੂਦ ਹੈ।''

ਉਸਨੇ ਸੋਚਿਆ ਕਿ ਬੰਦੇ ਨੂੰ ਹਕੀਕੀ ਹੋਣ ਤੋਂ ਸਿਵਾ ਹੋਰ ਕੁਝ ਵੀ ਹੋਣਾ ਬੇਸਮਝੀ ਹੀ ਹੈ। ਕਾਸ਼ ਮੇਰੇ ਕੋਲ ਲੂਣ ਹੁੰਦਾ। ਮੈਨੂੰ ਇਹ ਵੀ ਨਹੀਂ ਪਤਾ ਕਿ ਬਾਕੀ ਬਚੀ ਮੱਛੀ ਨੂੰ ਧੁੱਪ ਗਾਲ ਦੇਵੇਗੀ ਜਾਂ ਸੁਕਾ ਦੇਵੇਗੀ ਸੋ ਇਸ ਨੂੰ ਖਾਣਾ ਹੀ ਚੰਗੇਰਾ ਹੋਏਗਾ ਭਾਵੇਂ ਮੈਨੂੰ ਭੁੱਖ ਨਹੀਂ ਹੈ। ਮੱਛੀ ਅਜੇ ਸ਼ਾਂਤ ਤੇ ਇਕਸਾਰ ਚਲ ਰਹੀ ਹੈ। ਮੈਂ ਉਦੋਂ ਤਕ ਇਸ ਨੂੰ ਖਾ ਕੇ ਤਿਆਰ ਹੋ ਜਾਵਾਂਗਾ।

''ਬਈ ਮੇਰਿਆ ਹੱਥਾ, ਸਬਰ ਰੱਖ'' ਉਸਨੇ ਕਿਹਾ ''ਮੈਂ ਇਹ ਤੇਰੇ ਲਈ ਹੀ ਕਰ ਰਿਹਾਂ।''

ਉਸ ਨੇ ਸੋਚਿਆ—''ਕਾਸ਼ ਮੈਂ ਮੱਛੀ ਨੂੰ ਕੁਝ ਖਵਾ ਸਕਦਾ। ਉਹ ਮੇਰੀ ਦੋਸਤ ਵਾਂਗ ਹੈ। ਪਰ ਮੈਨੂੰ ਉਹ ਮਾਰਨੀ ਪੈਣੀ ਹੈ ਅਤੇ ਇਸ ਲਈ ਸ਼ਕਤੀ ਦੀ ਲੋੜ ਹੈ। ਹੌਲੀ ਹੌਲੀ ਅਤੇ ਸੋਚਦੇ ਹੋਏ ਉਸ ਨੇ ਮੱਛੀ ਦੇ ਪੱਚਰਾਂ ਵਰਗੇ ਟੁਕੜੇ ਖਾ ਲਏ।''

ਆਪਣੇ ਹੱਥ ਪਜਾਮੇ ਨਾਲ ਸਾਫ਼ ਕਰਦਾ ਉਸਨੇ ਆਪਣੇ ਆਪ ਨੂੰ ਸਿੱਧਾ ਕੀਤਾ।

''ਹੁਣ'' ਉਸ ਨੇ ਕਿਹਾ, ''ਹੱਥਾ, ਤੂੰ ਡੋਰੀ ਨੂੰ ਹੇਠਾਂ ਜਾਣ ਦੇ, ਮੈਂ ਇਹਨੂੰ ਸੱਜੀ ਬਾਂਹ ਦੇ ਸਹਾਰੇ ਸੰਭਾਲੀ ਰੱਖਾਂਗਾ ਜਦ ਤਕ ਇਹਨੂੰ ਖ਼ਤਮ ਨਹੀਂ ਕਰਦਾ।''

ਉਸਨੇ ਖੱਬੇ ਹੱਥ ਨਾਲ ਫੜੀ ਭਾਰੀ ਡੋਰੀ ਤੇ ਖੱਬਾ ਪੈਰ ਰੱਖਿਆ ਅਤੇ ਪਿੱਠੇ ਪਰਨੇ ਲੇਟ ਗਿਆ।

'ਰੱਬ ਕਰੇ, ਇਹ ਹੱਥਾਂ ਦਾ ਕੁੜੱਲ ਹਟ ਜਾਏ।'' ਉਸ ਨੇ ਆਖਿਆ ''ਕਿਉਂਕਿ ਮੈਨੂੰ ਨਹੀਂ ਪਤਾ ਹੁਣ ਮੱਛੀ ਕੀ ਕਰਨ ਵਾਲੀ ਹੈ।''

'ਪਰ ਉਹ ਤਾਂ ਸ਼ਾਂਤ ਲੱਗਦੀ ਏ।' ਉਸਨੇ ਸੋਚਿਆ ਅਤੇ ਆਪਣੀ ਯੋਜਨਾ 'ਤੇ ਚੱਲ ਰਹੀ ਹੈ। ਪਰ ਉਸ ਦੀ ਯੋਜਨਾ ਹੈ ਕੀ ? ਉਸਨੇ ਸੋਚਿਆ, ਤੇ ਮੇਰੀ ਕੀ ਹੈ ? ਉਸ ਦੇ ਵੱਡੇ ਆਕਾਰ ਨੂੰ ਦੇਖ ਕੇ ਤਾਂ ਉਹਦੀ ਯੋਜਨਾ ਅਨੁਸਾਰ ਹੀ ਮੈਨੂੰ ਆਪਣੀ ਯੋਜਨਾ ਘੜਨੀ ਚਾਹੀਦੀ ਹੈ। ਜੇ ਉਹਨੇ ਛਲਾਂਗ ਲਾਈ ਤਾਂ ਮੈਂ ਉਹਨੂੰ ਮਾਰ ਦੇਵਾਂਗਾ। ਪਰ ਜੇ ਉਹ ਹਮੇਸ਼ਾ ਵਾਂਗ ਹੇਠਾਂ ਹੀ ਰਹੀ ਫੇਰ ਮੈਂ ਸਦਾ ਲਈ ਉਹਦੇ ਨਾਲ ਰਹਾਂਗਾ।

ਉਸਨੇ ਮੁੜਿਆ ਹੋਇਆ ਹੱਥ ਆਪਣੇ ਪਜਾਮੇ ਨਾਲ ਰਗੜਿਆ ਅਤੇ ਉਂਗਲਾਂ ਨੂੰ ਨਰਮ ਕਰਨ ਦੀ ਕੋਸ਼ਿਸ਼ ਕੀਤੀ। ਪਰ ਇਹ ਤਾਂ ਖੁਲ੍ਹ ਹੀ ਨਹੀਂ ਰਹੀਆਂ ਸਨ। ਸ਼ਾਇਦ ਧੁੱਪ ਨਾਲ ਹੱਥ ਖੁਲ੍ਹ ਜਾਏ ਉਹਨੇ ਸੋਚਿਆ। ਸ਼ਾਇਦ ਇਹ ਝੀਂਗਾ ਮੱਛੀ ਹਜ਼ਮ ਹੋਣ ਤੋਂ ਬਾਅਦ ਖੁਲ੍ਹੇ। ਜੇ ਮੈਨੂੰ ਇਹਦੀ ਲੋੜ ਪਈ ਤਾਂ ਇਹਨੂੰ ਖੋਲ੍ਹ ਦਿਆਂਗਾ ਭਾਵੇਂ ਇਹਨੂੰ ਕੁਝ ਮਰਜ਼ੀ ਹੋ ਜਾਵੇ। ਪਰ ਮੈਂ ਇਹਨੂੰ ਹੁਣ ਜ਼ਬਰਦਸਤੀ ਨਹੀਂ ਖੋਲ੍ਹਣਾ ਚਾਹੁੰਦਾ। ਚਲੋ ਇਹ ਆਪੇ ਹੀ ਖੁਲ੍ਹ ਜਾਵੇ ਤਾਂ ਪਹਿਲਾਂ ਵਰਗਾ ਹੋ ਜਾਵੇ। ਆਖ਼ਰਕਾਰ ਮੈਂ ਇਹਨੂੰ ਰਾਤ ਵੇਲੇ ਬੜੀਆਂ ਗਾਲ੍ਹਾਂ ਕੱਢੀਆਂ ਜਦ ਵੱਖ-ਵੱਖ ਡੋਰੀਆਂ ਨੂੰ ਲਾਹੁਣਾ ਅਤੇ ਜੋੜਨਾ ਬੜਾ ਜ਼ਰੂਰੀ ਸੀ।

ਉਸਨੇ ਸਮੁੰਦਰ 'ਚ ਨਿਗ੍ਹਾ ਮਾਰੀ ਅਤੇ ਦੇਖਿਆ ਕਿ ਉਹ ਕਿੰਨਾ ਇਕੱਲਾ ਸੀ। ਗਹਿਰੇ ਡੂੰਘੇ ਪਾਣੀ ਵਿਚ ਉਹ ਰੰਗਾਂ ਦੀ ਇੰਦਰ-ਧਨੁਸ਼ ਦੇ ਰੰਗ ਦੇਖ ਸਕਦਾ ਸੀ ਅਗਾਂਹ ਤਕ ਫੈਲਦੀ ਡੋਰੀ ਅਤੇ ਸ਼ਾਂਤ ਅਵਸਥਾ ਦੀ ਅਨੋਖੀ ਲਹਿਰ ਦੇਖ ਸਕਦਾ ਸੀ। ਵਪਾਰਕ ਪੌਣ ਲਈ ਬੱਦਲ ਉੱਚੇ ਉਠ ਰਹੇ ਸਨ। ਉਹਨੇ ਅੱਗੇ ਦੇਖਿਆ ਕਿ ਪਾਣੀ ਉੱਪਰ ਅਸਮਾਨ 'ਚ ਜੰਗਲੀ ਬੱਤਖਾਂ ਦੀ ਡਾਰ ਉਡਾਰੀ ਮਾਰ ਰਹੀ ਸੀ। ਕਦੇ ਫੜਫੜਾਉਂਦੀਆਂ ਕਦੇ ਤੈਰਨ ਵਾਂਗ ਫੈਲ ਜਾਂਦੀਆਂ। ਉਹਨੂੰ ਲੱਗਾ ਸਮੁੰਦਰ 'ਚ ਕਦੀ ਕੋਈ ਇਕੱਲਾ ਨਹੀਂ ਹੁੰਦਾ।

ਉਹਨੇ ਸੋਚਿਆ ਕਿਵੇਂ ਕਈ ਬੰਦੇ ਛੋਟੀ ਕਿਸ਼ਤੀ 'ਚ ਬੈਠੇ ਜ਼ਮੀਨ ਦਾ ਦਿਸਹੱਦਾ ਪਾਰ ਕਰ ਜਾਣ ਤੋਂ ਕਿੰਨਾ ਡਰਦੇ ਹਨ। ਉਹਨੂੰ ਪਤਾ ਸੀ ਕਿ ਅਚਾਨਕ ਭੈੜੇ ਮੌਸਮ ਦੇ ਮਹੀਨਿਆਂ

'ਚ ਅਜਿਹੀ ਡਰ ਠੀਕ ਹੀ ਹੁੰਦਾ ਸੀ। ਹੁਣ ਤੂਫ਼ਾਨ ਦੇ ਮਹੀਨੇ ਸਨ ਅਤੇ ਜੇ ਕੋਈ ਤੂਫ਼ਾਨ ਨਾ ਆਏ ਤਾਂ ਇਹਨਾਂ ਮਹੀਨਿਆਂ ਦਾ ਮੌਸਮ ਸਾਲ 'ਚ ਸਭ ਤੋਂ ਵਧੀਆ ਹੁੰਦਾ ਹੈ।

ਜੇ ਤੁਸੀਂ ਸਮੁੰਦਰ ਵਿਚ ਹੋਵੋ ਤਾਂ ਤੂਫ਼ਾਨ ਆਉਣ ਵਾਲਾ ਹੋਵੇ ਤਾਂ ਇਹਦੇ ਚਿੰਨ੍ਹ ਕਈ ਦਿਨ ਪਹਿਲਾਂ ਹੀ ਅਸਮਾਨ 'ਚ ਦਿਖਾਈ ਦੇਣ ਲੱਗ ਜਾਂਦੇ ਹਨ। ਉਹਨੇ ਸੋਚਿਆ ਕੰਢੇ 'ਤੇ ਉਹ ਦਿਖਾਈ ਨਹੀਂ ਦਿੰਦੇ ਕਿਉਂਕਿ ਲੋਕਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਕਿਸ ਲਈ ਦੇਖੀਏ। ਬੱਦਲਾਂ ਦੇ ਰੂਪ ਨੂੰ ਦੇਖ ਧਰਤੀ ਨੂੰ ਵੀ ਆਪਣਾ ਰੂਪ ਬਦਲਣਾ ਪੈਂਦਾ ਹੈ। ਪਰ ਸਾਨੂੰ ਅਜੇ ਚੱਕਰਵਾਤ ਆਉਣ ਦਾ ਕੋਈ ਖ਼ਤਰਾ ਨਹੀਂ ਦਿਸਦਾ।

ਉਸਨੇ ਅਸਮਾਨ ਵਲ ਨਿਗ੍ਹਾ ਮਾਰੀ ਅਤੇ ਆਈਸਕਰੀਮ ਭਰੇ ਗੋਲਿਆਂ ਵਰਗੇ ਸਫੈਦ ਬੱਦਲਾਂ ਦੇ ਝੁੰਡ ਬਣੇ ਦੇਖੇ ਅਤੇ ਹੋਰ ਉਚੇਰੇ ਸਤੰਬਰ ਦੇ ਆਕਾਸ਼ 'ਚ ਫੰਬੇਦਾਰ ਬੱਦਲਾਂ ਦੇ ਪਤਲੇ ਖੰਭ ਦਿਸ ਰਹੇ ਸਨ।

ਹਲਕਾ ਮੌਸਮ ਹੈ–ਉਸ ਨੇ ਸੋਚਿਆ–''ਮੱਛੀਏ, ਤੇਰੇ ਨਾਲੋਂ ਇਹ ਮੇਰੇ ਲਈ ਵਧੇਰੇ ਚੰਗਾ ਏ।''

ਉਸਦਾ ਖੱਬਾ ਹੱਥ ਵੀ ਆਕੜਿਆ ਪਿਆ ਸੀ, ਪਰ ਉਹ ਹੌਲੀ-ਹੌਲੀ ਇਹਨੂੰ ਖੋਲ੍ਹ ਰਿਹਾ ਸੀ।

ਮੈਨੂੰ ਕੁੜੱਲ ਭੈੜੇ ਲੱਗਦੇ ਨੇ ਉਹਨੇ ਸੋਚਿਆ। ਉਹ ਤਾਂ ਬੰਦੇ ਦੇ ਸਰੀਰ ਦੀ ਗੱਦਾਰੀ ਹੈ। ਦੂਜਿਆਂ ਸਾਹਮਣੇ ਖਾਣੇ ਵਿਚਲੇ ਜ਼ਹਿਰੀਲੇ ਮਾਦੇ ਕਾਰਨ ਮੋਕ ਲੱਗਣੀ ਜਾਂ ਉਲਟੀਆਂ ਕਰਨਾ ਬਹੁਤ ਬੇਇੱਜ਼ਤੀ ਵਾਲੀ ਗੱਲ ਏ। ਪਰ ਇਹ ਕੁੜੱਲ ਤਾਂ ਉਸ ਵੇਲੇ ਨਿੱਸਲ ਕਰਦੀ ਹੈ ਜਦ ਕੋਈ ਇਕੱਲਾ ਹੋਵੇ।

ਜੇ ਮੁੰਡਾ ਨਾਲ ਹੁੰਦਾ ਤਾਂ ਉਹ ਇਹਨੂੰ ਰਗੜ ਸਕਦਾ ਸੀ ਅਤੇ ਕੂਹਣੀ ਕੋਲੋਂ ਇਹਦਾ ਕੁੜੱਲ ਕੱਢ ਸਕਦਾ ਸੀ। ਉਸ ਨੇ ਸੋਚਿਆ। ਪਰ ਹੁਣ ਇਹ ਢਿੱਲਾ ਹੋ ਈ ਜਾਏਗਾ।

ਪਾਣੀ 'ਚ ਤਿਰਛੀ ਜਿਹੀ ਤਬਦੀਲੀ ਦੇਖਣ ਤੋਂ ਪਹਿਲਾਂ ਉਹ ਉਹਨੇ ਸੱਜੇ ਹੱਥ ਨਾਲ ਡੋਰੀ ਦੀ ਖਿੱਚ 'ਚ ਫ਼ਰਕ ਪਿਆ ਮਹਿਸੂਸ ਕੀਤਾ। ਤਦ ਜਿਵੇਂ ਹੀ ਉਹ ਡੋਰੀ 'ਤੇ ਝੁਕਿਆ ਅਤੇ ਖੱਬੇ ਹੱਥ ਨੂੰ ਜ਼ੋਰ ਨਾਲ ਪੱਟ 'ਤੇ ਮਾਰਿਆ ਤਾਂ ਉਹਨੇ ਡੋਰੀ ਤਿਰਛੀ ਅਵਸਥਾ 'ਚ ਉੱਪਰ ਵਲ ਮੁੜਦੀ ਮਹਿਸੂਸ ਕੀਤੀ। ''ਉਹ ਉੱਪਰ ਆ ਰਹੀ ਹੈ।'' ਉਸ ਨੇ ਕਿਹਾ ''ਆ ਬਈ ਹੱਥਾ, ਕਿਰਪਾ ਕਰ ਕੇ ਆ ਜਾ।''

ਡੋਰੀ ਹੌਲੀ-ਹੌਲੀ ਉੱਪਰ ਉੱਠਦੀ ਗਈ ਅਤੇ ਤਦ ਸਮੁੰਦਰ ਦੀ ਉਪਰਲੀ ਤਹਿ ਉਭਰੀ ਅਤੇ ਮੱਛੀ ਉੱਪਰ ਆ ਗਈ ਅਤੇ ਪਾਣੀ ਉਹਦੇ ਪਾਸਿਆਂ ਤੋਂ ਵਗ ਰਿਹਾ ਸੀ। ਧੁੱਪ ਵਿਚ ਉਹ ਚਮਕ ਰਹੀ ਸੀ। ਉਹਦਾ ਸਿਰ ਅਤੇ ਪਿੱਠ ਗਹਿਰੇ ਬੈਂਗਣੀ ਸਨ ਅਤੇ ਉਸਦੇ ਪਾਸਿਆਂ ਉਪਰਲੀਆਂ ਚੌੜੀਆਂ ਧਾਰੀਆਂ ਧੁੱਪ ਵਿਚ ਹਲਕੀ ਪੀਲੀ ਭਾ ਮਾਰਦੀਆਂ ਸਨ। ਉਸਦੀ ਬੂਥਣੀ ਬੇਸਬਾਲ ਦੇ ਥੱਲੇ ਜਿੰਨੀ ਲੰਬੀ ਅਤੇ ਕਟਾਰ ਵਾਂਗ ਮੁੜੀ ਹੋਈ ਸੀ।

ਉਸ ਨੇ ਆਪਣੀ ਸਾਰੀ ਕਾਇਆ ਨੂੰ ਇਕ ਵਾਰ ਪਾਣੀ 'ਚੋਂ ਕੱਢਿਆ ਅਤੇ ਫਿਰ ਇਸ ਵਿਚ ਨਿਪੁੰਨ ਗੋਤਾਖੋਰ ਵਾਂਗ ਅੰਦਰ ਚਲੀ ਗਈ। ਬੁੱਢੇ ਆਦਮੀ ਨੇ ਇਹਦੀ ਦਾਤੀ ਵਰਗੀ ਵਿਸ਼ਾਲ ਪੂਛ ਨੂੰ ਇਹਦੇ ਮਗਰ ਜਾਂਦੇ ਹੋਏ ਦੇਖਿਆ। ਡੋਰੀ ਵੀ ਇਹਦੇ ਮਗਰ ਮਗਰ ਧੱਸ ਗਈ।

"ਉਹ ਕਿਸ਼ਤੀ ਤੋਂ ਦੋ ਫੁੱਟ ਲੰਬੀ ਹੈ।" ਬੁੱਢੇ ਆਦਮੀ ਨੇ ਕਿਹਾ। ਡੋਰੀ ਤੇਜ਼ੀ ਨਾਲ ਪਰ ਇਕਸਾਰ ਰਫ਼ਤਾਰ ਨਾਲ ਜਾ ਰਹੀ ਸੀ। ਮੱਛੀ ਖੌਫਜ਼ਦਾ ਨਹੀਂ ਸੀ। ਬੁੱਢਾ ਆਦਮੀ ਦੋਨਾਂ ਹੱਥਾਂ ਨਾਲ ਡੋਰੀ ਨੂੰ ਪੂਰੀ ਤਾਕਤ ਨਾਲ ਪਕੜ 'ਚ ਰੱਖਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹਨੂੰ ਪਤਾ ਸੀ ਕਿ ਜੇ ਉਹਨੇ ਇਕਸਾਰ ਦਬਾਓ ਪਾ ਕੇ ਮੱਛੀ ਨੂੰ ਹੌਲਾ ਨਾ ਕੀਤਾ ਤਾਂ ਇਹ ਡੋਰੀ ਨੂੰ ਖਿੱਚ ਲਿਜਾਏਗੀ ਅਤੇ ਤੋੜ ਦੇਵੇਗੀ।

ਉਹ ਇਕ ਵੱਡੀ ਮੱਛੀ ਹੈ ਅਤੇ ਮੇਰੇ ਲਈ ਆਪਣੀ ਸ਼ਕਤੀ ਦਾ ਉਹਨੂੰ ਅਹਿਸਾਸ ਕਰਾਉਣਾ ਜ਼ਰੂਰੀ ਹੈ–ਉਸਨੇ ਸੋਚਿਆ। ਮੈਂ ਉਹਨੂੰ ਕਦੇ ਆਪਣੀ ਸ਼ਕਤੀ ਦੇਖਣ ਨਹੀਂ ਦਿਆਂਗਾ ਨਾ ਹੀ ਉਹ ਕੁਝ ਕਰ ਸਕੇਗੀ ਜੇ ਉਹ ਦੌੜ ਪਈ। ਜੇ ਮੈਂ ਉਸਦੀ ਥਾਂ 'ਤੇ ਹੁੰਦੀ ਤਾਂ ਸਾਰਾ ਜ਼ੋਰ ਲਾ ਕੇ ਉਦੋਂ ਤਕ ਦੌੜਦੀ ਰਹਿੰਦੀ ਜਦ ਤਕ ਕੁਝ-ਨਾ-ਕੁਝ ਟੁੱਟ ਨਾ ਜਾਂਦਾ। ਪਰ ਰੱਬ ਦਾ ਸ਼ੁਕਰ ਹੈ ਕਿ ਉਹ ਇੰਨੀਆਂ ਸਿਆਣੀਆਂ ਨਹੀਂ ਜਿੰਨੇ ਕਿ ਅਸੀਂ ਜਿਹੜੇ ਕਿ ਉਨ੍ਹਾਂ ਨੂੰ ਮਾਰਦੇ ਹਾਂ, ਭਾਵੇਂ ਉਹ ਸਾਡੇ ਨਾਲੋਂ ਨੇਕ ਅਤੇ ਸਮਰੱਥ ਹਨ।

ਬੁੱਢੇ ਆਦਮੀ ਨੇ ਕਈ ਵੱਡੀਆਂ ਮੱਛੀਆਂ ਦੇਖੀਆਂ ਸਨ। ਉਸ ਨੇ ਹਜ਼ਾਰ ਪੌਂਡ ਤੋਂ ਵੀ ਭਾਰੀਆਂ ਕਈ ਮੱਛੀਆਂ ਦੇਖੀਆਂ ਸਨ ਅਤੇ ਇੰਨੇ ਭਾਰ ਵਾਲੀਆਂ ਦੋ ਉਹਨੇ ਆਪਣੇ ਜੀਵਨ ਕਾਲ 'ਚ ਫੜੀਆਂ ਵੀ ਸਨ ਪਰ ਕਦੇ ਵੀ ਉਹ ਇਕੱਲਾ ਨਹੀਂ ਸੀ। ਹੁਣ ਇਕੱਲੇ ਅਤੇ ਜ਼ਮੀਨ ਦੇ ਦਿਸਹੱਦੇ ਤੋਂ ਦੂਰ ਉਹ ਅੱਜ ਤਕ ਦੇਖੀ ਸਭ ਤੋਂ ਵੱਡੀ ਮੱਛੀ ਨਾਲ ਬੰਨ੍ਹਿਆ ਹੋਇਆ ਸੀ ਜਿਹੜੀ ਉਸ ਨਾਲੋਂ ਵੀ ਵੱਡੀ ਸੀ ਜਿਸ ਬਾਰੇ ਉਸ ਨੇ ਅੱਜ ਤਕ ਸੁਣ ਰੱਖਿਆ ਸੀ। ਉਸ ਦਾ ਖੱਬਾ ਹੱਥ ਅਜੇ ਵੀ ਬਾਜ਼ ਦੇ ਬੰਦ ਪੰਜੇ ਵਾਂਗ ਆਕੜਿਆ ਹੋਇਆ ਸੀ।

ਉਸਨੇ ਸੋਚਿਆ ਇਹ ਹੁਣ ਠੀਕ ਹੋ ਜਾਏਗਾ। ਇਸਦੀ ਕੁੜੱਲ ਠੀਕ ਹੋਏਗੀ ਅਤੇ ਇਹ ਸੱਜੇ ਹੱਥ ਦੀ ਮਦਦ ਕਰ ਸਕੇਗਾ। ਤਿੰਨ ਚੀਜ਼ਾਂ ਮੇਰੀਆਂ ਦੋਸਤ ਹਨ। ਮੱਛੀ ਅਤੇ ਮੇਰੇ ਦੋਹਵੇਂ ਹੱਥ। ਇਸਨੂੰ ਜ਼ਰੂਰ ਖੁੱਲ੍ਹ ਜਾਣਾ ਚਾਹੀਦਾ ਏ। ਇਹ ਆਕੜੇ ਰਹਿਣ ਦੇ ਯੋਗ ਨਹੀਂ ਹੈ। ਮੱਛੀ ਫਿਰ ਹੌਲੀ ਹੋ ਗਈ ਹੈ ਅਤੇ ਆਪਣੀ ਆਮ ਰਫ਼ਤਾਰ ਨਾਲ ਚਲ ਰਹੀ ਹੈ।

ਮੈਨੂੰ ਹੈਰਾਨੀ ਹੈ ਕਿ ਉਹ ਬਾਹਰ ਕਿਉਂ ਕੁੱਦ ਆਈ ਸੀ–ਬੁੱਢੇ ਆਦਮੀ ਨੇ ਸੋਚਿਆ। ਉਹ ਸ਼ਾਇਦ ਮੈਨੂੰ ਇਹ ਦਿਖਾਉਣ ਲਈ ਕੁੱਦੀ ਸੀ ਕਿ ਉਹ ਕਿੱਡੀ ਵੱਡੀ ਸੀ। ਆਖ਼ਰ ਹੁਣ ਮੈਨੂੰ ਪਤਾ ਲੱਗ ਗਿਆ ਏ–ਉਹਨੇ ਸੋਚਿਆ। ਕਾਸ਼ ਮੈਂ ਉਹਨੂੰ ਦਿਖਾ ਸਕਦਾ ਕਿ ਮੈਂ ਕਿਸ ਤਰ੍ਹਾਂ ਦਾ ਆਦਮੀ ਹਾਂ ! ਪਰ ਫੇਰ ਉਹਨੇ ਮੇਰਾ ਆਕੜਿਆ ਹੋਇਆ ਹੱਥ ਦੇਖ ਲੈਣਾ ਸੀ। ਚਲੋ ਉਸਨੂੰ ਮੈਨੂੰ ਮੇਰੇ ਅਸਲੇ ਨਾਲੋਂ ਵੀ ਤਕੜਾ ਆਦਮੀ ਸਮਝ ਲੈਣ ਦਿਓ

ਤੇ ਮੈਂ ਇਦਾਂ ਦਾ ਬਣ ਕੇ ਦਿਖਾਵਾਂਗਾ। ਉਸ ਨੇ ਸੋਚਿਆ 'ਕਾਸ਼ ਮੈਂ ਮੱਛ ਹੁੰਦਾ ਤੇ ਮੇਰੇ ਕੋਲ ਉਹ ਚੀਜ਼ਾਂ ਹੁੰਦੀਆਂ ਜਿਹੜੀਆਂ ਇਸਦੇ ਕੋਲ ਹਨ ਮੇਰੇ ਨਿਰੋਲ ਦ੍ਰਿੜ ਇਰਾਦੇ ਤੇ ਮੇਰੀ ਅਕਲਮੰਦੀ ਦੇ ਮੁਕਾਬਲੇ ਲਈ।'

ਉਸ ਨੇ ਤਖ਼ਤੇ ਸਹਾਰੇ ਆਰਾਮ ਨਾਲ ਆਪਣੇ ਆਪ ਨੂੰ ਟਿਕਾਇਆ ਅਤੇ ਕਸ਼ਟ ਸਹਿਜ ਰੂਪ ਵਿਚ ਮਹਿਸੂਸ ਕੀਤਾ। ਮੱਛੀ ਅਡੋਲ ਤੈਰ ਰਹੀ ਸੀ ਅਤੇ ਕਿਸ਼ਤੀ ਗਹਿਰੇ ਪਾਣੀ ਵਿਚ ਹੌਲੀ-ਹੌਲੀ ਚੱਲ ਰਹੀ ਸੀ। ਪੂਰਬ ਦਿਸ਼ਾ ਤੋਂ ਆ ਰਹੀ ਹਵਾ ਨਾਲ ਸਮੁੰਦਰ 'ਚ ਥੋੜ੍ਹਾ ਜਿਹਾ ਉਭਾਰ ਸੀ। ਦੁਪਹਿਰ ਤਕ ਉਸਦਾ ਖੱਬਾ ਹੱਥ ਖੁਲ੍ਹ ਗਿਆ ਸੀ।

''ਮੱਛੀਏ, ਤੇਰੇ ਲਈ ਮਾੜੀ ਖ਼ਬਰ ਏ !'' ਉਸ ਨੇ ਕਿਹਾ ਅਤੇ ਮੋਢਿਆਂ ਨੂੰ ਲਪੇਟੀ ਹੋਈ ਬੋਰੀ ਉੱਪਰ ਡੋਰੀ ਨੂੰ ਬਦਲਿਆ।

ਭਾਵੇਂ ਉਹ ਹੁਣ ਆਰਾਮ ਵਿਚ ਸੀ ਪਰ ਅਜੇ ਵੀ ਕਸ਼ਟ 'ਚ ਸੀ ਬੇਸ਼ਕ ਉਹ ਬਿਲਕੁਲ ਵੀ ਕਸ਼ਟ ਮੰਨ ਨਹੀਂ ਰਿਹਾ ਸੀ।

''ਮੈਂ ਧਾਰਮਿਕ ਤਾਂ ਨਹੀਂ ਹਾਂ।'' ਉਸ ਨੇ ਆਖਿਆ ''ਜੇ ਮੈਂ ਮੱਛੀ ਨੂੰ ਫੜ ਲਿਆ ਤਾਂ ਦਸ ਵਾਰੀ 'ਹੇ ਪਿਤਾ ਪ੍ਰਮੇਸ਼ਰ' ਅਤੇ 'ਮਾਂ ਮਰੀਅਮ ਦੀ ਜੈ' ਕਹਾਂਗਾ ਤਾਂ ਵਾਅਦਾ ਕਰਦਾ ਹਾਂ ਕਿ ਪਵਿੱਤਰ-ਡੀ ਕੋਬਰ ਦੀ ਤੀਰਥ ਯਾਤਰਾ 'ਤੇ ਜਾਵਾਂਗਾ।''

ਉਹਨੇ ਗਿਣੇ ਮਿਥੇ ਸ਼ਬਦਾਂ 'ਚ ਪ੍ਰਾਰਥਨਾ ਕਰਨੀ ਸ਼ੁਰੂ ਕੀਤੀ। ਕਈ ਵਾਰ ਉਹਨੇ ਇੰਨਾ ਥਕੇਵਾਂ ਮਹਿਸੂਸ ਕੀਤਾ ਕਿ ਉਹਨੂੰ ਪ੍ਰਾਰਥਨਾ ਵੀ ਚੇਤੇ ਨਾ ਰਹੀ ਅਤੇ ਤਦ ਕਈ ਵਾਰ ਇੰਨੀ ਜਲਦੀ ਬੋਲਿਆ ਕਿ ਇਹ ਆਪਣੇ ਆਪ ਉਹਦੇ ਬੁੱਲ੍ਹਾਂ 'ਤੇ ਲਰਜ਼ਦੀ ਰਹੀ। ਉਹਨੇ ਸੋਚਿਆ ਆਪਣੇ ਪਿਤਾ ਪ੍ਰਮੇਸ਼ਰ ਨਾਲੋਂ ਪਵਿੱਤਰ ਮਰੀਅਮ ਦੀ ਪ੍ਰਾਰਥਨਾ ਅਸਾਨ ਹੈ।

''ਸ਼ਾਨਾਮੱਤੀ ਪਵਿੱਤਰ ਦੇਵੀ, ਰੱਬ ਸਦਾ ਤੇਰੇ ਅੰਗ-ਸੰਗ ਹੈ। ਤੂੰ ਔਰਤਾਂ 'ਚ ਸਭ ਤੋਂ ਵੱਧ ਖ਼ੁਸ਼ਨਸੀਬ ਏਂ ਅਤੇ ਤੇਰੀ ਕੁੱਖ ਨੂੰ ਸਦਾ ਭਾਗ ਲਗਦੇ ਨੇ, ਹੇ ਯਸੂ ਮਸੀਹ ! ਪਵਿੱਤਰ ਮੇਰੀ, ਰੱਬ ਦੀ ਮਾਤਾ, ਹੁਣ ਸਾਡੇ ਪਾਪੀਆਂ ਲਈ ਵੀ ਪ੍ਰਾਰਥਨਾ ਹੈ-ਸਾਡੀ ਮੌਤ ਦੇ ਦਰ 'ਤੇ ਸਾਡੇ ਬੇੜੇ ਪਾਰ ਕਰ। ਆਮੀਨ ! ਫਿਰ ਉਸ ਨੇ ਅੱਗੇ ਕਿਹਾ ''ਖ਼ੁਸ਼ਨਸੀਬ ਕੁਆਰੀ ਮਾਂ, ਇਸ ਮੱਛੀ ਦੀ ਮੌਤ ਲਈ ਪ੍ਰਾਰਥਨਾ ਕਰਦਾ ਹਾਂ ਭਾਵੇਂ ਇਹ ਪ੍ਰਾਰਥਨਾ ਕਿੰਨੀ ਅਜੀਬ ਹੈ।''

ਪ੍ਰਾਰਥਨਾ ਕਰਨ ਪਿਛੋਂ ਉਸ ਨੇ ਕੁਝ ਚੰਗਾ ਮਹਿਸੂਸ ਕੀਤਾ ਪਰ ਸ਼ਾਇਦ ਹੋਰ ਕਸ਼ਟ ਸਹਿੰਦੇ ਹੋਏ ਕਿਸ਼ਤੀ ਦੇ ਮੱਥੇ ਦੀ ਲੱਕੜ ਸਹਾਰੇ ਲੇਟ ਗਿਆ ਅਤੇ ਆਪਣੇ ਆਪ ਖੱਬੇ ਹੱਥ ਦੀਆਂ ਉਂਗਲਾਂ ਨੂੰ ਸਹਿਲਾਉਣ ਲੱਗਾ।

ਧੁੱਪ ਤਿੱਖੀ ਸੀ ਭਾਵੇਂ ਕਿ ਹਵਾ ਵੀ ਹੌਲੀ ਹੌਲੀ ਵਗ ਰਹੀ ਸੀ।

''ਮੈਨੂੰ ਛੋਟੀ ਡੋਰੀ ਨਾਲ ਫੰਧਾ ਦੁਬਾਰਾ ਲਗਾ ਦੇਣਾ ਚਾਹੀਦਾ ਏ।'' ਉਸ ਨੇ ਆਖਿਆ।

''ਜੇ ਮੱਛੀ ਇਕ ਰਾਤ ਹੋਰ ਹੇਠਾਂ ਰਹਿਣ ਦਾ ਫ਼ੈਸਲਾ ਕਰਦੀ ਹੈ ਤਾਂ ਮੈਨੂੰ ਖਾਣ ਲਈ ਹੋਰ ਲੋੜ ਪਏਗੀ। ਬੋਤਲ ਵਿਚ ਪਾਣੀ ਥੋੜ੍ਹਾ ਹੀ ਹੈ। ਮੇਰਾ ਨਹੀਂ ਖ਼ਿਆਲ ਕਿ ਇਸੇ ਡਾਲਫਿਨ ਬਿਨਾਂ ਕੁਝ ਹੋਰ ਮਿਲੇਗਾ। ਪਰ ਜੇ ਮੈਂ ਉਹਨੂੰ ਤਾਜ਼ੀ ਨੂੰ ਹੀ ਖਾ ਲਵਾਂ ਤਾਂ ਮਾੜੀ ਨਹੀਂ ਰਹੇਗੀ। ਕਾਸ਼ ਅੱਜ ਰਾਤ ਕੋਈ ਉੱਡਣਾ ਮੱਛੀ ਹੀ ਆ ਜਾਵੇ ਪਰ ਉਹਨੂੰ ਆਕਰਸ਼ਤ ਕਰਨ ਲਈ ਰੋਸ਼ਨੀ ਵੀ ਤਾਂ ਨਹੀਂ। ਉੱਡਣਾ ਮੱਛੀ ਕੱਚੀ ਖਾਣੀ ਬੜੀ ਵਧੀਆ ਲੱਗਦੀ ਹੈ ਅਤੇ ਉਹਨੂੰ ਕੱਟਣ ਦੀ ਵੀ ਲੋੜ ਨਹੀਂ। ਹੁਣ ਮੈਨੂੰ ਸਾਰੀ ਸ਼ਕਤੀ ਬਚਾ ਰੱਖਣੀ ਚਾਹੀਦੀ ਹੈ। ਹੇ ਯਸੂ ਮਸੀਹ ਮੈਨੂੰ ਨਹੀਂ ਪਤਾ ਸੀ ਕਿ ਮੱਛੀ ਇੰਨੀ ਵੱਡੀ ਸੀ।''

''ਉਸਦੀ ਸਾਰੀ ਮਹਾਨਤਾ ਅਤੇ ਸ਼ਾਨ ਸਮੇਤ ਮੈਂ ਉਹਨੂੰ ਮਾਰ ਦਿਆਂਗਾ।'' ਉਸ ਨੇ ਕਿਹਾ।

''ਭਾਵੇਂ ਅਜਿਹਾ ਕਰਨਾ ਬੇਇਨਸਾਫੀ ਹੈ,'' ਉਸ ਨੇ ਕਿਹਾ ''ਪਰ ਮੈਂ ਉਹਨੂੰ ਦਿਖਾ ਦਿਆਂਗਾ ਕਿ ਮਨੁੱਖ ਕੀ ਕਰ ਸਕਦਾ ਹੈ ਅਤੇ ਕੀ ਸਹਾਰ ਸਕਦਾ ਹੈ ?''

''ਮੈਂ ਮੁੰਡੇ ਨੂੰ ਆਖਿਆ ਸੀ ਕਿ ਮੈਂ ਅਜੀਬ ਬੁੱਢਾ ਹਾਂ। ਉਸ ਨੇ ਕਿਹਾ 'ਹੁਣ ਮੈਨੂੰ ਇਹ ਸਾਬਤ ਕਰਨਾ ਹੋਵੇਗਾ।''

ਹਜ਼ਾਰਾਂ ਵਾਰ ਉਹ ਇਹੋ ਗੱਲ ਸਾਬਤ ਕਰ ਚੁੱਕਾ ਸੀ, ਪਰ ਉਸਦਾ ਕੋਈ ਅਰਥ ਨਹੀਂ ਸੀ! ਹੁਣ ਉਹ ਫਿਰ ਸਾਬਤ ਕਰ ਰਿਹਾ ਸੀ। ਹਰ ਸਮਾਂ ਇਕ ਨਵਾਂ ਸਮਾਂ ਸੀ ਅਤੇ ਉਹ ਕਦੇ ਬੀਤੇ ਵਕਤ ਬਾਰੇ ਨਹੀਂ ਸੋਚਦਾ ਸੀ ਜਦ ਉਹ ਹੁਣ ਇਹ ਕਰ ਰਿਹਾ ਸੀ।

ਕਾਸ਼ ਮੈਂ ਸੌਂ ਸਕਦਾ ਅਤੇ ਸੌਂ ਕੇ ਸ਼ੇਰਾਂ ਦੇ ਸੁਪਨੇ ਲੈ ਸ਼ਕਦਾ—ਉਸ ਨੇ ਸੋਚਿਆ ਕਿ ਸ਼ੇਰ ਹੀ ਕਿਉਂ ਮੁੱਖ ਚੀਜ਼ ਹਨ ਜੋ ਬਾਕੀ ਰਹਿ ਗਏ ਨੇ ? ਨਾ ਸੋਚ ਬੁੱਢੇ ਆਦਮੀ, ਉਸ ਨੇ ਆਪਣੇ ਆਪ ਨੂੰ ਕਿਹਾ। ਤਖ਼ਤੇ ਸਹਾਰੇ ਠੀਕ ਤਰ੍ਹਾਂ ਆਰਾਮ ਕਰ ਅਤੇ ਕੁਝ ਨਾ ਸੋਚ। ਉਹ ਕੰਮ ਕਰ ਰਹੀ ਹੈ, ਤੂੰ ਜਿੰਨਾ ਘੱਟ ਕੰਮ ਕਰ ਸਕਦਾ ਏਂ ਓਨਾ ਕਰ।''

ਦੁਪਹਿਰ ਢਲਣ ਲੱਗੀ ਸੀ ਅਤੇ ਕਿਸ਼ਤੀ ਅਜੇ ਵੀ ਹੌਲੀ-ਹੌਲੀ ਅਤੇ ਇਕਸਾਰ ਚੱਲ ਰਹੀ ਸੀ ਪਰ ਹੁਣ ਪੁਰੇ ਨੇ ਇਸ ਨੂੰ ਥੋੜ੍ਹਾ ਜਿਹਾ ਤੇਜ਼ ਕੀਤਾ ਹੋਇਆ ਸੀ। ਬੁੱਢਾ ਆਦਮੀ ਹੌਲੀ-ਹੌਲੀ ਉਠਿਆ ਅਤੇ ਉਹਦੀ ਪਿੱਠ 'ਤੇ ਡੋਰੀ ਦਾ ਜ਼ਖਮ ਉਸ ਨੂੰ ਮਹਿਸੂਸ ਹੋਇਆ।

ਦੁਪਹਿਰ ਵੇਲੇ ਡੋਰੀ ਇਕ ਵਾਰ ਫੇਰ ਉੱਠਣ ਲੱਗੀ ਪਰ ਮੱਛੀ ਨੇ ਥੋੜ੍ਹੀ ਜਿਹੀ ਉਚੇਰੀ ਸਤ੍ਹਾ 'ਤੇ ਤੈਰਨਾ ਜਾਰੀ ਰੱਖਿਆ। ਸੂਰਜ ਬੁੱਢੇ ਆਦਮੀ ਦੀ ਖੱਬੀ ਬਾਂਹ, ਮੋਢੇ ਅਤੇ ਪਿੱਠ ਵੱਲ ਸੀ। ਇਸ ਲਈ ਉਹਨੂੰ ਪਤਾ ਸੀ ਕਿ ਮੱਛੀ ਉੱਤਰ ਤੋਂ ਪੂਰਬ ਵਲ ਮੁੜ ਗਈ ਸੀ।

ਹੁਣ ਉਹਨੇ ਮੱਛਲੀ ਨੂੰ ਇਕ ਵਾਰ ਦੇਖ ਲਿਆ ਸੀ ਇਸ ਲਈ ਉਹ ਪਾਣੀ ਵਿਚ ਤੈਰਦੀ ਦੀ ਤਸਵੀਰ ਆਪਣੇ ਸਾਹਮਣੇ ਲਿਆ ਸਕਦਾ ਸੀ ਉਸਦੇ ਬੈਂਗਣੀ ਟਿਮਕਣੇਦਾਰ ਖੰਭ ਚੌੜੇ ਸਨ ਤੇ ਪੂਛ ਦਾਤਰੀ ਵਰਗੀ ਸੀ। ਬੁੱਢੇ ਆਦਮੀ ਨੇ ਸੋਚਿਆ ਹੈਰਾਨੀ ਹੈ ਕਿ ਉਹ ਇੰਨੀ ਡੂੰਘਾਈ 'ਚ ਕੀ ਦੇਖਦੀ ਹੈ। ਉਹਦੀ ਅੱਖ ਵਿਸ਼ਾਲ ਹੈ ਅਤੇ ਘੋੜਾ ਵੀ ਕਿਤੇ

ਛੋਟੀ ਅੱਖ ਨਾਲ ਹਨੇਰੇ 'ਚ ਦੇਖ ਸਕਦਾ ਹੈ। ਮੈਂ ਵੀ ਕਦੇ ਹਨੇਰੇ ਵਿਚ ਚੰਗੀ ਤਰ੍ਹਾਂ ਦੇਖ ਸਕਦਾ ਸੀ। ਪੂਰੇ ਹਨੇਰੇ 'ਚ ਨਹੀਂ ਪਰ ਜਿਵੇਂ ਕੋਈ ਬਿੱਲੀ ਦੇਖਦੀ ਹੈ।

ਧੁੱਪ ਅਤੇ ਉਹਦੀਆਂ ਉਂਗਲਾਂ ਦੀ ਲਗਾਤਾਰ ਹਰਕਤ ਨੇ ਉਹਦਾ ਖੱਬਾ ਹੱਥ ਹੁਣ ਪੂਰੀ ਤਰ੍ਹਾਂ ਖੋਲ੍ਹ ਦਿੱਤਾ ਸੀ ਅਤੇ ਉਹਨੇ ਆਪਣਾ ਦਬਾਓ ਇਸ ਤੋਂ ਮੋੜਨਾ ਸ਼ੁਰੂ ਕਰ ਦਿੱਤਾ। ਡੋਰੀ ਦੀ ਚੋਭ ਨੂੰ ਖਿਸਕਾਉਣ ਲਈ ਉਸ ਨੇ ਆਪਣੀ ਪਿੱਠ ਦੇ ਪੱਠਿਆਂ ਨੂੰ ਛੱਡਿਆ।

''ਮੱਛੀਏ, ਜੇ ਤੂੰ ਥੱਕੀ ਨਹੀਂ ਤਾਂ ਤੂੰ ਵਾਕਈ ਬੜੀ ਅਜੀਬ ਏਂ !'' ਉਸ ਨੇ ਉੱਚੀ ਆਵਾਜ਼ 'ਚ ਕਿਹਾ। ਹੁਣ ਉਹ ਬਹੁਤ ਥੱਕਿਆ ਮਹਿਸੂਸ ਕਰ ਰਿਹਾ ਸੀ। ਉਹਨੂੰ ਪਤਾ ਸੀ ਕਿ ਜਲਦੀ ਹੀ ਰਾਤ ਹੋਣ ਵਾਲੀ ਸੀ। ਉਹਨੇ ਹੋਰ ਗੱਲਾਂ ਬਾਰੇ ਸੋਚਣ ਦਾ ਯਤਨ ਕੀਤਾ। ਉਸ ਨੇ ਵੱਡੇ ਲੀਗ ਮੈਚਾਂ ਬਾਰੇ ਸੋਚਿਆ। ਉਹਦੇ ਅਨੁਸਾਰ ਇਹ ਬਹੁਤ ਵੱਡੇ ਮੈਚ ਸਨ ਅਤੇ ਉਹਨੂੰ ਪਤਾ ਸੀ ਕਿ ਨਿਊਯਾਰਕ ਦੇ ਯਾਂਕੀ ਡੇਟਰੋਇਟ ਦੇ ਟਾਈਗਰਾਂ ਨਾਲ ਖੇਡ ਰਹੇ ਹੋਣਗੇ।

ਉਹਨੇ ਸੋਚਿਆ ਅੱਜ ਦੂਜਾ ਦਿਨ ਹੈ ਜਦੋਂ ਮੈਨੂੰ ਜਿਏਗੋ ਦਾ ਨਤੀਜਾ ਨਹੀਂ ਪਤਾ। ਪਰ ਮੇਰੇ 'ਚ ਆਤਮ-ਵਿਸ਼ਵਾਸ ਹੋਣਾ ਚਾਹੀਦਾ ਹੈ ਅਤੇ ਮੈਨੂੰ ਮਹਾਨ ਡੀਮੈਗੋਇਓ ਦੇ ਕਾਬਲ ਬਣਨਾ ਚਾਹੀਦਾ ਹੈ ਜਿਹੜਾ ਆਪਣੀ ਅੱਡੀ ਦੀ ਵਧੀ ਹੋਈ ਹੱਡੀ ਦੇ ਦਰਦ ਦੇ ਬਾਵਜੂਦ ਸਾਰੀ ਖੇਡ ਖ਼ੂਬਸੂਰਤੀ ਨਾਲ ਖੇਡਦਾ ਹੈ। ਹੱਡੀ ਦਾ ਵਧਾਅ ਕੀ ਹੈ ? ਉਹਨੇ ਆਪਣੇ ਆਪ ਨੂੰ ਪੁੱਛਿਆ ਸਾਡੇ ਵਿਚ ਤਾਂ ਹੁੰਦਾ ਹੀ ਨਹੀਂ। ਕੀ ਕਿਸੇ ਦੀ ਅੱਡੀ ਲੜ ਰਹੇ ਮੁਰਗੇ ਦੀ ਤਾੜ ਨਾਲੋਂ ਵਧੇਰੇ ਦੁਖਦਾਈ ਹੋ ਸਕਦੀ ਹੈ ? ਮੇਰਾ ਨਹੀਂ ਖ਼ਿਆਲ ਕਿ ਮੈਂ ਇਹ ਸਹਾਰ ਸਕਦਾ ਹਾਂ ਜਾਂ ਅੱਖ ਦਾ ਚਲਾ ਜਾਣਾ ਜਾਂ ਦੋਵੇਂ ਅੱਖਾਂ ਚਲੇ ਜਾਣਾ ਅਤੇ ਫਿਰ ਵੀ ਲੜ ਰਹੇ ਮੁਰਗਿਆਂ ਵਾਂਗ ਲੜਦੇ ਰਹਿਣਾ। ਮਹਾਨ ਪੰਛੀਆਂ ਅਤੇ ਜਾਨਵਰਾਂ ਸਾਹਮਣੇ ਮਨੁੱਖ ਕੋਈ ਵੱਡਾ ਨਹੀਂ ਹੈ। ਫਿਰ ਵੀ ਮੈਂ ਸਮੁੰਦਰ ਦੀ ਹਨੇਰੇ 'ਚ ਉਸ ਜਾਨਵਰ ਵਰਗਾ ਬਣਨਾ ਚਾਹਵਾਂਗਾ।

''ਜੇ ਸ਼ਾਰਕਾਂ ਨਾ ਆਉਣ ਤਾਂ।'' ਉਸ ਨੇ ਉੱਚੀ ਆਵਾਜ਼ 'ਚ ਕਿਹਾ'' ਜੇ ਸ਼ਾਰਕ ਆ ਗਈਆਂ ਤਾਂ ਰੱਬ ਇਸਦੀ (ਮੱਛੀ ਦੀ) ਵੀ ਖ਼ੈਰ ਕਰੇ ਤੇ ਮੇਰੀ ਵੀ।''

ਕੀ ਤੁਸੀਂ ਵਿਸ਼ਵਾਸ ਕਰੋਗੇ ਕਿ ਮਹਾਨ ਡੀਮੈਗੋਇਓ ਵੀ ਕਿਸੇ ਮੱਛੀ ਨਾਲ ਇੰਨੀ ਦੇਰ ਰਹੇਗਾ ਜਿੰਨੀ ਦੇਰ ਮੈਂ ਇਸ ਨਾਲ ਰਹਾਂਗਾ ? ਉਹਨੇ ਸੋਚਿਆ। ਮੈਨੂੰ ਯਕੀਨ ਹੈ ਕਿ ਉਹ ਰਹਿੰਦਾ ਅਤੇ ਸ਼ਾਇਦ ਜ਼ਿਆਦਾ ਹੀ ਰਹਿ ਸਕਦਾ ਹੈ ਕਿਉਂਕਿ ਉਹ ਜਵਾਨ ਅਤੇ ਤਾਕਤਵਰ ਹੈ, ਅਤੇ ਉਹਦਾ ਪਿਓ ਵੀ ਤਾਂ ਮਛੇਰਾ ਸੀ। ਪਰ ਕੀ ਹੱਡੀ ਦਾ ਵਧਾਅ ਉਸਨੂੰ ਬਹੁਤ ਹੀ ਦੁਖੀ ਕਰੇਗਾ ?

''ਮੈਨੂੰ ਨਹੀਂ ਪਤਾ।'' ਉਹਨੇ ਉੱਚੀ ਆਵਾਜ਼ 'ਚ ਕਿਹਾ ''ਮੇਰੀ ਹੱਡੀ ਨੂੰ ਤਾਂ ਕਦੇ ਦਰਦ ਹੋਇਆ ਹੀ ਨਹੀਂ।''

ਸੂਰਜ ਛਿਪਦਿਆਂ ਹੀ ਉਸਨੇ ਆਪਣੇ ਆਪ ਨੂੰ ਹੋਰ ਆਤਮ-ਵਿਸ਼ਵਾਸ ਦੇਣ ਲਈ ਕੈਸਾਬਲਾਕਾਂ ਵਿਚ ਸ਼ਰਾਬਖਾਨੇ ਦਾ ਵੇਲਾ ਯਾਦ ਕੀਤਾ ਜਦ ਉਸਨੇ ਸੀਅਨਫਿਓਗ ਦੇ

ਮਹਾਨ ਹਬਸ਼ੀ ਨਾਲ ਪੰਜਾ ਲੜਾਇਆ ਸੀ ਜਿਹੜਾ ਆਪਣੀ ਬੰਦਰਗਾਹ ਦਾ ਸਭ ਤੋਂ ਤਕੜਾ ਬੰਦਾ ਸੀ। ਪੂਰਾ ਦਿਨ ਅਤੇ ਪੂਰੀ ਰਾਤ ਉਹ ਮੇਜ਼ 'ਤੇ ਲੱਗੀ ਚਾਕ ਲਾਈਨ 'ਤੇ ਕੂਹਣੀ ਭਾਰ ਅੜੇ ਰਹੇ ਸਨ, ਜਦਕਿ ਉਹਨਾਂ ਦੇ ਡੌਲੇ ਸਿੱਧੇ ਅਤੇ ਹੱਥ ਇਕ ਦੂਜੇ 'ਚ ਘੁੱਟੇ ਹੋਏ ਜਨ। ਦੋਵੇਂ ਆਪਣੇ ਵਿਰੋਧੀ ਦਾ ਹੱਥ ਮੇਜ਼ 'ਤੇ ਸੁੱਟਣ ਲਈ ਯਤਨਸ਼ੀਲ ਸੀ। ਬੜੀਆਂ ਸ਼ਰਤਾਂ ਲੱਗੀਆਂ ਅਤੇ ਲੋਕ ਤੇਲ-ਦੀਵਿਆਂ ਦੀ ਰੋਸ਼ਨੀ 'ਚ ਕਦੇ ਕਮਰੇ ਦੇ ਅੰਦਰ ਆਉਂਦੇ ਤੇ ਕਦੇ ਬਾਹਰ ਜਾਂਦੇ। ਉਹ ਹਬਸ਼ੀ ਦੀ ਬਾਂਹ, ਹੱਥ ਤੇ ਚਿਹਰੇ ਵਲ ਧਿਆਨ ਗੱਡੀ ਬੈਠਾ ਸੀ। ਪਹਿਲੇ ਅੱਠ ਘੰਟਿਆਂ ਬਾਅਦ ਉਹਨਾਂ ਚਾਰ-ਚਾਰ ਘੰਟਿਆਂ ਬਾਅਦ ਰੈਫਰੀ ਬਦਲ ਲਏ ਤਾਂ ਕਿ ਉਹ ਸੌਂ ਸਕਣ। ਦੋਵਾਂ ਦੀਆਂ ਉਂਗਲੀਆਂ ਦੇ ਨਹੁੰਆਂ ਥੱਲੋਂ ਲਹੂ ਵਗਣ ਲੱਗਾ ਅਤੇ ਦੋਵੇਂ ਇਕ-ਦੂਜੇ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਦੇਖਣ ਲੱਗੇ ਅਤੇ ਫਿਰ ਆਪਣੇ ਹੱਥਾਂ ਅਤੇ ਡੌਲਿਆਂ ਵੱਲ। ਸ਼ਰਤਾਂ ਲਾਉਣ ਵਾਲੇ ਕਮਰੇ ਦੇ ਅੰਦਰ-ਬਾਹਰ ਜਾ ਰਹੇ ਸਨ ਅਤੇ ਕੁਝ ਦੀਵਾਰ ਨਾਲ ਕੁਰਸੀਆਂ ਲਗਾਈ ਬੈਠੇ ਹੋਏ ਸਨ। ਦੀਵਾਰਾਂ ਤੇ ਨੀਲੇ ਰੰਗ ਨਾਲ ਰੋਗਨ ਕੀਤਾ ਹੋਇਆ ਸੀ। ਇਹ ਲੱਕੜੀ ਦੀਆਂ ਸਨ ਅਤੇ ਉਨ੍ਹਾਂ 'ਤੇ ਪ੍ਰਛਾਵੇਂ ਦਿਖਾਈ ਦੇ ਰਹੇ ਸਨ। ਹਬਸ਼ੀ ਦਾ ਪਰਛਾਵਾਂ ਵਿਸ਼ਾਲ ਆਕਾਰ ਦਾ ਸੀ ਅਤੇ ਜਿਵੇਂ-ਜਿਵੇਂ ਹਵਾ ਲੈਂਪਾਂ ਦੀ ਰੋਸ਼ਨੀ ਨੂੰ ਹਿਲਾਉਂਦੀ ਇਹ ਵੀ ਦੀਵਾਰ 'ਤੇ ਹਿੱਲਣ ਲੱਗਦਾ।

ਸਾਰੀ ਰਾਤ ਸ਼ਰਤਾਂ ਬਦਲਦੀਆਂ ਰਹੀਆਂ। ਉਹ ਹਬਸ਼ੀ ਨੂੰ ਰੰਮ ਪਿਆਉਂਦੇ ਰਹੇ ਅਤੇ ਸਿਗਰਟਾਂ ਲਗਾ ਕੇ ਦਿੰਦੇ ਰਹੇ। ਰੰਮ ਪੀਣ ਮਗਰੋਂ, ਹਬਸ਼ੀ ਜ਼ੋਰਦਾਰ ਹੰਭਲਾ ਮਾਰਦਾ ਅਤੇ ਇਕ ਵਾਰ ਤਾਂ ਉਹਨੇ ਬੁੱਢੇ ਆਦਮੀ ਨੂੰ ਤਿੰਨ ਇੰਚ ਥੱਲੇ ਧਕੇਲ ਲਿਆ ਸੀ। ਜਿਹੜਾ ਉਸ ਵੇਲੇ ਬੁੱਢਾ ਨਹੀਂ ਬਲਕਿ ਸਾਂਤਿਆਗੋ ਇਲ ਕੈਮਪਿਅਨ ਸੀ। ਪਰ ਬੁੱਢੇ ਆਦਮੀ ਨੇ ਹੱਥ ਫਿਰ ਉਠਾ ਲਿਆ ਸੀ, ਉਦੋਂ ਉਹ ਨਿਸਚਿੰਤ ਸੀ ਕਿ ਉਹਨੇ ਹਬਸ਼ੀ, ਜਿਹੜਾ ਕਿ ਇਕ ਚੰਗਾ ਇਨਸਾਨ ਅਤੇ ਮਹਾਨ ਅਥਲੀਟ ਸੀ, ਨੂੰ ਹਰਾਉਣਾ ਹੀ ਸੀ। ਸਵੇਰ ਹੋਣ ਤਕ, ਜਦੋਂ ਸ਼ਰਤਾਂ ਲਾਉਣ ਵਾਲੇ ਮੈਚ ਨੂੰ ਬਰਾਬਰ ਐਲਾਨਣ ਲਈ ਕਹਿ ਰਹੇ ਸਨ ਅਤੇ ਰੈਫਰੀ ਵੀ ਸਿਰ ਹਿਲਾ ਰਿਹਾ ਸੀ ਤਾਂ ਉਸ ਵੇਲੇ ਬੁੱਢੇ ਨੇ ਅਥਾਹ ਜ਼ੋਰ ਲਾਇਆ ਅਤੇ ਹਬਸ਼ੀ ਦਾ ਹੱਥ ਥੱਲੇ ਲਾ ਦਿੱਤਾ ਅਤੇ ਉਦੋਂ ਤਕ ਥੱਲੇ ਨੱਪੀ ਰੱਖਿਆ ਜਦ ਤਕ ਇਹ ਲੱਕੜੀ ਦੇ ਮੇਜ਼ 'ਤੇ ਨਾ ਜਾ ਟਿਕਿਆ। ਮੈਚ ਐਤਵਾਰ ਦੀ ਸਵੇਰ ਨੂੰ ਸ਼ੁਰੂ ਹੋਇਆ ਸੀ ਅਤੇ ਸੋਮਵਾਰ ਸਵੇਰੇ ਖ਼ਤਮ ਹੋਇਆ। ਵਧੇਰੇ ਸ਼ਰਤਾਂ ਲਾਉਣ ਵਾਲੇ ਮੈਚ ਬਰਾਬਰੀ ਲਈ ਕਹਿ ਚੁੱਕੇ ਸਨ ਕਿਉਂਕਿ ਉਨ੍ਹਾਂ ਬੰਦਰਗਾਹ 'ਤੇ ਖੰਡ ਦੀਆਂ ਬੋਰੀਆਂ ਲੱਦਣ ਜਾਂ ਹਵਾਨਾ ਕੋਲ ਕੰਪਨੀ 'ਚ ਕੰਮ 'ਤੇ ਜਾਣਾ ਸੀ। ਨਹੀਂ ਤਾਂ ਹਰ ਕਿਸੇ ਨੇ ਇਸ ਦੀ ਅੰਤ ਤਕ ਉਡੀਕ ਕਰਨੀ ਸੀ। ਪਰ ਉਸ ਨੇ ਮੈਚ ਨੂੰ ਖ਼ਤਮ ਕਰ ਦਿੱਤਾ ਸੀ ਅਤੇ ਉਹ ਵੀ ਕਿਸੇ ਦੇ ਕੰਮ ਤੋਂ ਜਾਣ ਤੋਂ ਪਹਿਲਾਂ ਹੀ।

ਇਸ ਮੁਕਾਬਲੇ ਤੋਂ ਕਿੰਨਾ ਚਿਰ ਬਾਅਦ ਤਕ ਉਸਨੂੰ ਚੈਂਪੀਅਨ ਵਜੋਂ ਬੁਲਾਇਆ ਜਾਂਦਾ ਰਿਹਾ। ਬਸੰਤ ਰੁੱਤੇ ਇਕ ਵਾਰ ਫਿਰ ਮੈਚ ਖੇਡਿਆ ਗਿਆ। ਪਰ ਇਸ ਵੇਲੇ ਵਧੇਰੇ ਸ਼ਰਤਾਂ ਨਾ ਲੱਗੀਆਂ ਅਤੇ ਉਸ ਨੇ ਮੈਚ ਬੜੀ ਆਸਾਨੀ ਨਾਲ ਜਿੱਤ ਲਿਆ ਕਿਉਂਕਿ ਉਹਨੇ ਪਹਿਲੇ

ਮੈਚ 'ਚ ਸੀਅਨਫਿਓਂਗ ਦੇ ਹਬਸ਼ੀ ਦਾ ਆਤਮ ਵਿਸ਼ਵਾਸ ਭੰਨ ਦਿੱਤਾ ਸੀ। ਇਸ ਤੋਂ ਬਾਅਦ ਕੁਝ ਹੋਰ ਮੈਚ ਉਹਨੇ ਖੇਡੇ ਅਤੇ ਫਿਰ ਬਿਲਕੁਲ ਬੰਦ ਕਰ ਦਿੱਤੇ। ਉਸਨੇ ਨਿਰਣਾ ਕੀਤਾ ਕਿ ਉਹ ਕਿਸੇ ਨੂੰ ਵੀ ਹਰਾ ਸਕਦਾ ਸੀ ਜੇ ਉਹ ਚਾਹੇ ਤਾਂ। ਪਰ ਉਹਨੇ ਫ਼ੈਸਲਾ ਕੀਤਾ ਕਿ ਅਜਿਹਾ ਉਸ ਦੇ ਸੱਜੇ ਹੱਥ ਨੂੰ ਮੱਛੀਆਂ ਫੜਨ ਸਮੇਂ ਠੀਕ ਨਹੀਂ ਸੀ। ਉਸ ਨੇ ਖੱਬੇ ਹੱਥ ਨਾਲ ਕੁਝ ਅਭਿਆਸੀ ਮੈਚ ਖੇਡੇ ਸਨ। ਪਰ ਉਹਦਾ ਖੱਬਾ ਹੱਥ ਸਦਾ ਹੀ ਧ੍ਰੋਹੀ ਸਾਬਤ ਹੁੰਦਾ ਅਤੇ ਇਹ ਉਹ ਕੁਝ ਨਾ ਕਰ ਸਕਦਾ ਜੋ ਇਸਨੂੰ ਕਿਹਾ ਜਾਂਦਾ। ਇਸ ਲਈ ਇਹ ਇਹਦੇ 'ਤੇ ਭਰੋਸਾ ਨਹੀਂ ਕਰਦਾ ਸੀ।

ਉਹਨੇ ਸੋਚਿਆ ਧੁੱਪ ਇਸਨੂੰ ਚੰਗੀ ਤਰ੍ਹਾਂ ਨਿੱਘਾ ਕਰੇਗੀ। ਪਰ ਇਹਨੂੰ ਦੁਬਾਰਾ ਨਹੀਂ ਆਕੜਨਾ ਚਾਹੀਦਾ ਜੇ ਰਾਤ ਨੂੰ ਠੰਡ ਨਹੀਂ ਪੈਂਦੀ। ਮੈਨੂੰ ਹੈਰਾਨੀ ਹੈ ਕਿ ਅੱਜ ਰਾਤ ਕੈਸੀ ਰਹੇਗੀ ?

ਮਿਆਮੀ ਨੂੰ ਜਾ ਰਿਹਾ ਇਕ ਹਵਾਈ ਜਹਾਜ਼ ਸਿਰ ਤੋਂ ਲੰਘਿਆ ਅਤੇ ਉਹਨੇ ਇਸਦੇ ਪਰਛਾਵੇਂ ਤੋਂ ਡਰ ਰਹੀਆਂ ਉੱਡਣਾ-ਮੱਛੀਆਂ ਦਾ ਝੁੰਡ ਦੇਖਿਆ।

''ਜੇ ਇੰਨੀਆਂ ਉੱਡਣਾ-ਮੱਛੀਆਂ ਹਨ ਤਾਂ ਇਥੇ ਡਾਲਫਿਨ ਵੀ ਹੋਣੀ ਚਾਹੀਦੀ ਹੈ।'' ਉਸ ਨੇ ਕਿਹਾ ਅਤੇ ਉਹ ਡੋਰੀ 'ਤੇ ਲੇਟ ਕੇ ਦੇਖਣ ਲੱਗਾ ਕਿ ਮੱਛੀ ਨੂੰ ਖਿੱਚਣਾ ਕਿੰਨਾ ਕੁ ਸੰਭਵ ਸੀ। ਪਰ ਉਹ ਨਾ ਦੇਖ ਸਕਿਆ ਅਤੇ ਮੱਛੀ ਆਪਣੀ ਸਖ਼ਤੀ 'ਤੇ ਅੜੀ ਰਹੀ। ਪਾਣੀ ਦੇ ਤੁਪਕੇ ਡੋਰੀ ਤੋਂ ਡਿੱਗਦੇ ਅਤੇ ਟੁੱਟਦੇ ਰਹੇ। ਕਿਸ਼ਤੀ ਹੌਲੀ-ਹੌਲੀ ਅਗਾਂਹ ਜਾ ਰਹੀ ਸੀ। ਉਹ ਉਦੋਂ ਤਕ ਹਵਾਈ ਜਹਾਜ਼ ਦੇਖਦਾ ਰਿਹਾ ਜਦ ਤਕ ਇਹ ਉਸ ਤੋਂ ਓਝਲ ਨਾ ਹੋ ਗਿਆ।

ਉਹਨੇ ਸੋਚਿਆ—ਹਵਾਈ ਜਹਾਜ਼ 'ਚ ਬਹਿਣਾ ਕਿੰਨਾ ਅਜੀਬ ਹੋਵੇਗਾ। ਮੈਨੂੰ ਹੈਰਾਨੀ ਹੈ ਕਿ ਇਹ ਸਮੁੰਦਰ ਇੰਨੀ ਉੱਚਾਈ ਤੋਂ ਕਿਸ ਤਰ੍ਹਾਂ ਦਾ ਦਿਖਾਈ ਦਿੰਦਾ ਹੋਵੇਗਾ ? ਜੇ ਉਹ ਜ਼ਿਆਦਾ ਉੱਚਾ ਨਾ ਉਡਣ ਤਾਂ ਉਹ ਮੱਛੀ ਨੂੰ ਚੰਗੀ ਤਰ੍ਹਾਂ ਦੇਖਣ ਦੇ ਯੋਗ ਹੋਣਗੇ। ਮੈਂ ਦੋ ਸੌ ਫੈਥਮ ਉੱਚਾਈ 'ਤੇ ਹੌਲੀ-ਹੌਲੀ ਉਡਣਾ ਚਾਹੁੰਦਾ ਹਾਂ ਅਤੇ ਉਥੋਂ ਮੱਛੀ ਨੂੰ ਦੇਖਣਾ ਚਾਹਵਾਂਗਾ। ਕੱਛੂ-ਕਿਸ਼ਤੀਆਂ 'ਚ ਮੈਂ ਮਸਤੂਲ ਦੇ ਸਿਰ ਨੂੰ ਸਹਾਰਾ ਦੇਣ ਲੱਗਿਆਂ ਚਰਖੜੀਆਂ 'ਤੇ ਚੜ੍ਹ ਜਾਂਦਾ ਸੀ ਅਤੇ ਉਸ ਉੱਚਾਈ ਤੋਂ ਬੜਾ ਕੁਝ ਦੇਖਦਾ ਸੀ। ਉਥੋਂ ਡਾਲਫਿਨ ਜ਼ਿਆਦਾ ਹਰੀ ਦਿਖਾਈ ਦਿੰਦੀ ਅਤੇ ਤੁਸੀਂ ਉਹਦੀਆਂ ਧਾਰੀਆਂ ਅਤੇ ਬੈਂਗਣੀ ਨਿਸ਼ਾਨ ਦੇਖ ਸਕਦੇ ਹੋ ਅਤੇ ਉਨ੍ਹਾਂ ਦਾ ਸਾਰਾ ਝੁੰਡ ਵੀ ਜੋ ਉਥੇ ਤੈਰਦਾ ਹੈ।

''ਤੁਸੀਂ ਉਨ੍ਹਾਂ ਸਾਰੀਆਂ ਦੇ ਝੁੰਡ ਨੂੰ ਹੀ ਤੈਰਦੇ ਹੋਏ ਦੇਖ ਸਕਦੇ ਹੋ। ਅਜਿਹਾ ਕਿਉਂ ਹੈ ਕਿ ਗਹਿਰੇ ਪ੍ਰਵਾਹ 'ਚ ਤੇਜ਼ ਚੱਲਣ ਵਾਲੀਆਂ ਸਾਰੀਆਂ ਮੱਛੀਆਂ ਦੀ ਪਿੱਠ ਬੈਂਗਣੀ ਹੁੰਦੀ ਹੈ ਅਤੇ ਆਮਤੌਰ 'ਤੇ ਬੈਂਗਣੀ ਧਾਰੀਆਂ ਜਾਂ ਧੱਬੇ ਹੁੰਦੇ ਹਨ ? ਡਾਲਫਿਨ ਹਰੀ ਦਿਖਾਈ ਦਿੰਦੀ ਸੀ ਕਿਉਂਕਿ ਉਹ ਅਸਲ ਵਿਚ ਸੁਨਹਿਰੀ ਸੀ। ਪਰ ਜਦ ਉਹ ਭੋਜਨ ਖਾਣ ਆਉਂਦੀ ਤਾਂ ਬੈਂਗਣੀ ਧਾਰੀਆਂ ਕਿਸੇ ਮਾਰਲਿਨ ਵਾਂਗ ਇਹਦੇ ਪਾਸਿਆਂ 'ਤੇ ਦਿਖਾਈ ਦਿੰਦੀਆਂ।

ਕੀ ਇਹ ਗੁੱਸਾ ਸੀ ਜਾਂ ਉਸ ਦੀ ਤੇਜ਼ ਰਫ਼ਤਾਰ ਜੋ ਇਹਨਾਂ ਨੂੰ ਬਾਹਰ ਲਿਆਉਂਦੀ ਸੀ ?

ਹਨੇਰਾ ਹੋਣ ਤੋਂ ਕੁਝ ਦੇਰ ਪਹਿਲਾਂ, ਜਦ ਉਹ ਸਰਗੈਸੋ ਨਦੀਨ ਦੇ ਇਕ ਵੱਡੇ ਟਾਪੂ ਕੋਲੋਂ ਗੁਜ਼ਰੇ ਜਿਹੜਾ ਹਲਕੇ ਸਮੁੰਦਰ ਵਿਚ ਉਤਰਿਆ ਸੀ ਅਤੇ ਉੱਪਰ ਥੱਲੇ ਜਾ ਰਿਹਾ ਸੀ ਜਿਵੇਂ ਮਹਾਸਾਗਰ ਪੀਲੇ ਕੰਬਲ ਹੇਠ ਕਿਸੇ ਨਾਲ ਪਿਆਰ ਕਰ ਰਿਹਾ ਹੋਵੇ, ਉਸੇ ਵੇਲੇ ਇਕ ਛੋਟਾ ਫੰਧਾ ਡਾਲਫਿਨ ਨੇ ਫੜ ਲਿਆ। ਪਹਿਲਾ ਉਸਨੇ ਇਸਨੂੰ ਤਦ ਦੇਖਿਆ ਜਦ ਇਹ ਹਵਾ ਵਿਚ ਕੁੱਦੀ। ਛਿਪ ਰਹੇ ਸੂਰਜ ਦੀ ਰੌਸ਼ਨੀ ਵਿਚ ਇਹ ਪੂਰੀ ਤਰ੍ਹਾਂ ਸੁਨਹਿਰੀ ਦਿਸਦੀ ਸੀ ਅਤੇ ਹਵਾ ਵਿਚ ਬੇਕਾਬੂ ਹੋ ਕੇ ਉੱਛਲ-ਉੱਛਲ ਜਾ ਰਹੀ ਸੀ। ਖ਼ੌਫ ਦੀਆਂ ਕਲਾਬਾਜ਼ੀਆਂ ਵਿਚ ਇਹ ਵਾਰ-ਵਾਰ ਕੁੱਦ ਰਹੀ ਸੀ। ਉਸਨੇ ਵਾਪਸ ਇਸਨੂੰ ਕਿਸ਼ਤੀ ਦੇ ਪਿਛਾੜੀ 'ਤੇ ਲੈ ਆਂਦਾ ਅਤੇ ਸੱਜੇ ਹੱਥ ਨਾਲ ਵੱਡੀ ਡੋਰੀ ਸੰਭਾਲਦੇ ਹੋਏ, ਡਾਲਫਿਨ ਨੂੰ ਖੱਬੇ ਹੱਥ ਨਾਲ ਕਿਸ਼ਤੀ ਅੰਦਰ ਖਿੱਚ ਲਿਆ। ਖੱਬੇ ਪੈਰ ਥੱਲੇ ਉਹ ਖਿੱਚੀ ਜਾ ਰਹੀ ਵੱਡੀ ਡੋਰੀ ਨੂੰ ਲਗਾਤਾਰ ਸੰਭਾਲੀ ਬੈਠਾ ਸੀ। ਜਦ ਵਿਆਕੁਲ ਹੋਈ ਮੱਛੀ ਕਿਸ਼ਤੀ ਦੇ ਪਿਛਾੜੀ ਇਧਰ ਉਧਰ ਉੱਛਲ-ਕੁੱਦ ਰਹੀ ਸੀ ਤਾਂ ਬੁੱਢਾ ਆਦਮੀ ਕਿਸ਼ਤੀ ਦੇ ਪਿਛਾੜੀ ਝੁਕਿਆ ਅਤੇ ਸੁਨਹਿਰੀ ਮੱਛੀ ਨੂੰ ਬੈਂਗਣੀ ਧੱਬਿਆਂ ਤੋਂ ਫੜ ਕੇ ਅੰਦਰ ਸੁੱਟ ਲਿਆ। ਇਸਦੇ ਜਬਾੜੇ ਕੁੰਡੀ ਨੂੰ ਮੁੜ-ਮੁੜ ਕੇ ਤੇਜ਼ੀ ਨਾਲ ਵੱਢ ਰਹੇ ਸਨ। ਉਹ ਆਪਣੀ ਲੰਬੇ ਚਪਟੇ ਸਰੀਰ, ਪੂਛ ਅਤੇ ਸਿਰ ਨਾਲ ਕਿਸ਼ਤੀ ਦੇ ਫ਼ਰਸ਼ 'ਤੇ ਜ਼ੋਰ ਨਾਲ ਹਮਲਾ ਕਰਦੀ ਰਹੀ ਜਦ ਤਕ ਉਹਨੇ ਇਹਦੇ ਸੁਨਹਿਰੀ ਸਿਰ ਨੂੰ ਡੰਡਾ ਮਾਰ-ਮਾਰ ਕੇ ਸ਼ਾਂਤ ਨਾ ਕਰ ਦਿੱਤਾ।

ਬੁੱਢੇ ਆਦਮੀ ਨੇ ਮੱਛੀ ਦੇ ਮੂੰਹ 'ਚੋਂ ਕੁੰਡੀ ਕੱਢੀ, ਡੋਰੀ ਨਾਲ ਸਾਰਡੀਨ ਦਾ ਫਿਰ ਫੰਧਾ ਲਾਇਆ ਅਤੇ ਇਹਨੂੰ ਪਾਣੀ 'ਚ ਸੁੱਟ ਦਿੱਤਾ। ਤਦ ਉਹ ਹੌਲੀ-ਹੌਲੀ ਵਾਪਸ ਕਿਸ਼ਤੀ ਦੇ ਤਖਤੇ ਵੱਲ ਪਹੁੰਚ ਗਿਆ। ਉਹਨੇ ਆਪਣਾ ਖੱਬਾ ਹੱਥ ਧੋਤਾ ਅਤੇ ਪਜਾਮੇ ਨਾਲ ਪੂੰਝਿਆ। ਤਦ ਉਹਨੇ ਭਾਰੀ ਡੋਰੀ ਸੱਜੇ ਹੱਥ ਤੋਂ ਖੱਬੇ ਹੱਥ 'ਤੇ ਪਾ ਦਿੱਤੀ ਅਤੇ ਸਮੁੰਦਰ 'ਚ ਸੱਜਾ ਹੱਥ ਧੋਤਾ। ਉਹ ਸੂਰਜ ਨੂੰ ਮਹਾਸਗਰ 'ਚ ਡੁੱਬਦਾ ਅਤੇ ਵੱਡੀ ਡੋਰੀ ਦੀ ਢਾਲ ਦੇਖਦਾ ਰਿਹਾ।

''ਉਹ ਬਿਲਕੁਲ ਨਹੀਂ ਬਦਲੀ।'' ਉਸ ਨੇ ਕਿਹਾ। ਪਰ ਹੱਥ ਨਾਲ ਪਾਣੀ ਦੀ ਹਰਕਤ ਦੇਖਦੇ ਹੋਏ ਮਹਿਸੂਸ ਕੀਤਾ ਕਿ ਇਹ ਕਾਫ਼ੀ ਹੌਲੀ ਹੋ ਗਈ ਸੀ।

''ਮੈਂ ਰਾਤ ਨੂੰ ਦੋਵੇਂ ਚੱਪੂ ਪਿਛਾੜੀ ਬੰਨ੍ਹ ਦਿਆਂਗਾ। ਇਸ ਨਾਲ ਇਹ ਗਤੀ ਹੋਰ ਹੌਲੀ ਹੋ ਜਾਏਗੀ।'' ਉਹਨੇ ਕਿਹਾ ''ਰਾਤ ਵੇਲੇ ਉਹ ਵੀ ਸੌਖੀ ਰਹਿੰਦੀ ਹੈ ਤੇ ਮੈਂ ਵੀ।''

'ਮਾਸ 'ਚ ਲਹੂ ਨੂੰ ਬਚਾਈ ਰੱਖਣ ਲਈ ਡਾਲਫਿਨ ਨੂੰ ਥੋੜੀ ਦੇਰ ਬਾਅਦ ਕੱਟਣਾ ਠੀਕ ਰਹੇਗਾ।' –ਉਹਨੇ ਸੋਚਿਆ। ਮੈਂ ਇਹ ਕੰਮ ਥੋੜ੍ਹੀ ਦੇਰ ਬਾਅਦ ਕਰ ਸਕਦਾ ਹਾਂ ਅਤੇ ਨਾਲ ਹੀ ਚੱਪੂ ਬੰਨ੍ਹ ਦਿੰਦਾ ਹਾਂ ਤਾਂ ਜੋ ਰਫ਼ਤਾਰ ਮੱਠੀ ਹੋ ਸਕੇ। ਹੁਣ ਮੱਛੀ ਨੂੰ ਸ਼ਾਂਤ ਰੱਖਣਾ ਹੀ ਬਿਹਤਰ ਹੈ ਅਤੇ ਸੂਰਜ ਡੁੱਬਣ ਵੇਲੇ ਉਹਨੂੰ ਤੰਗ ਨਹੀਂ ਕਰਨਾ ਚਾਹੀਦਾ। ਸੂਰਜ ਦਾ ਛਿਪਾ ਸਾਰੀਆਂ ਮੱਛੀਆਂ ਲਈ ਮੁਸ਼ਕਲ ਸਮਾਂ ਹੁੰਦਾ ਹੈ।

ਉਹਨੇ ਹੱਥ ਨੂੰ ਹਵਾ 'ਚ ਸੁੱਕਣ ਦਿੱਤਾ ਅਤੇ ਫਿਰ ਇਸ ਨਾਲ ਡੋਰੀ ਫੜ ਲਈ ਅਤੇ ਜਿੰਨਾ ਹੋ ਸਕਿਆ, ਆਪਣੇ ਆਪ ਨੂੰ ਸੌਖੇਰਾ ਕੀਤਾ। ਉਹਨੇ ਆਪਣੇ ਆਪ ਨੂੰ ਅਗਾਂਹ ਤਖਤੇ ਵਲ ਖਿੱਚੇ ਜਾਣ ਦਿੱਤਾ ਤਾਂ ਜੋ ਕਿਸ਼ਤੀ ਉਹਦੇ ਜਿੰਨਾ ਜਾਂ ਉਸ ਤੋਂ ਵੀ ਵਧ ਦਬਾਓ ਸਹਿ ਸਕੇ।

ਮੈਂ ਸਿੱਖ ਰਿਹਾ ਹਾਂ ਕਿ ਕਿਵੇਂ ਸਭ ਕੁਝ ਕਰਨਾ ਹੈ—ਉਸ ਨੇ ਸੋਚਿਆ। ਤਦ ਇਹ ਵੀ ਤਾਂ ਯਾਦ ਰੱਖ ਕਿ ਉਹਨੇ ਫੰਧਾ ਫੜਨ ਤੋਂ ਹੁਣ ਤਕ ਕੁਝ ਨਹੀਂ ਖਾਧਾ। ਉਹ ਬਹੁਤ ਵੱਡਾ ਹੈ ਅਤੇ ਬਹੁਤ ਜ਼ਿਆਦਾ ਭੋਜਨ ਦੀ ਉਹਨੂੰ ਲੋੜ ਹੈ। ਮੈਂ ਤਾਂ ਸਾਰੀ ਝੀਂਗਾ ਖਾਧੀ ਹੈ। ਕੱਲ ਮੈਂ ਡਾਲਫਿਨ ਖਾਵਾਂਗਾ। ਉਹਨੇ ਇਸਨੂੰ ਡਰੈਡੋ ਕਿਹਾ। ਸ਼ਾਇਦ ਮੈਂ ਇਸਦਾ ਕੁਝ ਹਿੱਸਾ ਉਦੋਂ ਖਾ ਲਵਾਂ ਜਦ ਇਹਨੂੰ ਸਾਫ਼ ਕਰਾਂ। ਝੀਂਗਾ ਨਾਲੋਂ ਇਹਨੂੰ ਖਾਣਾ ਔਖਾ ਹੋਵੇਗਾ। ਪਰ ਫਿਰ ਵੀ ਆਸਾਨ ਤਾਂ ਕੁਝ ਵੀ ਨਹੀਂ।

''ਮੱਛਲੀਏ, ਤੇਰਾ ਕੀ ਹਾਲ ਏ ?'' ਉਸ ਨੇ ਉੱਚੀ ਆਵਾਜ਼ 'ਚ ਪੁੱਛਿਆ, ''ਮੈਂ ਤਾਂ ਠੀਕ ਮਹਿਸੂਸ ਕਰ ਰਿਹਾਂ ਤੇ ਮੇਰਾ ਖੱਬਾ ਹੱਥ ਵੀ ਠੀਕ-ਠਾਕ ਹੈ ਤੇ ਮੇਰੇ ਕੋਲ ਰਾਤ ਅਤੇ ਦਿਨ ਲਈ ਭੋਜਨ ਵੀ ਹੈ। ਤੂੰ ਕਿਸ਼ਤੀ ਖਿੱਚੀ ਜਾ, ਮੱਛਲੀਏ !''

ਉਹ ਸੱਚੀ-ਮੁੱਚੀ ਠੀਕ ਮਹਿਸੂਸ ਨਹੀਂ ਕਰਦਾ ਸੀ ਕਿਉਂਕਿ ਪਿੱਠ 'ਤੇ ਡੋਰੀ ਦੇ ਖਿਚਾਅ ਦਾ ਦਰਦ ਆਪਣੀ ਹੱਦ ਪਾਰ ਕਰ ਗਿਆ ਸੀ ਅਤੇ ਸੁੰਨ ਅਵਸਥਾ 'ਚ ਪਹੁੰਚ ਗਿਆ ਸੀ ਜਿਸ 'ਤੇ ਉਸਨੂੰ ਕੋਈ ਵਿਸ਼ਵਾਸ ਨਹੀਂ ਸੀ। ਪਰ ਮੈਂ ਤਾਂ ਇਸ ਤੋਂ ਭੈੜੇ ਦਰਦ ਵੀ ਸਹੇ ਨੇ—ਉਹਨੇ ਸੋਚਿਆ। ਮੇਰਾ ਹੱਥ ਥੋੜ੍ਹਾ ਜਿਹਾ ਹੀ ਕੱਟਿਆ ਗਿਆ ਏ ਤੇ ਦੂਜਾ ਤੋਂ ਕੁੜੱਲ ਉਤਰ ਗਿਆ ਏ। ਮੇਰੀਆਂ ਲੱਤਾਂ ਠੀਕ-ਠਾਕ ਹਨ। ਜਿਥੋਂ ਤਕ ਖ਼ੁਰਾਕ ਦਾ ਸਵਾਲ ਸੀ, ਇਸ ਮਾਮਲੇ ਵਿਚ ਵੀ ਉਹ ਉਸ ਤੋਂ ਅਗੇਰੇ ਸੀ।

ਹੁਣ ਹਨੇਰਾ ਹੋ ਚੁੱਕਾ ਸੀ ਜਿਵੇਂ ਕਿ ਸਤੰਬਰ 'ਚ ਸੂਰਜ ਛਿਪਣ ਬਾਅਦ ਤੁਰੰਤ ਹੋ ਜਾਂਦਾ ਹੈ। ਉਹ ਕਿਸ਼ਤੀ ਦੇ ਮੱਥੇ ਦੀ ਫੱਟੀ ਹੋਈ ਲੱਕੜ 'ਤੇ ਲੇਟ ਗਿਆ ਅਤੇ ਜਿੰਨਾ ਹੋ ਸਕਦਾ ਸੀ, ਆਰਾਮ ਕੀਤਾ। ਪਹਿਲੇ ਤਾਰੇ ਨਿਕਲ ਚੁੱਕੇ ਸਨ। ਉਹਨੂੰ ਸ਼ਾਮ ਦੇ ਸਭ ਤੋਂ ਪਹਿਲੇ ਤਾਰਾ ਦਾ ਨਾਂ ਨਹੀਂ ਪਤਾ ਸੀ ਪਰ ਉਸਨੇ ਇਹਨੂੰ ਦੇਖਿਆ ਅਤੇ ਜਲਦੀ ਹੀ ਜਾਣ ਲਿਆ ਕਿ ਉਹ ਸਾਰੇ ਨਿਕਲ ਆਉਣਗੇ ਅਤੇ ਇਹ ਸਾਰੇ ਉਸਦੇ ਦੂਰ ਦੇ ਮਿੱਤਰ ਬਣ ਜਾਣਗੇ।

''ਮੱਛੀ ਵੀ ਮੇਰੀ ਦੋਸਤ ਹੈ।'' ਉਸ ਨੇ ਉੱਚੀ ਆਵਾਜ਼ 'ਚ ਕਿਹਾ—''ਮੈਂ ਅਜਿਹੀ ਮੱਛੀ ਕਦੇ ਨਹੀਂ ਦੇਖੀ ਨਾ ਹੀ ਅਜਿਹੀ ਬਾਰੇ ਕਦੇ ਸੁਣਿਆ। ਪਰ ਮੈਨੂੰ ਜ਼ਰੂਰ ਇਹਨੂੰ ਮਾਰਨਾ ਪਵੇਗਾ। ਖ਼ੁਸ਼ੀ ਦੀ ਗੱਲ ਇਹ ਹੈ ਕਿ ਸਾਨੂੰ ਤਾਰਿਆਂ ਨੂੰ ਮਾਰਨ ਦੀ ਕੋਸ਼ਿਸ਼ ਨਹੀਂ ਕਰਨੀ ਪੈਂਦੀ।''

ਕਲਪਨਾ ਕਰੋ ਜੇ ਹਰ ਰੋਜ਼ ਬੰਦੇ ਨੂੰ ਚੰਦਰਮਾ ਨੂੰ ਮਾਰਨ ਦੀ ਕੋਸ਼ਿਸ਼ ਕਰਨੀ ਪਵੇ—ਉਸ ਨੇ ਸੋਚਿਆ। ਚੰਦਰਮਾ ਦੌੜ ਜਾਂਦਾ ਹੈ। ਪਰ ਕਲਪਨਾ ਕਰੋ ਜੇ ਹਰ ਰੋਜ਼ ਬੰਦੇ ਨੂੰ ਸੂਰਜ ਮਾਰਨ ਦੀ ਕੋਸ਼ਿਸ਼ ਕਰਨੀ ਪਵੇ। ਅਸੀਂ ਤਾਂ ਜਮਾਂਦਰੂ ਕਿਸਮਤਵਾਨ ਹਾਂ—ਉਹਨੇ ਸੋਚਿਆ।

ਉਸ ਨੂੰ ਫਿਰ ਵੱਡੀ ਮੱਛੀ 'ਤੇ ਤਰਸ ਆਇਆ ਕਿ ਉਸ ਕੋਲ ਖਾਣ ਨੂੰ ਕੁਝ ਨਹੀਂ ਸੀ ਪਰ ਉਸਦੇ ਅਫਸੋਸ ਨੇ ਉਸਨੂੰ ਮਾਰਨ ਦਾ ਇਰਾਦਾ ਕਦੇ ਕਮਜ਼ੋਰ ਨਾ ਪੈਣ ਦਿੱਤਾ। ਕਿੰਨੇ ਲੋਕਾਂ ਦਾ ਉਹ ਭੋਜਨ ਬਣੇਗੀ—ਉਹਨੇ ਸੋਚਿਆ। ਪਰ ਕੀ ਉਹ ਇਸਨੂੰ ਖਾਣ ਦੇ ਹੱਕਦਾਰ ਹਨ ? ਨਹੀਂ ਬਿਲਕੁਲ ਨਹੀਂ। ਇਸਦੇ ਵਿਹਾਰ ਅਤੇ ਉੱਚੀ ਸ਼ਾਨ ਨੂੰ ਦੇਖੀਏ ਤਾਂ ਕੋਈ ਵੀ ਇਸਨੂੰ ਖਾਣ ਦਾ ਹੱਕਦਾਰ ਨਹੀਂ।

''ਮੈਂ ਇਹਨਾਂ ਗੱਲਾਂ ਨੂੰ ਨਹੀਂ ਸਮਝ ਸਕਦਾ''—ਉਸਨੇ ਸੋਚਿਆ। ਪਰ ਇਹ ਗੱਲ ਤਾਂ ਚੰਗੀ ਹੋਈ ਕਿ ਸਾਨੂੰ ਸੂਰਜ, ਚੰਨ ਜਾਂ ਤਾਰੇ ਮਾਰਨ ਦੀ ਕੋਸ਼ਿਸ਼ ਨਹੀਂ ਕਰਨੀ ਪੈਂਦੀ। ਸਮੁੰਦਰ 'ਤੇ ਨਿਰਭਰ ਰਹਿਣਾ ਹੀ ਕਾਫ਼ੀ ਹੈ ਅਤੇ ਆਪਣੇ ਅਸਲ ਭਰਾਵਾਂ ਦਾ ਸ਼ਿਕਾਰ ਕਰਦੇ ਰਹਿਣਾ।

ਉਹਨੇ ਸੋਚਿਆ ਹੁਣ ਮੈਨੂੰ ਮੱਠੀ ਚਾਲ ਬਾਰੇ ਸੋਚਣਾ ਚਾਹੀਦਾ ਹੈ। ਇਸ ਦੇ ਨੁਕਸਾਨ ਵੀ ਹਨ ਅਤੇ ਲਾਭ ਵੀ। ਮੈਨੂੰ ਇੰਨੀ ਜ਼ਿਆਦਾ ਡੋਰੀ ਛੱਡਣੀ ਪੈ ਸਕਦੀ ਹੈ ਕਿ ਉਸ ਨੂੰ ਨਾ ਗਵਾ ਬੈਠਾਂ। ਜੇ ਉਹ ਕੋਸ਼ਿਸ਼ ਕਰੇ ਅਤੇ ਚੱਪੂ ਸਹੀ ਜਗ੍ਹਾ ਰਹਿਣ ਤਾਂ ਕਿਸ਼ਤੀ ਆਪਣਾ ਸਾਰਾ ਹਲਕਾਪਣ ਗਵਾ ਸਕਦੀ ਹੈ। ਕਿਸ਼ਤੀ ਦਾ ਹਲਕਾਪਣ ਸਾਡੇ ਦੋਵਾਂ ਦੇ ਕਸ਼ਟ ਨੂੰ ਲੰਬਾ ਕਰੇਗਾ ਪਰ ਮੇਰੀ ਇਸੇ 'ਚ ਸੁਰੱਖਿਆ ਹੈ ਕਿਉਂਕਿ ਉਸ ਦੀ ਰਫ਼ਤਾਰ ਬਹੁਤ ਜ਼ਿਆਦਾ ਹੈ ਜਿਹੜੀ ਉਹਨੇ ਕਦੇ ਦਿਖਾਈ ਨਹੀਂ। ਕੋਈ ਚਿੰਤਾ ਨਹੀਂ ਕੀ ਹੁੰਦਾ ਹੈ, ਮੈਨੂੰ ਜ਼ਰੂਰ ਡਾਲਫਿਨ ਕੱਟਣੀ ਚਾਹੀਦੀ ਹੈ ਤਾਂ ਜੋ ਇਹ ਖ਼ਰਾਬ ਨਾ ਹੋਵੇ ਅਤੇ ਮੈਂ ਤਕੜੇ ਹੋਣ ਲਈ ਇਸ ਦਾ ਕੁਝ ਹਿੱਸਾ ਖਾ ਸਕਾਂ।

ਹੁਣ ਮੈਂ ਇਕ ਘੰਟਾ ਹੋਰ ਆਰਾਮ ਕਰਾਂ ਅਤੇ ਪਿਛਾੜੀ ਜਾ ਕੇ ਕੋਈ ਫ਼ੈਸਲਾ ਲੈਣ ਤੋਂ ਪਹਿਲਾਂ ਦੇਖਾਂਗਾ ਕਿ ਉਹ ਠੀਕ ਅਤੇ ਅਡੋਲ ਹੈ। ਇਸ ਸਮੇਂ ਦੌਰਾਨ ਮੈਂ ਦੇਖ ਸਕਦਾ ਹਾਂ ਕਿ ਉਹ ਕੀ ਕਰਦੀ ਹੈ ਅਤੇ ਕੀ ਪਰਿਵਰਤਨ ਦਿਖਾਉਂਦੀ ਹੈ। ਚੱਪੂ ਬੰਨ੍ਹਣਾ ਇਕ ਚੰਗੀ ਚਾਲ ਹੈ ਪਰ ਹੁਣ ਵਕਤ ਹੋ ਗਿਆ ਹੈ ਕਿ ਸੁਰੱਖਿਆ ਲਈ ਕੋਈ ਚਾਲ ਚੱਲੀ ਜਾਏ। ਆਖ਼ਰਕਾਰ ਉਹ ਮੱਛੀ ਹੈ ਅਤੇ ਮੈਨੂੰ ਪਤਾ ਹੈ ਕਿ ਕੁੰਡੀ ਅਜੇ ਵੀ ਉਹਦੇ ਮੂੰਹ ਦੇ ਕੋਨੇ ਵਿਚ ਹੈ ਅਤੇ ਉਹਨੇ ਮੂੰਹ ਪੂਰੀ ਤਰ੍ਹਾਂ ਪੀਚਿਆ ਹੋਇਆ ਹੈ।

ਕੁੰਡੀ ਦੀ ਸਜ਼ਾ ਕੋਈ ਸਜ਼ਾ ਨਹੀਂ ਹੈ! ਭੁੱਖ ਦੀ ਸਜ਼ਾ, ਨਾਲੇ ਇਹਦੀ ਵੀ ਕਿ ਉਸਦਾ ਮੁਕਾਬਲਾ ਕਿਸੇ ਅਜਿਹੀ ਚੀਜ਼ ਨਾਲ ਹੈ ਜਿਸ ਨੂੰ ਇਹ ਸਮਝਦਾ ਨਹੀਂ। ਹੁਣ ਆਰਾਮ ਕਰ ਬੁੱਢੇ ਆਦਮੀ ਅਤੇ ਉਹਨੂੰ ਕੰਮ ਕਰਨ ਦੇ ਜਦ ਤਕ ਤੇਰੇ ਅਗਲੇ ਕੰਮ ਦੀ ਵਾਰੀ ਨਹੀਂ ਆਉਂਦੀ।

ਉਹਨੇ ਦੋ ਘੰਟੇ, ਜਿਵੇਂ ਕਿ ਉਹ ਸੋਚਦਾ ਸੀ, ਤਕ ਆਰਾਮ ਕੀਤਾ। ਇੰਨੀ ਦੇਰ ਤਕ ਵੀ ਚੰਦਰਮਾ ਨਹੀਂ ਚੜ੍ਹਿਆ ਸੀ ਅਤੇ ਉਸ ਕੋਲ ਸਮੇਂ ਦਾ ਅੰਦਾਜ਼ਾ ਲਾਉਣ ਦਾ ਹੋਰ ਕੋਈ ਸਾਧਨ ਨਹੀਂ ਸੀ। ਉਹ ਅਸਲ ਵਿਚ ਆਰਾਮ ਕਰ ਵੀ ਨਹੀਂ ਰਿਹਾ ਸੀ ਬੇਸ਼ਕ ਮੁਕਾਬਲਤਨ ਵਧ ਆਰਾਮ ਕਰਦਾ ਕਿਹਾ ਜਾ ਸਕਦਾ ਸੀ। ਉਹ ਅਜੇ ਵੀ ਮੋਢਿਆਂ ਦੁਆਲੇ ਮੱਛੀ ਦੀ

ਖਿੱਚ ਸਹਿ ਰਿਹਾ ਸੀ ਪਰ ਉਹਨੇ ਖੱਬਾ ਹੱਥ ਕਿਸ਼ਤੀ ਦੇ ਮੱਥੇ 'ਤੇ ਰੱਖ ਦਿੱਤਾ ਅਤੇ ਬੇੜੀ ਨਾਲ ਮੱਛੀ ਦੇ ਪ੍ਰਤਿਰੋਧ ਬਾਰੇ ਵਧੇਰੇ ਹੀ ਵਧੇਰੇ ਸੋਚਣ ਲੱਗਾ।

ਕਿੰਨਾ ਸੌਖਾ ਹੋਵੇਗਾ ਜੇ ਮੈਂ ਡੋਰੀ ਬੰਨ੍ਹ ਦੇਵਾਂ—ਉਸਨੇ ਸੋਚਿਆ ਪਰ ਇਕ ਛੋਟੇ ਜਿਹੇ ਝਟਕੇ ਨਾਲ ਹੀ ਉਹ ਤੋੜ ਸਕਦੀ ਸੀ, ਮੈਨੂੰ ਡੋਰੀ ਦੇ ਖਿਚਾਅ ਲਈ ਆਪਣੇ ਸਰੀਰ ਦੀ ਢਾਲ ਦੇਣੀ ਪਵੇਗੀ ਅਤੇ ਕਦੇ ਕਦੇ ਦੋਵਾਂ ਹੱਥਾਂ ਨਾਲ ਵੀ ਡੋਰੀ ਛੱਡਣ ਲਈ ਤਿਆਰ ਰਹਿਣਾ ਪਵੇਗਾ।

''ਪਰ ਬੁੱਢੇ ਆਦਮੀ, ਤੂੰ ਅਜੇ ਸੁੱਤਾ ਨਹੀਂ !'' ਉਸ ਨੇ ਉੱਚੀ ਆਵਾਜ਼ 'ਚ ਕਿਹਾ, ''ਅੱਧਾ ਦਿਨ, ਇਕ ਰਾਤ ਅਤੇ ਇਕ ਹੋਰ ਦਿਨ ਬੀਤ ਗਿਆ ਹੈ ਅਤੇ ਤੂੰ ਨਹੀਂ ਸੁੱਤਾ। ਤੈਨੂੰ ਕੋਈ ਅਜਿਹਾ ਰਸਤਾ ਲੱਭਣਾ ਚਾਹੀਦਾ ਹੈ ਕਿ ਤੂੰ ਥੋੜਾ ਸੌਂ ਸਕੇਂ ਜੇ ਉਹ ਸ਼ਾਂਤ ਅਤੇ ਅਡੋਲ ਰਹਿੰਦੀ ਹੈ। ਜੇ ਤੂੰ ਨਾ ਸੁੱਤਾ ਤਾਂ ਤੇਰਾ ਸਿਰ ਬੌਂਦਲ ਜਾਵੇਗਾ।''

''ਮੇਰਾ ਦਿਮਾਗ਼ ਤਾਂ ਬਿਲਕੁਲ ਸਾਫ਼ ਏ।'' ਉਹਨੇ ਸੋਚਿਆ। ਬਿਲਕੁਲ ਸਪੱਸ਼ਟ, ਮੈਂ ਤਾਰਿਆਂ ਵਾਂਗ ਸਪੱਸ਼ਟ ਹਾਂ ਜਿਹੜੇ ਮੇਰੇ ਭਾਈ ਹਨ। ਫਿਰ ਵੀ ਮੈਨੂੰ ਸੌਣਾ ਚਾਹੀਦਾ ਏ। ਉਹ ਵੀ ਸੌਂਦੇ ਹਨ ਅਤੇ ਚੰਦਰਮਾ ਅਤੇ ਸੂਰਜ ਵੀ ਅਤੇ ਕਦੇ ਕਦੇ ਸਮੁੰਦਰ ਵੀ ਸੌਂ ਜਾਂਦਾ ਹੈ ਜਦ ਕੋਈ ਲਹਿਰਾਂ ਨਾ ਹੋਣ ਤੇ ਸਤ੍ਹਾ ਸ਼ਾਂਤ ਹੋਵੇ।

ਪਰ ਸੌਣ ਦੀ ਗੱਲ ਯਾਦ ਰੱਖ—ਉਹਨੇ ਸੋਚਿਆ। ਕੋਈ ਢੰਗ ਅਪਣਾ ਅਤੇ ਡੋਰੀਆਂ ਨੂੰ ਸੰਭਾਲਣ ਦਾ ਕੋਈ ਸੌਖਾ ਅਤੇ ਭਰੋਸੇਮੰਦ ਰਾਹ ਤਲਾਸ਼। ਹੁਣ ਪਿਛਾੜੀ ਜਾਹ ਅਤੇ ਡਾਲਫਿਨ ਨੂੰ ਤਿਆਰ ਕਰ। ਜੇ ਤੂੰ ਸੌਣਾ ਹੀ ਹੈ ਤਾਂ ਚਾਲ ਮੱਠੀ ਕਰਨ ਲਈ ਚੱਪੂ ਨਾਲ ਚਲਦੇ ਰਹਿਣਾ ਬਹੁਤ ਖ਼ਤਰਨਾਕ ਹੈ।

ਮੈਂ ਸੁੱਤੇ ਬਿਨਾਂ ਰਹਿ ਸਕਦਾ ਹਾਂ—ਉਸ ਨੇ ਕਿਹਾ, ਪਰ ਅਜਿਹਾ ਬਹੁਤ ਖ਼ਤਰਨਾਕ ਹੋਵੇਗਾ।

ਮੱਛੀ ਨੂੰ ਝਟਕੇ ਤੋਂ ਬਚਾਉਂਦੇ ਹੋਏ—ਉਹ ਆਪਣੇ ਹੱਥਾਂ ਅਤੇ ਗੋਡਿਆਂ ਨਾਲ ਕਿਸ਼ਤੀ ਦੇ ਪਿਛਾੜੀ ਜਾਣ ਲਈ ਤਿਆਰ ਹੋਇਆ। ਹੋ ਸਕਦਾ ਹੈ ਉਹ ਅਰਧ-ਨੀਂਦਰ ਦੀ ਅਵਸਥਾ 'ਚ ਹੋਵੇ—ਉਹਨੇ ਸੋਚਿਆ। ਪਰ ਮੈਂ ਨਹੀਂ ਚਾਹੁੰਦਾ ਕਿ ਉਹ ਆਰਾਮ ਕਰੇ। ਜਦ ਤਕ ਉਹ ਮਰ ਨਹੀਂ ਜਾਂਦੀ ਉਹਨੂੰ ਖਿੱਚਦੇ ਰਹਿਣਾ ਚਾਹੀਦਾ ਹੈ।

ਪਿਛਾੜੀ ਉਹ ਮੁੜਿਆ ਤਾਂ ਕਿ ਉਹਦਾ ਖੱਬਾ ਹੱਥ ਡੋਰੀ ਦਾ ਬੋਝ ਸੰਭਾਲ ਸਕੇ ਅਤੇ ਉਹਨੇ ਮਿਆਨ 'ਚੋਂ ਸੱਜੇ ਹੱਥ ਨਾਲ ਚਾਕੂ ਕੱਢਿਆ। ਤਾਰੇ ਹੁਣ ਚਮਕ ਰਹੇ ਸਨ ਅਤੇ ਉਹਨੇ ਡਾਲਫਿਨ ਨੂੰ ਸਪੱਸ਼ਟ ਤੌਰ 'ਤੇ ਦੇਖਿਆ। ਉਹਨੇ ਆਪਣੇ ਚਾਕੂ ਦੀ ਧਾਰ ਇਹਦੇ ਸਿਰ 'ਚ ਖਭੋਈ ਅਤੇ ਪਿਛਾੜੀ ਤੋਂ ਇਹਨੂੰ ਬਾਹਰ ਕੱਢਿਆ। ਉਹਨੇ ਇਕ ਪੈਰ ਮੱਛੀ 'ਤੇ ਰੱਖਿਆ ਅਤੇ ਚਾਕੂ ਨਾਲ ਉੱਪਰ ਤੋਂ ਥੱਲੇ ਜਬਾੜੇ ਤਕ ਇਹਨੂੰ ਚੀਰ ਦਿੱਤਾ ਤਦ ਉਹਨੇ ਚਾਕੂ ਥੱਲੇ ਰੱਖਿਆ ਅਤੇ ਸੱਜੇ ਹੱਥ ਨਾਲ ਇਸ ਨੂੰ ਚੀਰ ਸੁੱਟਿਆ। ਇਸਦੇ ਗਲਫੜੇ ਖਿੱਚਦੇ ਤੇ ਸਾਫ਼ ਕਰਦੇ ਹੋਏ ਉਸ ਨੇ ਇਸਦੇ ਟੁਕੜੇ ਕੀਤੇ। ਉਹਨੂੰ ਆਪਣੇ ਹੱਥ 'ਚ ਮਿਹਦਾ ਭਾਰੀ

ਅਤੇ ਤਿਲਕਵਾਂ ਲੱਗਿਆ ਅਤੇ ਉਹਨੇ ਇਸ ਨੂੰ ਖੋਲ੍ਹ ਦਿੱਤਾ। ਇਸ ਦੇ ਅੰਦਰ ਦੋ ਉੱਡਣਾ-ਮੱਛੀਆਂ ਸਨ। ਉਹ ਤਾਜ਼ੀਆਂ ਅਤੇ ਸਖ਼ਤ ਸਨ। ਉਹਨੇ ਇਹਨਾਂ ਨੂੰ ਨਾਲ-ਨਾਲ ਰੱਖ ਦਿੱਤਾ ਅਤੇ ਗਲਫੜੇ ਅਤੇ ਆਂਦਰਾਂ ਸਮੁੰਦਰ 'ਚ ਸੁੱਟ ਦਿੱਤੀਆਂ। ਪਾਣੀ 'ਚ ਚਮਕ ਦੀ ਧਾਰਾ ਬਣਾਉਂਦੀਆਂ ਇਹ ਡੁੱਬ ਗਈਆਂ। ਡਾਲਫਿਨ ਠੰਡੀ ਸੀ ਅਤੇ ਤਾਰਿਆਂ ਦੀ ਰੋਸ਼ਨੀ 'ਚ ਹੁਣ ਕੋਹੜੀ ਦੀ ਚਮੜੀ ਵਰਗੀ ਭੂਰੇ-ਸਫ਼ੈਦ ਰੰਗ ਦੀ ਲੱਗਦੀ ਸੀ। ਬੁੱਢੇ ਆਦਮੀ ਨੇ ਇਸਦੇ ਸਿਰ 'ਤੇ ਸੱਜਾ ਪੈਰ ਰੱਖ ਕੇ ਇਸ ਦੀ ਇਕ ਪਾਸਿਓਂ ਚਮੜੀ ਉਤਾਰੀ। ਫਿਰ ਉਸ ਨੇ ਇਹਨੂੰ ਮੋੜ ਕੇ ਦੂਜੇ ਪਾਸਿਓਂ ਦੀ ਚਮੜੀ ਉਤਾਰੀ ਅਤੇ ਹਰੇਕ ਪਾਸਾ ਸਿਰ ਤੋਂ ਪੂਛ ਤਕ ਕੱਟ ਦਿੱਤਾ।

ਇਸਦਾ ਪਿੰਜਰ ਉਹਨੇ ਪਾਣੀ 'ਚ ਵਗਾਹ ਮਾਰਿਆ ਅਤੇ ਦੇਖਣ ਲੱਗਾ ਕਿ ਕੀ ਇਹਦੇ ਨਾਲ ਪਾਣੀ 'ਚ ਕੋਈ ਘੁੰਮਣਘੇਰੀ ਬਣਦੀ ਹੈ ਪਰ ਇਸਦੇ ਹੌਲੀ-ਹੌਲੀ ਡੁੱਬਣ ਦਾ ਰੋਸ਼ਨੀ ਹੀ ਦਿਖਾਈ ਦਿੱਤੀ। ਉਹ ਮੁੜਿਆ ਅਤੇ ਮੱਛੀ ਦੇ ਦੋ ਟੁਕੜਿਆਂ ਅੰਦਰ ਦੋਵੇਂ ਉੱਡਣਾ-ਮੱਛੀਆਂ ਟਿਕਾ ਦਿੱਤੀਆਂ ਅਤੇ ਚਾਕੂ ਵਾਪਸ ਮਿਆਨ 'ਚ ਪਾ ਲਿਆ। ਵਾਪਸ ਉਹ ਕਿਸ਼ਤੀ ਦੇ ਮੱਥੇ ਵਲ ਪਰਤ ਆਇਆ। ਉਸਦੀ ਪਿੱਠ ਆਪਣੇ ਦੁਆਲੇ ਵਲੀ ਹੋਈ ਡੋਰੀ ਦੇ ਭਾਰ ਨਾਲ ਝੁਕੀ ਹੋਈ ਸੀ ਅਤੇ ਉਹਨੇ ਮੱਛੀ ਸੱਜੇ ਹੱਥ 'ਚ ਫੜੀ ਹੋਈ ਸੀ।

ਉਸਨੇ ਤਖ਼ਤੇ 'ਤੇ ਆ ਕੇ ਮੱਛੀ ਦੇ ਦੋਵੇਂ ਟੁਕੜੇ ਅਤੇ ਉੱਡਣਾ-ਮੱਛੀਆਂ ਨਾਲ ਨਾਲ ਰੱਖ ਦਿੱਤੀਆਂ। ਫਿਰ ਉਹਨੇ ਡੋਰੀ ਨੂੰ ਮੋਢਿਆਂ 'ਤੇ ਨਵੀਂ ਥਾਂ ਸਿਰ ਕੀਤਾ ਅਤੇ ਢੋਅ ਲਾਉਂਦੇ ਹੋਏ ਇਹਨੂੰ ਖੱਬੇ ਹੱਥ 'ਚ ਫੜ ਲਿਆ। ਫਿਰ ਉਹ ਪਾਸੇ ਨੂੰ ਝੁਕਿਆ ਅਤੇ ਉੱਡਣਾ-ਮੱਛੀ ਪਾਣੀ 'ਚ ਧੋਤੀ ਅਤੇ ਹੱਥ ਨਾਲ ਪਾਣੀ ਦੀ ਰਫ਼ਤਾਰ ਨੋਟ ਕੀਤੀ। ਮੱਛੀ ਦੀ ਚਮੜੀ ਉਤਾਰਨ ਕਾਰਨ ਉਹਦਾ ਹੱਥ ਚਮਕਣ ਲੱਗਾ ਸੀ। ਉਹਨੇ ਇਹਦੇ ਨਾਲ ਪਾਣੀ ਦੇ ਪ੍ਰਵਾਹ ਨੂੰ ਮਹਿਸੂਸ ਕੀਤਾ। ਪ੍ਰਵਾਹ ਦਾ ਜ਼ੋਰ ਪਾਟਿਆ ਹੋਇਆ ਸੀ ਅਤੇ ਜਦ ਉਹਨੇ ਹੱਥ ਨੂੰ ਕਿਸ਼ਤੀ ਦੇ ਫੱਟੇ ਨਾਲ ਰਗੜਿਆ ਤਾਂ ਫਾਸਫੋਰਸ ਦੇ ਕਣ ਲਹਿ ਗਏ ਅਤੇ ਪਿਛਾਂਹ ਨੂੰ ਹੌਲੀ-ਹੌਲੀ ਵਧਣ ਲੱਗੇ।

''ਉਹ ਥੱਕ ਗਈ ਹੈ ਜਾਂ ਆਰਾਮ ਕਰ ਰਹੀ ਹੈ।'' ਬੁੱਢੇ ਆਦਮੀ ਨੇ ਕਿਹਾ। ''ਹੁਣ ਮੈਨੂੰ ਇਹ ਡਾਲਫਿਨ ਖਾਣ ਦੇ ਅਤੇ ਥੋੜ੍ਹਾ ਆਰਾਮ ਤੇ ਨੀਂਦ ਲੈ ਲੈਣ ਦੇ।''

ਤਾਰਿਆਂ ਅਤੇ ਯਖ਼ ਰਾਤ ਹੇਠ ਉਸ ਨੇ ਡਾਲਫਿਨ ਦੇ ਟੁਕੜਿਆਂ 'ਚ ਅੱਧਾ ਅਤੇ ਇਕ ਉੱਡਣਾ ਮੱਛੀ ਜਿਹਦਾ ਸਿਰ ਕੱਟਿਆ ਹੋਇਆ ਸੀ, ਖਾਧੀ।

''ਪੱਕੀ ਪਕਾਈ ਡਾਲਫਿਨ ਖਾਣੀ ਕਿੰਨੀ ਸੁਆਦੀ ਲੱਗਦੀ ਹੈ।'' ਉਸ ਨੇ ਕਿਹਾ ''ਤੇ ਕੱਚੀ ਮੱਛੀ ਕਿੰਨੀ ਭੈੜੀ ਲੱਗਦੀ ਹੈ, ਅੱਗੇ ਤੋਂ ਮੈਂ ਕਦੇ ਨਮਕ ਜਾਂ ਨਿੰਬੂਆਂ ਬਿਨਾਂ ਕਿਸ਼ਤੀ ਨਹੀਂ ਚੜ੍ਹਨਾ।''

ਜੇ ਮੈਂ ਦਿਮਾਗ਼ ਤੋਂ ਕੰਮ ਲੈਂਦਾ ਤਾਂ ਸਾਰਾ ਦਿਨ ਕਿਸ਼ਤੀ ਦੇ ਤਖ਼ਤੇ 'ਤੇ ਪਾਣੀ ਸੁੱਟਦਾ ਰਹਿੰਦਾ। ਇਹਨੇ ਸੁੱਕ ਕੇ ਨਮਕ ਬਣ ਜਾਣਾ ਸੀ ਪਰ ਅਸਲ 'ਚ ਸੂਰਜ ਛਿਪਣ ਤਕ

ਡਾਲਫਿਨ ਵੀ ਤਾਂ ਹੱਥ ਨਹੀਂ ਲੱਗੀ ਸੀ। ਫਿਰ ਵੀ ਇਹ ਤਿਆਗ ਦੀ ਘਾਟ ਤਾਂ ਪ੍ਰਤੀਤ ਹੁੰਦੀ ਹੈ। ਪਰ ਮੈਂ ਇਹਨੂੰ ਚੰਗੀ ਤਰ੍ਹਾਂ ਚਿੱਥ ਕੇ ਖਾਧਾ ਏ ਤੇ ਮੈਨੂੰ ਕੈ ਨਹੀਂ ਆ ਰਹੀ।''

ਪੂਰਬ ਦਿਸ਼ਾ ਵਲ ਬੱਦਲ ਅਸਮਾਨ 'ਤੇ ਲਗਾਤਾਰ ਛਾ ਰਹੇ ਸਨ ਅਤੇ ਇਕ ਤੋਂ ਬਾਅਦ ਇਕ ਤਾਰੇ ਲੁਪਤ ਹੋ ਗਏ। ਇੰਝ ਲੱਗ ਰਿਹਾ ਸੀ ਜਿਵੇਂ ਉਹ ਬੱਦਲਾਂ 'ਤੇ ਵੱਡੀ ਘਾਟੀ ਵਿਚ ਦਾਖ਼ਲ ਹੋ ਰਿਹਾ ਹੋਵੇ। ਹਵਾ ਰੁਕ ਗਈ ਸੀ।

''ਤਿੰਨ ਜਾਂ ਚਾਰ ਦਿਨਾਂ ਬਾਅਦ ਮੌਸਮ ਖ਼ਰਾਬ ਹੋ ਜਾਏਗਾ।'' ਉਸ ਨੇ ਕਿਹਾ 'ਪਰ ਅੱਜ ਤੇ ਕੱਲ ਨਹੀਂ ਹੋ ਸਕਦਾ। ਬੁੱਢੇ ਆਦਮੀ, ਹੁਣ ਥੋੜ੍ਹੀ ਨੀਂਦ ਲੈਣ ਵਾਸਤੇ ਆਹਰ ਕਰ ਜਦ ਤਕ ਮੱਛੀ ਸ਼ਾਂਤ ਤੇ ਸਥਿਰ ਹੈ।''

ਉਸ ਨੇ ਡੋਰੀ ਸੱਜੇ ਹੱਥ 'ਚ ਕੱਸ ਕੇ ਫੜ ਲਈ ਅਤੇ ਫਿਰ ਸੱਜਾ ਪੱਟ ਸੱਜੇ ਹੱਥ ਵਲ ਧੱਕਿਆ ਅਤੇ ਸ਼ਾਮ ਬੋਝ ਤਖਤੇ ਦੀ ਲੱਕੜ ਨਾਲ ਲਗਾ ਦਿੱਤਾ। ਫਿਰ ਉਸਨੇ ਡੋਰੀ ਮੋਢਿਆਂ ਤੋਂ ਥੋੜ੍ਹਾ ਹੇਠਾਂ ਖਿਸਕਾ ਦਿੱਤੀ ਅਤੇ ਆਪਣਾ ਖੱਬਾ ਹੱਥ ਇਸ ਉੱਪਰ ਰੱਖ ਲਿਆ।

ਉਸਨੇ ਸੋਚਿਆ ਮੇਰਾ ਸੱਜਾ ਹੱਥ ਇਸ ਨੂੰ ਉਦੋਂ ਤਕ ਸੰਭਾਲ ਸਕਦਾ ਹੈ ਜਦ ਤਕ ਇਹ ਤਣੀ ਹੋਈ ਹੈ। ਜੇ ਇਹ ਨੀਂਦ 'ਚ ਢਿਲਾ ਪੈ ਗਿਆ ਤਾਂ ਖੱਬਾ ਹੱਥ ਡੋਰੀ ਛੱਡਦੇ ਹੀ ਮੈਨੂੰ ਉਠਾ ਦੇਵੇਗਾ। ਸੱਜੇ ਹੱਥ 'ਤੇ ਇਹ ਭਾਰੀ ਲੱਗਦੀ ਹੈ ਪਰ ਇਹ ਸਜ਼ਾ ਦਾ ਆਦੀ ਹੋ ਚੁੱਕਿਆ ਏ। ਜੇ ਮੈਂ ਵੀਹ ਮਿੰਟ ਜਾਂ ਅੱਧਾ ਕੁ ਘੰਟਾ ਵੀ ਸੌਂ ਲਵਾਂ ਤਾਂ ਵੀ ਠੀਕ ਹੈ। ਆਪਣੇ ਸਾਰੇ ਸਰੀਰ ਦੇ ਬੋਝ ਨੂੰ ਡੋਰੀ ਤੇ ਝੁਕਾਉਂਦੇ ਹੋਏ ਸ਼ਾਮ ਬੋਝ ਸੱਜੇ ਹੱਥ 'ਤੇ ਟਿਕਾ ਲਿਆ ਅਤੇ ਸੌਂ ਗਿਆ।

ਉਸਨੇ ਸ਼ੇਰਾਂ ਦੀ ਥਾਂ ਬੁੱਲਣ-ਮੱਛੀਆਂ ਦੇ ਝੁੰਡ ਦਾ ਸੁਪਨਾ ਵੇਖਿਆ ਜੋ 8 ਤੋਂ 10 ਮੀਲ ਤਕ ਫ਼ੈਲਿਆ ਹੋਇਆ ਸੀ। ਇਹ ਉਨ੍ਹਾਂ ਦੇ ਮਿਲਣ ਦਾ ਸਮਾਂ ਸੀ ਅਤੇ ਉਹ ਹਵਾ 'ਚ ਉੱਚਾ ਕੁੱਦ ਰਹੀਆਂ ਸਨ ਅਤੇ ਉਸੇ ਥਾਂ ਪਾਣੀ ਵਿਚ ਵਾਪਸ ਡੁਬਕੀ ਲਗਾ ਰਹੀਆਂ ਸਨ।

ਫਿਰ ਉਸਨੂੰ ਸੁਪਨਾ ਆਇਆ ਕਿ ਉਹ ਪਿੰਡ ਵਿਚ ਆਪਣੇ ਮੰਜੇ 'ਤੇ ਪਿਆ ਹੈ। ਉਹਨੂੰ ਠੰਡ ਲੱਗੀ ਹੋਈ ਹੈ ਉਸਦੀ ਸੱਜੀ ਬਾਂਹ ਸੁੱਤੀ ਹੋਈ ਹੈ ਕਿਉਂਕਿ ਉਹਦਾ ਸਿਰ ਸਰ੍ਹਾਣੇ ਦੀ ਥਾਂ ਇਸਦੇ ਉੱਪਰ ਟਿਕਿਆ ਹੋਇਆ ਹੈ।

ਇਸ ਪਿਛੋਂ ਉਹ ਇਕ ਲੰਮੇ ਪੀਲੇ ਤੱਟ ਬਾਰੇ ਸੁਪਨਾ ਲੈਣ ਲੱਗਾ। ਸੰਧਿਆ ਵੇਲੇ ਦੀ ਢਲ ਰਹੀ ਰੋਸ਼ਨੀ 'ਚ ਉਸਨੇ ਪਹਿਲਾਂ ਸ਼ੇਰ ਇਸ 'ਤੇ ਚਲਦੇ ਹੋਏ ਦੇਖਿਆ, ਫਿਰ ਬਾਕੀ ਸ਼ੇਰ ਵੀ ਆ ਗਏ ਅਤੇ ਉਹ ਆਪਣੀ ਠੋਡੀ ਤਖ਼ਤੇ ਦੀ ਲੱਕੜ 'ਤੇ ਟਿਕਾਈ ਆਰਾਮ ਕਰਦਾ ਰਿਹਾ ਜਿਥੇ ਕਿ ਜਹਾਜ਼ ਸ਼ਾਮ ਵੇਲੇ ਲੰਗਰ ਸੁੱਟੀ ਖੜਾ ਸੀ। ਉਸਨੇ ਇਹ ਦੇਖਣ ਲਈ ਉਡੀਕ ਕੀਤੀ ਕਿ ਕੀ ਹੋਰ ਸੇਰ ਵੀ ਹਨ। ਇਸ ਗੱਲ ਨੇ ਉਹਨੂੰ ਖ਼ੁਸ਼ ਕਰ ਦਿੱਤਾ।

ਚੰਦਰਮਾ ਕਾਫ਼ੀ ਦੇਰ ਦਾ ਚੜ੍ਹਿਆ ਹੋਇਆ ਸੀ ਪਰ ਉਹ ਸੁੱਤਾ ਰਿਹਾ ਅਤੇ ਮੱਛੀ ਅਡੋਲ ਚਲਦੀ ਰਹੀ ਅਤੇ ਕਿਸਤੀ ਬੱਦਲਾਂ ਦੀ ਸੁਰੰਗ 'ਚ ਦਾਖ਼ਲ ਹੋ ਗਈ।

ਇਕਦਮ ਸੱਜੀ ਮੁੱਠੀ ਚਿਹਰੇ 'ਤੇ ਆ ਵੱਜਣ ਨਾਲ ਉਹ ਉੱਠ ਪਿਆ ਅਤੇ ਡੋਰੀ ਉਹਦੇ ਸੱਜੇ ਹੱਥ 'ਚੋਂ ਨਿਕਲ ਗਈ। ਉਹਨੂੰ ਖੱਬੇ ਹੱਥ ਦਾ ਕੋਈ ਅਹਿਸਾਸ ਨਹੀਂ ਸੀ ਪਰ ਉਹਨੇ ਸੱਜੇ ਹੱਥ ਨਾਲ, ਜੋ ਕਰ ਸਕਦਾ ਸੀ, ਕੀਤਾ ਅਤੇ ਡੋਰੀ ਨਿਕਲਦੀ ਗਈ। ਅੰਤ ਵਿਚ ਖੱਬੇ ਹੱਥ ਨੇ ਡੋਰੀ ਫੜ ਲਈ ਅਤੇ ਉਹ ਪਿੱਛੇ ਵਲ ਝੁਕ ਗਿਆ। ਹੁਣ ਇਹ ਉਸਦੀ ਪਿੱਠ ਅਤੇ ਖੱਬੇ ਹੱਥ ਨੂੰ ਸਾੜ ਰਹੀ ਸੀ। ਉਹਦਾ ਖੱਬਾ ਹੱਥ ਸਾਰਾ ਦਬਾਓ ਅਤੇ ਪੀੜਾ ਸਹਿ ਰਿਹਾ ਸੀ। ਉਸਨੇ ਡੋਰੀ ਦੇ ਕੁੰਡਲ ਦੇਖੇ। ਉਹ ਠੀਕ-ਠਾਕ ਸਨ। ਤਦੇ ਮੱਛੀ ਨੇ ਸਾਗਰ 'ਚ ਤਰਥੱਲੀ ਪਾਉਂਦੇ ਹੋਏ ਛਲਾਂਗ ਲਗਾਈ ਅਤੇ ਭਾਰੀ ਡੁਬਕੀ ਨਾਲ ਵਿਚ ਧਸ ਗਈ। ਉਹ ਵਾਰ-ਵਾਰ ਕੁੱਦਣ ਲੱਗੀ ਅਤੇ ਕਿਸ਼ਤੀ ਤੇਜ਼ੀ ਨਾਲ ਘੁੰਮਣ ਲੱਗੀ ਭਾਵੇਂ ਕਿ ਡੋਰੀ ਅਜੇ ਵੀ ਤੇਜ਼ੀ ਨਾਲ ਵਧ ਰਹੀ ਸੀ ਅਤੇ ਬੁੱਢਾ ਆਦਮੀ ਅੰਤਲੇ ਸਿਰੇ ਤਕ ਦਬਾਓ ਨੂੰ ਵਧਾ ਰਿਹਾ ਸੀ। ਉਹ ਵਾਰ-ਵਾਰ ਆਪ ਤਖ਼ਤੇ ਵਲ ਸਖ਼ਤੀ ਨਾਲ ਖਿੱਚਿਆ ਗਿਆ ਸੀ। ਉਹਦਾ ਚਿਹਰਾ ਡਾਲਫਿਨ ਦੇ ਕੱਟੇ ਹੋਏ ਟੁਕੜੇ 'ਚ ਜਾ ਵੱਜਾ ਸੀ ਅਤੇ ਉਸ ਤੋਂ ਹਿੱਲਿਆ ਨਹੀਂ ਸੀ ਜਾ ਰਿਹਾ।

'ਇਸੇ ਦੀ ਤਾਂ ਸਾਨੂੰ ਉਡੀਕ ਸੀ'—ਉਸ ਨੇ ਸੋਚਿਆ, 'ਆਓ ਇਸ ਮੌਕੇ ਦਾ ਫਾਇਦਾ ਉਠਾਈਏ।'

ਉਸ ਨੂੰ ਡੋਰੀ ਖਿੱਚਣ ਦੀ ਕੀਮਤ ਚੁਕਾਉਣੀ ਹੋਵੇਗੀ—ਉਸ ਨੇ ਸੋਚਿਆ—ਉਸ ਨੂੰ ਇਸ ਦੀ ਕੀਮਤ ਚੁਕਾਉਣੀ ਹੋਵੇਗੀ।

ਉਹ ਮੱਛੀ ਦੀਆਂ ਛਾਲਾਂ ਨਹੀਂ ਦੇਖ ਸਕਿਆ ਪਰ ਸਿਰਫ਼ ਸਮੁੰਦਰ ਤੋਂ ਉਭਰਨ ਦੀ ਆਵਾਜ਼ ਅਤੇ ਡਿੱਗਣ ਸਮੇਂ ਭਾਰੀ ਛਲਕਾਹਟ ਸੁਣੀ। ਡੋਰੀ ਦੀ ਰਫ਼ਤਾਰ ਉਸ ਦੇ ਹੱਥਾਂ ਨੂੰ ਬੁਰੀ ਤਰ੍ਹਾਂ ਕੱਟ ਰਹੀ ਸੀ। ਪਰ ਉਹਨੂੰ ਸਦਾ ਅਜਿਹਾ ਵਾਪਰਨ ਦਾ ਇਲਮ ਰਿਹਾ ਸੀ। ਉਸਨੇ ਜ਼ਖ਼ਮੀ ਹਿੱਸਿਆਂ ਤੋਂ ਡੋਰੀ ਦੇ ਕੱਟਣ ਨੂੰ ਪਾਸੇ ਰੱਖਣ ਦਾ ਯਤਨ ਕੀਤਾ ਅਤੇ ਡੋਰੀ ਹਥੇਲੀ 'ਚੋਂ ਖਿਸਕਣ ਨਾ ਦਿੱਤੀ ਨਾ ਹੀ ਉਂਗਲਾਂ ਕੱਟਣ ਦਿੱਤੀਆਂ।

'ਜੇ ਮੁੰਡਾ ਇਥੇ ਹੁੰਦਾ ਤਾਂ ਡੋਰੀ ਦੇ ਕੁੰਡਲ ਭਿਉਂ ਦਿੰਦਾ।' ਉਸਨੇ ਸੋਚਿਆ। 'ਹਾਂ, ਜੇ ਮੁੰਡਾ ਇਥੇ ਹੁੰਦਾ। ਕਾਸ਼ ਮੁੰਡਾ ਇਥੇ ਹੁੰਦਾ।'

ਡੋਰੀ ਨਿਕਲਦੀ ਹੀ ਜਾ ਰਹੀ ਸੀ ਪਰ ਹੁਣ ਇਹ ਹੌਲੀ ਹੋਣ ਲੱਗੀ ਅਤੇ ਉਹ ਮੱਛੀ ਨੂੰ ਹਰ ਇੰਚ ਡੋਰੀ ਲਿਜਾਣ ਲਈ ਮਜਬੂਰ ਕਰ ਰਿਹਾ ਸੀ। ਹੁਣ ਉਸਨੇ ਆਪਣਾ ਸਿਰ ਤਖ਼ਤੇ ਤੋਂ ਚੁੱਕਿਆ ਅਤੇ ਡਾਲਫਿਨ ਦੇ ਟੁਕੜੇ 'ਚੋਂ ਕੱਢਿਆ ਜਿਹੜਾ ਉਸ ਦੀ ਗੱਲ੍ਹ ਨੇ ਦਬਾਅ ਦਿੱਤਾ ਸੀ। ਫਿਰ ਉਹ ਗੋਡੇ ਭਾਰ ਹੋਇਆ ਅਤੇ ਹੌਲੀ-ਹੌਲੀ ਪੈਰਾਂ 'ਤੇ ਖੜ੍ਹਾ ਹੋ ਗਿਆ। ਉਹ ਡੋਰੀ ਛੱਡ ਤਾਂ ਰਿਹਾ ਸੀ ਪਰ ਬਹੁਤ ਹੌਲੀ-ਹੌਲੀ। ਉਹਨੇ ਡੋਰੀ ਦੇ ਅਦਿੱਖ ਕੁੰਡਲਾਂ ਤੋਂ ਪੈਰਾਂ ਨਾਲ ਮਹਿਸੂਸ ਕਰਦੇ ਹੋਏ ਪਿਛਾਂਹ ਨੂੰ ਪਰਤਿਆ। ਅਜੇ ਵੀ ਬਥੇਰੀ ਡੋਰੀ ਪਈ ਸੀ ਅਤੇ ਨਵੀਂ ਛੱਡੀ ਗਈ ਡੋਰੀ ਦੀ ਸਾਰੀ ਰਗੜ ਮੱਛੀ ਨੂੰ ਪਾਣੀ ਵਿਚ ਸਹਿਣੀ ਪੈ ਰਹੀ ਸੀ।

'ਹਾਂ'-ਉਸ ਨੇ ਸੋਚਿਆ ਅਤੇ ਹੁਣ ਉਹ ਦਰਜਨਾਂ ਵਾਰ ਛਾਲ ਮਾਰ ਚੁੱਕੀ ਹੈ ਅਤੇ ਆਪਣੇ ਫੇਫੜੇ ਹਵਾ ਨਾਲ ਭਰ ਲਏ ਹਨ। ਉਹ ਇੰਨਾ ਡੂੰਘਾ ਮਰਨ ਲਈ ਨਹੀਂ ਜਾ ਸਕਦੀ ਜਿਥੋਂ ਮੈਂ ਉਸਨੂੰ ਕੱਢ ਨਾ ਸਕਾਂ। ਉਹ ਜਲਦੀ ਹੀ ਘੁੰਮਣਾ ਸ਼ੁਰੂ ਕਰੇਗੀ ਸੋ ਉਦੋਂ ਮੈਨੂੰ ਉਸਨੂੰ ਖਿੱਚਣਾ ਚਾਹੀਦਾ ਹੈ। ਹੈਰਾਨੀ ਹੈ ਕਿ ਇਕਦਮ ਏਦਾਂ ਕਿਵੇਂ ਹੋ ਗਈ ? ਕੀ ਇਹ ਭੁੱਖ ਸੀ ਜਿਸਨੇ ਉਸਨੂੰ ਬੇਹਾਲ ਕਰ ਦਿੱਤਾ ਸੀ ਜਾਂ ਉਹ ਰਾਤ ਵੇਲੇ ਕਿਸੇ ਚੀਜ਼ ਤੋਂ ਡਰ ਗਈ ਸੀ ? ਸ਼ਾਇਦ ਉਹ ਇਕਦਮ ਡਰ ਗਈ ਹੋਵੇ। ਪਰ ਉਹ ਤਾਂ ਬੜੀ ਸ਼ਾਂਤ ਅਤੇ ਤਕੜੀ ਮੱਛੀ ਹੈ ਅਤੇ ਬੇਡਰ ਅਤੇ ਆਤਮ-ਵਿਸ਼ਵਾਸੀ ਪ੍ਰਤੀਤ ਹੁੰਦੀ ਹੈ। ਇਹ ਅਜੀਬ ਗੱਲ ਹੈ।

''ਬੁੱਢੇ ਆਦਮੀ, ਚੰਗਾ ਹੈ ਜੇ ਤੂੰ ਵੀ ਨਿਡਰ ਅਤੇ ਆਤਮ-ਵਿਸ਼ਵਾਸੀ ਹੋ ਜਾਵੇਂ।'' ਉਸ ਨੇ ਕਿਹਾ ''ਤੂੰ ਫਿਰ ਉਸ ਨੂੰ ਫੜ ਰਿਹਾ ਏਂ ਪਰ ਤੂੰ ਡੋਰੀ ਨਹੀਂ ਛੱਡ ਸਕਦਾ, ਪਰ ਉਹ ਜਲਦੀ ਹੀ ਘੁੰਮੇਗੀ।''

ਬੁੱਢੇ ਆਦਮੀ ਨੇ ਖੱਬੇ ਹੱਥ ਅਤੇ ਮੋਢਿਆਂ ਨਾਲ ਡੋਰੀ ਫੜ ਲਈ ਅਤੇ ਝੁਕ ਗਿਆ। ਉਸਨੇ ਆਪਣੇ ਮੂੰਹ ਤੋਂ ਡਾਲਫਿਨ ਦਾ ਟੁੱਟਿਆ ਭੁੱਜਿਆ ਟੁਕੜਾ ਲਾਹੁਣ ਲਈ ਸੱਜੇ ਹੱਥ 'ਤੇ ਪਾਣੀ ਪਾਇਆ। ਉਹਨੂੰ ਡਰ ਸੀ ਕਿ ਇਹਦੇ ਨਾਲ ਉਲਟੀ ਆਏਗੀ। ਉਹ ਉਲਟੀ ਕਰ ਸਕਦਾ ਸੀ ਅਤੇ ਇਹਦੇ ਨਾਲ ਉਹਦੀ ਸ਼ਕਤੀ ਗੁਆ ਲਵੇਗਾ। ਜਦ ਉਹਦਾ ਚਿਹਰਾ ਸਾਫ਼ ਹੋ ਗਿਆ ਤਾਂ ਉਹਨੇ ਆਪਣਾ ਸੱਜਾ ਹੱਥ ਕਿਸ਼ਤੀ ਦੇ ਪਾਸਿਓਂ ਪਾਣੀ 'ਚ ਧੋਤਾ ਅਤੇ ਉਦੋਂ ਤਕ ਲੂਣੇ ਪਾਣੀ 'ਚ ਪਾਈ ਰੱਖਿਆ ਜਦ ਤਕ ਉਹਨੇ ਪ੍ਰਭਾਤ ਦੀ ਪਹਿਲੀ ਕਿਰਨ ਨਾ ਦੇਖ ਲਈ। ਉਹ ਲਗਪਗ ਪੂਰਬ ਵਲ ਜਾ ਰਿਹਾ ਸੀ—ਉਹਨੇ ਸੋਚਿਆ। ਇਹਦਾ ਮਤਲਬ ਸੀ ਕਿ ਉਹ ਭੁੱਖੀ ਸੀ ਅਤੇ ਪਰਵਾਹ ਦੇ ਨਾਲ-ਨਾਲ ਵਹਿ ਰਹੀ ਸੀ। ਜਲਦੀ ਉਹਨੂੰ ਘੁੰਮਣਾ ਹੋਵੇਗਾ। ਤਦੇ ਸਾਡਾ ਅਸਲੀ ਕੰਮ ਸ਼ੁਰੂ ਹੋਵੇਗਾ।

ਜਦ ਉਹਨੂੰ ਪਤਾ ਲੱਗਾ ਕਿ ਉਹਦਾ ਸੱਜਾ ਹੱਥ ਕਾਫ਼ੀ ਦੇਰ ਤੋਂ ਪਾਣੀ ਵਿਚ ਸੀ ਤਾਂ ਉਸਨੇ ਇਹਨੂੰ ਬਾਹਰ ਕੱਢ ਲਿਆ ਅਤੇ ਦੇਖਣ ਲੱਗਾ।

''ਇਹ ਮਾੜਾ ਨਹੀਂ ਹੈ।'' ਉਸ ਨੇ ਕਿਹਾ ''ਤੇ ਦਰਦ ਬੰਦੇ ਨੂੰ ਕੀ ਸਮਝਦਾ ਹੈ।''

ਉਸਨੇ ਧਿਆਨ ਨਾਲ ਡੋਰੀ ਫੜੀ ਤਾਂ ਕਿ ਇਹ ਤਾਜ਼ਾ ਜ਼ਖ਼ਮਾਂ 'ਤੇ ਨਾ ਟਿਕ ਜਾਵੇ ਅਤੇ ਸਾਰਾ ਬੋਝ ਪਾਸੇ ਕਰ ਦਿੱਤਾ ਤਾਂ ਕਿ ਉਹ ਖੱਬਾ ਹੱਥ ਕਿਸ਼ਤੀ ਦੇ ਦੂਜੇ ਪਾਸਿਓਂ ਪਾਣੀ 'ਚ ਪਾ ਸਕੇ।

''ਤੂੰ ਕਿਸੇ ਨਿਕੰਮੇ ਕੰਮ ਲਈ ਇੰਨਾ ਬੁਰਾ ਸਾਬਤ ਨਹੀਂ ਹੋਇਆ।'' ਉਸਨੇ ਆਪਣੇ ਖੱਬੇ ਹੱਥ ਨੂੰ ਕਿਹਾ। 'ਪਰ ਕੋਈ ਵੇਲਾ ਸੀ ਜਦ ਮੈਂ ਤੈਨੂੰ ਨਹੀਂ ਲੱਭ ਸਕਿਆ ਸੀ।''

ਮੈਂ ਦੋ ਚੰਗੇ ਹੱਥ ਲੈ ਕੇ ਕਿਉਂ ਨਾ ਜੰਮਿਆ ? ਉਸਨੇ ਸੋਚਿਆ। ਸ਼ਾਇਦ ਇਹ ਮੇਰੀ ਗ਼ਲਤੀ ਸੀ ਕਿ ਮੈਂ ਦੂਜੇ ਹੱਥ ਨੂੰ ਚੰਗੀ ਤਰ੍ਹਾਂ ਸਿਧਾਇਆ ਨਹੀਂ। ਪਰ ਰੱਬ ਜਾਣਦਾ ਹੈ ਉਸਨੂੰ ਸਿੱਖਣ ਦੇ ਬੜੇ ਮੌਕੇ ਮਿਲੇ ਸਨ। ਭਾਵੇਂ ਉਹ ਇਕ ਵਾਰ ਆਕੜ ਗਿਆ ਸੀ ਫਿਰ

ਵੀ। ਉਹ ਰਾਤ ਵੇਲੇ ਇੰਨਾ ਬੁਰਾ ਸਾਬਤ ਨਹੀਂ ਹੋਇਆ। ਜੇ ਉਹ ਦੁਬਾਰਾ ਆਕੜਿਆ ਤਾਂ ਫਿਰ ਭਾਵੇਂ ਡੋਰੀ ਇਹਨੂੰ ਡੋਰੀ ਕੱਟ ਸੁੱਟੇ।

ਜਦ ਉਹਨੂੰ ਪਤਾ ਲੱਗਾ ਕਿ ਉਹਦਾ ਦਿਮਾਗ਼ ਠੀਕ ਨਹੀਂ ਚੱਲ ਰਿਹਾ ਸੀ ਤਾਂ ਉਹਨੇ ਸੋਚਿਆ ਕਿ ਉਹਨੂੰ ਥੋੜ੍ਹੀ ਡਾਲਫਿਨ ਹੋਰ ਖਾ ਲੈਣੀ ਚਾਹੀਦੀ ਹੈ। ਪਰ ਮੈਂ ਨਹੀਂ ਖਾ ਸਕਦਾ—ਉਸਨੇ ਆਪਣੇ-ਆਪ ਨੂੰ ਕਿਹਾ। ਉਲਟੀ ਕਰਕੇ ਤਾਕਤ ਗਵਾਉਣ ਦੀ ਥਾਂ ਹਲਕੇ ਜਿਹੇ ਰਹਿਣਾ ਬਿਹਤਰ ਹੈ। ਜੇ ਮੈਂ ਇਹਨੂੰ ਖਾ ਲਿਆ ਤਾਂ ਮੈਨੂੰ ਇਸਨੂੰ ਪਚਾਅ ਨਹੀਂ ਸਕਦਾ। ਮੈਂ ਇਹਨੂੰ ਕਿਸੇ ਐਮਰਜੈਂਸੀ ਲਈ ਰੱਖਾਂਗਾ ਜਦ ਤਕ ਇਹ ਖ਼ਰਾਬ ਨਹੀਂ ਹੋ ਜਾਂਦੀ। ਪਰ ਹੁਣ ਪੌਸ਼ਟਿਕਤਾ ਰਾਹੀਂ ਤਾਕਤ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ 'ਚ ਬਹੁਤ ਦੇਰ ਹੋ ਚੁੱਕੀ ਹੈ। ਤੂੰ ਮੂਰਖ ਹੈ—ਉਸਨੇ ਆਪਣੇ ਆਪ ਨੂੰ ਕਿਹਾ, 'ਤੂੰ ਉਡਣੀ ਮੱਛੀ ਖਾਹ।'

ਇਹ ਸਾਫ਼ ਅਤੇ ਤਿਆਰ ਪਈ ਸੀ ਅਤੇ ਉਹਨੇ ਖੱਬੇ ਹੱਥ ਨਾਲ ਇਹਨੂੰ ਚੁੱਕ ਲਿਆ ਅਤੇ ਹੌਲੀ-ਹੌਲੀ ਇਸਦੀ ਹੱਡੀਆਂ ਚਿੱਥਦੇ ਹੋਏ ਇਹਨੂੰ ਉੱਪਰ ਤੋਂ ਪੂਛ ਤਕ ਖਾ ਲਿਆ। ਉਹਦੇ ਸਾਗਰ 'ਚ ਆਉਣ ਵੇਲੇ ਤੋਂ ਸੂਰਜ ਤੀਜੀ ਵਾਰ ਚੜ੍ਹ ਰਿਹਾ ਸੀ ਅਤੇ ਉਹਨੇ ਮੱਛੀ ਨੇ ਘੁੰਮਣਾ ਸ਼ੁਰੂ ਕੀਤਾ ਸੀ।

ਡੋਰੀ ਦੀ ਢਾਲ ਤੋਂ ਉਸਨੂੰ ਮੱਛੀ ਦੇ ਘੁੰਮਣ ਦਾ ਪਤਾ ਨਾ ਲੱਗਾ। ਇਸ ਕੰਮ ਲਈ ਅਜੇ ਦੇਰ ਸੀ। ਉਸਨੇ ਡੋਰੀ ਦਾ ਦਬਾਓ ਮੱਧਮ ਜਿਹਾ ਢਿਲਕਦਾ ਮਹਿਸੂਸ ਕੀਤਾ ਅਤੇ ਉਹਨੇ ਸੱਜੇ ਹੱਥ ਨਾਲ ਇਹਨੂੰ ਹੌਲੀ-ਹੌਲੀ ਖਿੱਚਣਾ ਸ਼ੁਰੂ ਕੀਤਾ। ਇਹ ਸਖ਼ਤ ਹੋ ਗਈ ਜਿਵੇਂ ਕਿ ਆਮ ਹੁੰਦਾ ਸੀ। ਪਰ ਜਿਵੇਂ ਹੀ ਉਸ ਉਸ ਬਿੰਦੂ 'ਤੇ ਪਹੁੰਚਿਆ ਜਿਥੇ ਸਦਾ ਇਹ ਟੁੱਟ ਸਕਦੀ ਸੀ ਤਾਂ ਡੋਰੀ ਅੰਦਰ ਆਉਣ ਲੱਗੀ। ਉਸ ਨੇ ਡੋਰੀ ਥੱਲਿਆ ਮੋਢੇ ਅਤੇ ਸਿਰ ਨੂੰ ਤਿਲਕਣ ਦਿੱਤਾ ਅਤੇ ਹੌਲੀ-ਹੌਲੀ ਡੋਰੀ ਨੂੰ ਅਡੋਲ ਖਿੱਚਣ ਲੱਗਾ। ਝੂਲੇ ਦੀ ਗਤੀ 'ਚ ਉਹਨੇ ਦੋਵਾਂ ਹੱਥਾਂ ਨਾਲ ਇਸਨੂੰ ਖਿੱਚਣਾ ਸ਼ੁਰੂ ਕੀਤਾ ਅਤੇ ਆਪਣੇ ਸਰੀਰ ਅਤੇ ਲੱਤਾਂ ਨਾਲ ਜਿੰਨੀ ਡੋਰੀ ਖਿੱਚ ਸਕਦੀ ਸੀ ਖਿੱਚ ਲਈ। ਉਸਦੀਆਂ ਬੁੱਢੀਆਂ ਲੱਤਾਂ ਅਤੇ ਮੋਢੇ ਖਿੱਚਣ ਦੀ ਹੁਲਾਰੇ ਨਾਲ ਦਰਦ ਕਰਨ ਲੱਗੇ।

ਇਹ ਬੜਾ ਵੱਡਾ ਚੱਕਰ ਹੈ।'' ਉਸ ਨੇ ਕਿਹਾ, ''ਪਰ ਉਹ ਘੁੰਮ ਰਹੀ ਹੈ।''

ਫਿਰ ਡੋਰੀ ਆਉਣੀ ਬੰਦ ਹੋ ਗਈ ਅਤੇ ਉਸਨੇ ਇਹਨੂੰ ਉਦੋਂ ਤਕ ਫੜੀ ਰੱਖਿਆ ਜਦ ਤੁਪਕੇ ਧੁੱਪ ਵਿਚ ਟਪਕਣ ਲੱਗੇ। ਫਿਰ ਇਹ ਘੁੰਮਣ ਲੱਗੀ ਅਤੇ ਬੁੱਢਾ ਆਦਮੀ ਗੋਡਿਆਂ ਭਾਰ ਝੁਕ ਗਿਆ ਅਤੇ ਇਸਨੂੰ ਵਾਪਸ ਗਹਿਰੇ ਪਾਣੀ ਵਿਚ ਜਾਣ ਦਿੱਤਾ।

''ਹੁਣ ਉਹ ਚੱਕਰ ਤੋਂ ਦੁਰੇਡੇ ਜਾ ਰਹੀ ਹੈ।'' ਉਸ ਨੇ ਕਿਹਾ—''ਮੈਂ ਜਿੰਨੀ ਕੁ ਡੋਰੀ ਫੜੀ ਰੱਖ ਸਕਦਾ ਹਾਂ ਜ਼ਰੂਰ ਫੜਾਂਗਾ। ਦਬਾਉ ਉਸ ਦੇ ਚੱਕਰ ਨੂੰ ਹਰ ਵਾਰੀ ਛੋਟਾ ਕਰ ਦੇਵੇਗਾ। ਹੁਣ ਮੈਨੂੰ ਚਾਹੀਦਾ ਹੈ ਕਿ ਉਹਨੂੰ ਅਹਿਸਾਸ ਕਰਾ ਦਿਆਂ ਤੇ ਫਿਰ ਉਹਨੂੰ ਮਾਰ ਦਿਆਂ।''

ਪਰ ਮੱਛੀ ਹੌਲੀ-ਹੌਲੀ ਘੁੰਮਦੀ ਰਹੀ ਅਤੇ ਬੁੱਢਾ ਆਦਮੀ ਪਸੀਨੇ ਨਾਲ ਭਿੱਜ ਗਿਆ ਅਤੇ ਦੋ ਘੰਟੇ ਬਾਅਦ ਉਹਦੀਆਂ ਹੱਡੀਆਂ ਬੁਰੀ ਤਰ੍ਹਾਂ ਦੁਖਣ ਲੱਗੀਆਂ। ਪਰ ਹੁਣ ਚੱਕਰ

ਬਹੁਤ ਛੋਟੇ ਹੋ ਗਏ ਸਨ ਅਤੇ ਡੋਰੀ ਦੀ ਚਾਲ ਤੋਂ ਪਤਾ ਲੱਗਦਾ ਸੀ ਕਿ ਮੱਛੀ ਆਪਣੇ ਤੈਰਨ ਦੀ ਥਾਂ ਤੋਂ ਇਕਸਾਰ ਉੱਪਰ ਵਧ ਆਈ ਸੀ।

ਘੰਟੇ ਤੋਂ ਬੁੱਢਾ ਆਦਮੀ ਅੱਖਾਂ ਅੱਗੇ ਕਾਲੇ ਧੱਬੇ ਦੇਖ ਰਿਹਾ ਸੀ ਅਤੇ ਪਸੀਨੇ ਨੇ ਉਹਦੀਆਂ ਅੱਖਾਂ ਅਤੇ ਮੱਥੇ ਉਪਰਲੇ ਜ਼ਖ਼ਮਾਂ ਨੂੰ ਲੂਣਾ ਕਰ ਦਿੱਤਾ ਸੀ। ਉਹ ਕਾਲੇ ਧੱਬਿਆਂ ਤੋਂ ਨਹੀਂ ਡਰਦਾ ਸੀ ਜਿਹੜੇ ਤਨਾਅ 'ਚ ਉਹ ਡੋਰੀ ਖਿੱਚ ਰਿਹਾ ਸੀ ਉਸ ਵਿਚ ਇਨ੍ਹਾਂ ਦਾ ਆਉਣਾ ਆਮ ਗੱਲ ਸੀ। ਭਾਵੇਂ ਦੋ ਵਾਰ ਉਹਨੇ ਬੇਹੋਸ਼ੀ ਅਤੇ ਉਨੀਂਦਰਾ ਮਹਿਸੂਸ ਕੀਤਾ ਜਿਸਨੇ ਉਹਨੂੰ ਚਿੰਤਤ ਕਰ ਦਿੱਤਾ ਸੀ।

''ਮੈਂ ਆਪਣੇ ਆਪ ਨੂੰ ਅਸਫਲ ਨਹੀਂ ਕਰ ਸਕਦਾ ਅਤੇ ਇਹੋ ਜਿਹੀ ਮੱਛੀ ਲਈ ਨਹੀਂ ਮਰ ਸਕਦਾ।'' ਉਸਨੇ ਕਿਹਾ, ''ਹੁਣ ਜਦੋਂ ਕਿ ਮੈਂ ਇਸਨੂੰ ਇੰਨੀ ਸੁਚੱਜੀ ਤਰ੍ਹਾਂ ਉਪਰ ਲੈ ਆਂਦਾ ਹੈ ਤਾਂ ਰੱਬਾ ਮੇਰੀ ਸਹਾਇਤਾ ਕਰ !'' ਮੈਂ ਸੌ ਵਾਰ ਪਵਿੱਤਰ ਪ੍ਰਮੇਸ਼ਵਰ ਅਤੇ ਮਰੀਅਮ ਅੱਗੇ ਪ੍ਰਾਰਥਨਾ ਕਰਾਂਗਾ ਪਰ ਹੁਣ ਇਹ ਮੈਥੋਂ ਨਹੀਂ ਹੋ ਸਕਣੀ।''

ਉਸੇ ਵੇਲੇ ਉਸ ਨੇ ਅਚਾਨਕ ਦੋਵੇਂ ਹੱਥਾਂ 'ਚ ਫੜੀ ਡੋਰੀ 'ਤੇ ਝਟਕੇ ਦੀ ਜ਼ੋਰਦਾਰ ਆਵਾਜ਼ ਸੁਣੀ। ਇਹ ਬੜੀ ਤਿੱਖੀ, ਸਖ਼ਤ ਅਤੇ ਭਾਰੀ ਸੀ।

ਉਹ ਆਪਣੇ ਦੰਦਾਂ ਨਾਲ ਕੁੰਡੀਆਂ ਦੀ ਡਾਟ ਨੂੰ ਮਾਰ ਰਹੀ ਹੈ–ਉਹਨੇ ਸੋਚਿਆ। ਇਹ ਤਾਂ ਹੋਣੀ ਹੀ ਸੀ। ਉਹਨੂੰ ਅਜਿਹਾ ਕਰਨਾ ਹੀ ਪੈਣਾ ਸੀ। ਸ਼ਾਇਦ ਇਸ ਨਾਲ ਉਹਨੂੰ ਉਛਲਣ ਲਈ ਮਜਬੂਰ ਹੋਣਾ ਪਵੇ ਅਤੇ ਮੈਂ ਸ਼ਾਇਦ ਫਿਰ ਤੋਂ ਕਿਸ਼ਤੀ ਸਮੇਤ ਘੁੰਮਦਾ ਰਹਾਂ। ਹਵਾ ਲੈਣ ਲਈ ਜ਼ਰੂਰੀ ਹੈ ਕਿ ਉਹ ਉਥਲੇ। ਪਰ ਉਸ ਤੋਂ ਬਾਅਦ ਹਰੇਕ ਛਾਲ ਨਾਲ ਕੁੰਡੀ ਦੀ ਮੋਰੀ ਚੌੜੀ ਹੋ ਜਾਏਗੀ ਅਤੇ ਉਹ ਕੁੰਡੀ ਨੂੰ ਵਗਾਹ ਮਾਰੇਗੀ।

''ਨਾ ਉੱਛਲ ਮਛਲੀਏ !'' ਉਸ ਨੇ ਕਿਹਾ ''ਨਾ ਉੱਛਲ !''

ਮੱਛੀ ਨੇ ਕਈ ਦਫ਼ਾ ਵਾਰ ਕੀਤਾ ਅਤੇ ਜਿੰਨੀ ਵਾਰ ਉਸ ਨੇ ਸਿਰ ਹਿਲਾਇਆ, ਬੁੱਢੇ ਆਦਮੀ ਥੋੜ੍ਹੀ-ਥੋੜ੍ਹੀ ਡੋਰੀ ਛੱਡਦਾ ਰਿਹਾ।

ਮੈਨੂੰ ਉਸਦਾ ਦਰਦ ਜਿੱਥੇ ਹੈ ਉਥੇ ਹੀ ਰੱਖਣਾ ਪਵੇਗਾ–ਉਸਨੇ ਸੋਚਿਆ। ਮੇਰੇ ਦਰਦ ਦੀ ਕੋਈ ਗੱਲ ਨਹੀਂ। ਮੈਂ ਆਪਣਾ ਦਰਦ ਸਹਿ ਸਕਦਾ ਹਾਂ ਪਰ ਉਸਦਾ ਦਰਦ ਉਹਨੂੰ ਪਾਗਲ ਕਰ ਦੇਵੇਗਾ। ਥੋੜ੍ਹੀ ਦੇਰ ਬਾਅਦ ਮੱਛੀ ਨੇ ਤਾਰ 'ਤੇ ਵਾਰ ਕਰਨਾ ਬੰਦ ਕਰ ਦਿੱਤਾ ਅਤੇ ਫਿਰ ਹੌਲੀ-ਹੌਲੀ ਘੁੰਮਣ ਲੱਗੀ। ਬੁੱਢਾ ਆਦਮੀ ਹੁਣ ਡੋਰੀ ਨੂੰ ਅਡੋਲ ਖਿੱਚ ਰਿਹਾ ਸੀ। ਪਰ ਉਸਨੇ ਫਿਰ ਬੇਹੋਸ਼ੀ ਛਾਉਂਦੀ ਮਹਿਸੂਸ ਕੀਤੀ। ਉਹਨੇ ਖੱਬੇ ਹੱਥ ਨਾਲ ਥੋੜ੍ਹਾ ਜਿਹਾ ਪਾਣੀ ਚੁੱਕਿਆ ਅਤੇ ਆਪਣੇ 'ਤੇ ਮਾਰਿਆ। ਫਿਰ ਥੋੜ੍ਹੇ ਹੋਰ ਪਾਣੀ ਨਾਲ ਉਹਨੇ ਗਰਦਨ ਦਾ ਪਿਛਲਾ ਹਿੱਸਾ ਰਗੜਿਆ।

''ਮੈਨੂੰ ਕੋਈ ਕੁੜੱਲ ਨਹੀਂ ਪਏ।'' ਉਸਨੇ ਕਿਹਾ, ''ਉਹ ਜਲਦੀ ਹੀ ਉੱਪਰ ਆਏਗੀ ਤੇ ਮੈਂ ਠੀਕ ਰਹਿ ਸਕਦਾ ਹਾਂ। ਤੈਨੂੰ ਠੀਕ ਰਹਿਣਾ ਹੀ ਪੈਣਾ ਹੈ। ਇਹਦੇ ਬਾਰੇ ਤਾਂ ਗੱਲ ਹੀ ਨਾ ਕਰ।''

ਉਹ ਤਖ਼ਤੇ ਵੱਲ ਗੋਡਿਆਂ ਭਾਰ ਝੁਕ ਗਿਆ ਅਤੇ ਇਕ ਪਲ ਲਈ ਡੋਰੀ ਆਪਣੀ ਪਿੱਠ ਤੋਂ ਥੱਲੇ ਤਿਲਕਣ ਦਿੱਤੀ। ਜਦ ਤਕ ਉਹ ਘੁੰਮ ਸਕਦੀ ਹੈ, ਮੈਂ ਆਰਾਮ ਕਰਾਂਗਾ ਅਤੇ ਫਿਰ ਖੜ੍ਹਾ ਹੋਵਾਂਗਾ ਅਤੇ ਉਹਦੇ ਵਾਪਸ ਆਉਣ ਤਕ ਖਿੱਚਾਂਗਾ—ਉਹਨੇ ਫ਼ੈਸਲਾ ਕੀਤਾ।

ਤਖ਼ਤੇ ਨਾਲ ਲੱਗ ਕੇ ਆਰਾਮ ਕਰਨਾ ਉਸਦੀ ਵੱਡੀ ਲਾਲਸਾ ਸੀ। ਇਸ ਲਈ ਉਸਨੇ ਬਿਨਾਂ ਡੋਰੀ ਖਿੱਚੇ ਮੱਛੀ ਨੂੰ ਇਕ ਚੱਕਰ ਕੱਢਣ ਦੇ ਦਿੱਤਾ। ਪਰ ਜਦ ਵਧ ਰਹੇ ਦਬਾਓ ਤੋਂ ਪਤਾ ਲੱਗਾ ਕਿ ਮੱਛੀ ਕਿਸ਼ਤੀ ਵਲ ਆ ਰਹੀ ਹੈ ਤਾਂ ਬੁੱਢਾ ਆਦਮੀ ਪੈਰਾਂ 'ਤੇ ਖੜਾ ਹੋ ਗਿਆ ਅਤੇ ਦੋਵੇਂ ਹੱਥਾਂ ਨਾਲ ਪੂਰੀ ਤਾਕਤ ਲਾ ਕੇ ਡੋਰੀ ਨੂੰ ਖਿੱਚਣ ਲੱਗਾ।

'ਮੈਂ ਪਹਿਲਾਂ ਕਦੇ ਏਨਾ ਨਹੀਂ ਥੱਕਿਆ'—ਉਸਨੇ ਸੋਚਿਆ। ਤੇ ਹੁਣ ਵਪਾਰਕ ਪੌਣ ਚੱਲ ਰਹੀ ਸੀ। ਪਰ ਇਹ ਪੌਣ ਉਹਨੂੰ ਖਿੱਚਣ ਵਿਚ ਸਹਾਈ ਹੋਏਗੀ। ਮੈਨੂੰ ਤਾਂ ਇਸਦੀ ਡਾਢੀ ਲੋੜ ਹੈ।

"ਮੈਂ ਫੇਰ ਆਰਾਮ ਕਰਾਂਗਾ ਜਦ ਇਹ ਚੱਕਰ ਕੱਢਣ ਜਾਏਗੀ।" ਉਸਨੇ ਕਿਹਾ—"ਮੈਂ ਬਿਹਤਰ ਮਹਿਸੂਸ ਕਰ ਰਿਹਾ ਹਾਂ। ਦੋ ਜਾਂ ਤਿੰਨ ਗੇੜਿਆਂ ਬਾਅਦ ਮੈਂ ਉਹਨੂੰ ਕਾਬੂ ਕਰ ਲਵਾਂਗਾ।"

ਉਸਦਾ ਲੰਬਾ ਹੈਟ ਉਹਦੇ ਸਿਰ ਦੇ ਪਿਛਲੇ ਪਾਸੇ ਟਿਕਿਆ ਪਿਆ ਸੀ। ਜਦ ਉਹਨੇ ਮੱਛੀ ਨੂੰ ਮੁੜਦੇ ਮਹਿਸੂਸ ਕੀਤਾ ਤਾਂ ਉਹ ਡੋਰੀ ਦੀ ਖਿੱਚ ਨਾਲ ਤਖ਼ਤੇ ਦੇ ਅੰਦਰ ਤਕ ਧੱਸ ਗਿਆ।

'ਮੱਛੀਏ, ਹੁਣ ਤੂੰ ਜ਼ੋਰ ਲਾ।', ਉਸ ਨੇ ਸੋਚਿਆ—ਮੈਂ ਤੇਰਾ ਚੱਕਰ ਪੂਰਾ ਹੋਣ 'ਤੇ ਤੈਨੂੰ ਫੜ ਲੈਣਾ ਹੈ।'

ਸਮੁੰਦਰ 'ਚ ਕਾਫ਼ੀ ਉਛਾਲ ਸੀ। ਪਰ ਹਵਾ ਚੰਗੇ ਮੌਸਮ ਵਾਲੀ ਸੀ ਤੇ ਘਰ ਪਹੁੰਚਣ ਲਈ ਇਹਦੀ ਲੋੜ ਸੀ।

"ਮੈਂ ਸਿੱਧਾ ਦੱਖਣ ਅਤੇ ਪੱਛਮ ਵਲ ਜਾਵਾਂਗਾ।" ਉਸ ਨੇ ਕਿਹਾ, "ਬੰਦਾ ਸਮੁੰਦਰ 'ਚ ਕਦੇ ਨਹੀਂ ਗੁਆਚਦਾ ਅਤੇ ਇਹ ਟਾਪੂ ਬਥੇਰਾ ਲੰਬਾ ਹੈ।"

ਤੀਜੇ ਗੇੜੇ 'ਚ ਉਸ ਨੇ ਮੱਛੀ ਨੂੰ ਪਹਿਲੋਂ ਹੀ ਦੇਖ ਲਿਆ।

ਉਸ ਨੇ ਇਹਨੂੰ ਗਹਿਰੀ ਪਰਛਾਈ ਵਰਗੀ ਦੇਖਿਆ ਜਿਸਨੇ ਉਹਦੀ ਕਿਸ਼ਤੀ ਥਲਿਓਂ ਲੰਘਣ ਲਈ ਕਾਫ਼ੀ ਦੇਰ ਲਾ ਦਿੱਤੀ। ਉਹ ਇਹਦੀ ਲੰਬਾਈ 'ਤੇ ਯਕੀਨ ਨਾ ਕਰ ਸਕਿਆ।

"ਨਹੀਂ।", ਉਸ ਨੇ ਕਿਹਾ। ਉਹ ਇੰਨੀ ਵੱਡੀ ਨਹੀਂ ਹੋ ਸਕਦੀ ਪਰ ਉਹ ਇੰਨੀ ਵੱਡੀ ਹੀ ਸੀ। ਚੱਕਰ ਖਤਮ ਹੋਣ 'ਤੇ ਉਹ ਤੀਹ ਗਜ਼ ਦੀ ਦੂਰੀ 'ਤੇ ਹੀ ਸਤ੍ਹਾ 'ਤੇ ਆ ਗਈ ਅਤੇ ਬੁੱਢੇ ਆਦਮੀ ਨੇ ਉਹਦੀ ਪੂਛ ਪਾਣੀ 'ਚੋਂ ਬਾਹਰ ਨਿਕਲੀ ਦੇਖੀ। ਇਹ ਦਾਤੀ ਦੇ ਬਲੇਡ ਨਾਲੋਂ ਵੀ ਉੱਚੀ ਸੀ ਅਤੇ ਗਹਿਰੇ ਨੀਲੇ ਪਾਣੀ 'ਚ ਪੀਲੀ ਤਾਅ ਮਾਰ ਰਹੀ ਸੀ।

ਇਹ ਵਾਪਸ ਪਰਤੀ ਅਤੇ ਜਿਵੇਂ ਹੀ ਮੱਛੀ ਸਤ੍ਹਾ ਦੇ ਥੱਲੇ ਤੈਰਨ ਲੱਗੀ ਤਾਂ ਬੁੱਢਾ ਆਦਮੀ ਉਹਦਾ ਵਿਸ਼ਾਲ ਸਰੀਰ ਅਤੇ ਬੈਂਗਣੀ ਧਾਰੀਆਂ ਦੇਖ ਸਕਦਾ ਸੀ। ਉਹਦਾ ਪਿੱਠ-ਖੰਭੜਾ ਹੇਠਾਂ ਝੁਕਿਆ ਹੋਇਆ ਸੀ ਅਤੇ ਗਲਫੜੇ ਚੌੜੇ ਫ਼ੈਲੇ ਹੋਏ ਸਨ। ਇਸ ਚੱਕਰ ਵੇਲੇ ਬੁੱਢੇ ਆਦਮੀ ਨੇ ਮੱਛੀ ਦੀ ਅੱਖ ਅਤੇ ਉਸ ਦੁਆਲੇ ਤੈਰਦੀਆਂ ਦੋ ਸਲੇਟੀ ਚੁੰਘਣੀਆਂ ਮੱਛੀਆਂ ਦੇਖੀਆਂ। ਕਈ ਵਾਰ ਉਹ ਇਹਦੇ ਨਾਲ ਜੁੜ ਹੀ ਜਾਂਦੀਆਂ। ਕਈ ਵਾਰ ਦੂਰ ਚਲੀਆਂ ਜਾਂਦੀਆਂ। ਕਈ ਵਾਰ ਉਹਦੇ ਪਰਛਾਵੇਂ 'ਚ ਆਰਾਮ ਨਾਲ ਤੈਰਦੀਆਂ ਰਹਿੰਦੀਆਂ। ਹਰੇਕ ਤਿੰਨ ਫੁੱਟ ਲੰਬੀ ਸੀ ਅਤੇ ਜਦ ਤੇਜ਼ੀ ਨਾਲ ਤੈਰਦੀਆਂ ਤਾਂ ਆਪਣਾ ਸਾਰਾ ਸਰੀਰ ਬਾਮ੍ਹਣੀ ਵਾਂਗ ਮਾਰਦੀਆਂ।

ਸੰਘਰਸ਼ ਤੋਂ ਇਲਾਵਾ ਹੋਰ ਕਾਰਨਾਂ ਕਰਕੇ ਵੀ ਬੁੱਢਾ ਆਦਮੀ ਮੁੜ੍ਹਕੋ-ਮੁੜ੍ਹਕੀ ਹੋ ਰਿਹਾ ਸੀ। ਮੱਛੀ ਦੇ ਹਰੇਕ ਸ਼ਾਂਤ ਠਰੰਮੇ ਭਰੇ ਮੋੜ 'ਤੇ ਉਹ ਡੋਰੀ ਖਿੱਚ ਰਿਹਾ ਸੀ ਅਤੇ ਉਹਨੂੰ ਯਕੀਨ ਸੀ ਕਿ ਹੋਰ ਦੋ ਫੇਰਿਆਂ ਵਿਚ ਉਹਨੂੰ ਇਹਦੇ ਵਿਚ ਬਰਛਾ ਖੋਭਣ ਦਾ ਮੌਕਾ ਮਿਲ ਜਾਏਗਾ।

''ਪਰ ਮੈਨੂੰ ਉਹਨੂੰ ਹੋਰ ਨੇੜੇ ਲਿਆਉਣਾ ਹੋਵੇਗਾ ਨੇੜੇ, ਹੋਰ ਨੇੜੇ'' ਉਸਨੇ ਸੋਚਿਆ। ਮੈਨੂੰ ਸਿਰ 'ਤੇ ਹਮਲਾ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਮੈਨੂੰ ਦਿਲ 'ਤੇ ਹਮਲਾ ਬੋਲਣਾ ਚਾਹੀਦਾ ਹੈ।

''ਧੀਰਜ ਰੱਖ ਅਤੇ ਤਕੜਾ ਹੋ ਜਾ, ਬੁੱਢੇ ਆਦਮੀ !'' ਉਸ ਨੇ ਕਿਹਾ। ਅਗਲੇ ਚੱਕਰ ਵਿਚ ਮੱਛੀ ਦੀ ਪਿੱਠ ਬਾਹਰ ਹੋ ਗਈ ਸੀ ਪਰ ਉਹ ਅਜੇ ਵੀ ਕਿਸ਼ਤੀ ਤੋਂ ਥੋੜ੍ਹਾ ਦੂਰ ਸੀ। ਅਗਲੇ ਚੱਕਰ ਵਿਚ ਵੀ ਉਹ ਅਜੇ ਦੂਰ ਸੀ ਪਰ ਉਹ ਪਾਣੀ ਤੋਂ ਥੋੜ੍ਹੀ ਜ਼ਰੂਰ ਉੱਚੀ ਉੱਠ ਆਈ ਸੀ। ਬੁੱਢੇ ਆਦਮੀ ਨੂੰ ਯਕੀਨ ਸੀ ਕਿ ਹੋਰ ਡੋਰੀ ਖਿੱਚ ਕੇ ਉਹ ਮੱਛੀ ਨੂੰ ਨਾਲ ਖਿੱਚ ਸਕੇਗਾ।

ਉਸਨੇ ਆਪਣਾ ਭਾਲਾ ਕਾਫ਼ੀ ਚਿਰ ਦਾ ਸੰਭਾਲਿਆ ਹੋਇਆ ਸੀ ਅਤੇ ਹਲਕੇ ਰੱਸੇ ਦਾ ਗੋਲਾ ਟੋਕਰੀ ਵਿਚ ਪਿਆ ਸੀ ਅਤੇ ਇਹਦਾ ਸਿਰਾ ਤਖ਼ਤੇ ਦੇ ਵਾਧਰੇ ਨਾਲ ਬੰਨ੍ਹਿਆ ਹੋਇਆ ਸੀ।

ਮੱਛੀ ਹੁਣ ਸ਼ਾਂਤ ਅਤੇ ਖ਼ੂਬਸੂਰਤੀ ਨਾਲ ਆਪਣੇ ਚੱਕਰ 'ਚ ਆ ਰਹੀ ਸੀ ਅਤੇ ਸਿਰਫ਼ ਉਹਦੀ ਵੱਡੀ ਪੂਛ ਹਿੱਲ ਰਹੀ ਸੀ। ਬੁੱਢੇ ਆਦਮੀ ਨੇ ਆਪਣਾ ਸਾਰਾ ਜ਼ੋਰ ਲਾ ਕੇ ਮੱਛੀ ਨੂੰ ਆਪਣੇ ਵਲ ਖਿੱਚਿਆ। ਇਕ ਪਲ ਵਾਸਤੇ ਮੱਛੀ ਆਪਣੇ ਪਾਸੇ ਤੋਂ ਮੁੜੀ। ਫਿਰ ਉਹਨੇ ਆਪਣੇ ਆਪ ਨੂੰ ਸਿੱਧਾ ਕੀਤਾ ਅਤੇ ਇਕ ਹੋਰ ਚੱਕਰ ਸ਼ੁਰੂ ਕੀਤਾ।

ਉਸਨੇ ਹੁਣ ਫਿਰ ਬੇਹੋਸ਼ੀ ਛਾ ਰਹੀ ਮਹਿਸੂਸ ਕੀਤੀ ਪਰ ਉਹਨੇ ਪੂਰੇ ਜ਼ੋਰ ਨਾਲ ਵਿਸ਼ਾਲ ਮੱਛੀ ਨੂੰ ਸੰਭਾਲੀ ਰੱਖਿਆ। ਸ਼ਾਇਦ ਇਸ ਵਾਰ ਮੈਂ ਉਸ 'ਤੇ ਕਾਬੂ ਪਾ ਸਕਾਂ। ਉਸਨੇ ਸੋਚਿਆ 'ਖਿੱਚ ਲਵੋ ਹੱਥੋ ! ਮੇਰੀਓ ਲੱਤੋ, ਖੜੀਆਂ ਰਹੋ ! ਮੇਰੇ ਸਿਰ, ਕਾਇਮ ਰਹਿ ! ਮੇਰੇ ਲਈ ਕਾਇਮ ਰਹਿ ! ਤੂੰ ਕਦੇ ਸਾਥ ਨਹੀਂ ਛੱਡਿਆ। ਇਸ ਵਾਰ ਮੈਂ ਉਸ 'ਤੇ ਜ਼ਰੂਰ ਕਾਬੂ ਪਾ ਲਵਾਂਗਾ।

ਮੱਛੀ ਦੇ ਬਰਾਬਰ ਆਉਣ ਤੋਂ ਪਹਿਲਾਂ, ਉਸਨੇ ਆਪਣੀ ਕੋਸ਼ਿਸ਼ ਲਗਾ ਦਿੱਤੀ ਅਤੇ ਪੂਰੀ ਤਾਕਤ ਨਾਲ ਖਿੱਚਣ ਲੱਗਾ। ਮੱਛੀ ਨੇ ਉੱਪਰ ਵਲ ਖਿੱਚਿਆ ਅਤੇ ਆਪਣੇ ਆਪ ਨੂੰ ਸਿੱਧਾ ਕਰਦੇ ਹੋਏ ਫਿਰ ਤੈਰਨ ਲੱਗੀ।

ਮਛਲੀਏ !' ਬੁੱਢੇ ਆਦਮੀ ਨੇ ਕਿਹਾ ''ਮੱਛਲੀਏ, ਤੈਨੂੰ ਹਰ ਹਾਲਤ 'ਚ ਮਰਨਾ ਹੀ ਪੈਣਾ ਹੈ। ਕੀ ਤੂੰ ਮੈਨੂੰ ਵੀ ਨਾਲ ਹੀ ਮਾਰੇਂਗੀ ?''

ਇਸ ਤਰ੍ਹਾਂ ਕੁਝ ਪ੍ਰਾਪਤ ਨਹੀਂ ਹੁੰਦਾ, ਉਸਨੇ ਸੋਚਿਆ। ਉਸ ਮੂੰਹ ਇੰਨਾ ਸੁੱਕਾ ਸੀ ਕਿ ਉਹ ਬੋਲ ਵੀ ਨਾ ਸਕਿਆ ਪਰ ਉਹ ਹੁਣ ਪਾਣੀ ਤਕ ਨਹੀਂ ਪਹੁੰਚ ਸਕਦਾ ਸੀ। ਉਸਨੇ ਸੋਚਿਆ, ਹੁਣ ਉਸ ਨੂੰ ਇਸ ਵਾਰ ਨਾਲ ਖਿੱਚਣਾ ਹੀ ਪਵੇਗਾ। ਮੈਂ ਕਈ ਹੋਰ ਚੱਕਰ ਸਹਾਰਨ ਦੇ ਯੋਗ ਨਹੀਂ। ਪਰ ਤੂੰ ਹੈਂ, ਉਸ ਨੇ ਆਪਣੇ ਆਪ ਨੂੰ ਕਿਹਾ। ਤੂੰ ਸਦਾ ਹੀ ਯੋਗ ਰਹੀ ਹੈਂ।

ਅਗਲੇ ਵਾਰ ਉਹਨੇ ਲਗਪਗ ਉਸਨੂੰ ਖਿੱਚ ਹੀ ਲਿਆ। ਪਰ ਮੱਛੀ ਫਿਰ ਸਿੱਧੀ ਹੋਈ ਅਤੇ ਹੌਲੀ-ਹੌਲੀ ਤੈਰ ਗਈ।

''ਤੂੰ ਮੈਨੂੰ ਮਾਰ ਰਹੀ ਏਂ ਮੱਛਲੀਏ !''—ਬੁੱਢਾ ਆਦਮੀ ਸੋਚਣ ਲੱਗਾ। ਪਰ ਤੈਨੂੰ ਹੱਕ ਵੀ ਹੈ। ਮੈਂ ਕਦੇ ਇੰਨੀ ਵਿਸ਼ਾਲ, ਇੰਨੀ ਖੂਬਸੂਰਤ, ਇੰਨੀ ਸੰਤੋਖਵਾਨ ਅਤੇ ਸ਼ਾਨਦਾਰ ਚੀਜ਼ ਨਹੀਂ ਦੇਖੀ ਜਿੰਨੀ ਕਿ ਤੂੰ ਹੈਂ। ਆ ਤੇ ਮੈਨੂੰ ਮਾਰ ਦੇ। ਮੈਨੂੰ ਇਸ ਦੀ ਪਰਵਾਹ ਨਹੀਂ ਕਿ ਕੌਣ ਕਿਸ ਨੂੰ ਮਾਰਦਾ ਹੈ।'

ਹੁਣ ਤੇਰਾ ਦਿਮਾਗ਼ ਉਲਝਦਾ ਜਾ ਰਿਹਾ ਹੈ—ਬੁੱਢੇ ਆਦਮੀ ਨੇ ਸੋਚਿਆ। ਤੈਨੂੰ ਆਪਣਾ ਦਿਮਾਗ਼ ਠੀਕ ਰੱਖਣਾ ਚਾਹੀਦਾ ਏ। ਆਪਣਾ ਦਿਮਾਗ਼ ਠੀਕ ਰੱਖ ਅਤੇ ਜਾਣ ਲੈ ਕਿ ਬੰਦਿਆਂ ਵਾਂਗ ਦੁੱਖ ਕਿੱਦਾਂ ਸਹਾਰੀਦੇ ਹਨ ਜਾਂ ਇਕ ਮੱਛੀ ਵਾਂਗ—ਉਸਨੇ ਸੋਚਿਆ।

''ਠੀਕ ਰਹੁ, ਮੇਰੇ ਸਿਰ !'' ਉਸਨੇ ਸ਼ਾਇਦ ਹੀ ਸੁਣੀ ਜਾ ਸਕਣ ਯੋਗ ਆਵਾਜ਼ 'ਚ ਕਿਹਾ ''ਠੀਕ ਰਹੁ !''

ਦੋ ਵਾਰ ਫਿਰ ਮੱਛੀ ਦੇ ਚੱਕਰਾਂ ਨਾਲ ਇਸੇ ਤਰ੍ਹਾਂ ਹੁੰਦਾ ਰਿਹਾ।

ਮੈਂ ਨਹੀਂ ਜਾਣਦਾ—ਬੁੱਢੇ ਨੇ ਸੋਚਿਆ। ਉਹ ਮਹਿਸੂਸ ਕਰ ਰਿਹਾ ਸੀ ਪਰ ਮੈਂ ਨਹੀਂ ਜਾਣਦਾ। ਪਰ ਮੈਂ ਇਕ ਵਾਰ ਫੇਰ ਕੋਸ਼ਿਸ਼ ਕਰਾਂਗਾ।

ਉਹਨੇ ਫੇਰ ਕੋਸ਼ਿਸ਼ ਕੀਤੀ ਅਤੇ ਜਦ ਮੱਛੀ ਨੂੰ ਮੋੜ ਲਿਆ ਤਾਂ ਫੇਰ ਆਪਣਾ ਆਪ ਡਿੱਗਦਾ ਮਹਿਸੂਸ ਕੀਤਾ। ਮੱਛੀ ਨੇ ਆਪਣੇ ਆਪ ਨੂੰ ਸਿੱਧਾ ਕੀਤਾ ਅਤੇ ਆਪਣੀ ਵੱਡੀ ਪੂਛ ਹਵਾ 'ਚ ਹਿਲਾਉਂਦੀ ਹੌਲੀ-ਹੌਲੀ ਤੈਰ ਗਈ।

ਮੈਂ ਫਿਰ ਕੋਸ਼ਿਸ਼ ਕਰਾਂਗਾ—ਬੁੱਢੇ ਆਦਮੀ ਨੇ ਵਾਅਦਾ ਕੀਤਾ ਭਾਵੇਂ ਉਸਦੇ ਹੱਥ ਪਿਲਪਲੇ ਹੋ ਗਏ ਸਨ ਅਤੇ ਉਹ ਸਿਰਫ ਲਿਸ਼ਕੋਰ ਹੀ ਠੀਕ ਤਰ੍ਹਾਂ ਦੇਖ ਸਕਦਾ ਸੀ।

ਉਸਨੇ ਫਿਰ ਕੋਸ਼ਿਸ਼ ਕੀਤੀ ਪਰ ਨਤੀਜਾ ਉਹੀ ਰਿਹਾ। ਉਹਨੇ ਸੋਚਿਆ ਅਤੇ ਫਿਰ ਕੋਸ਼ਿਸ਼ ਕਰਨ ਤੋਂ ਪਹਿਲਾਂ ਹੀ ਆਪਣਾ ਆਪ ਜਾ ਰਿਹਾ ਮਹਿਸੂਸ ਕੀਤਾ। ਮੈਂ ਇਕ ਵਾਰ ਫਿਰ ਕੋਸ਼ਿਸ਼ ਕਰਾਂਗਾ।

ਉਸਨੇ ਆਪਣੀ ਸਾਰੀ ਪੀੜਾ, ਬਾਕੀ ਬਚੀ ਸ਼ਕਤੀ ਅਤੇ ਦੇਰ ਤੋਂ ਗੁਆਚਿਆ ਗੌਰਵ ਇਕੱਠਾ ਕੀਤਾ ਅਤੇ ਮੱਛੀ ਦੀ ਪੀੜ ਵਿਰੁੱਧ ਸੇਧਿਤ ਕਰ ਦਿੱਤਾ। ਮੱਛੀ ਉਸਦੇ ਪਾਸੇ ਵਲ ਆ ਗਈ ਅਤੇ ਨਾਲ-ਨਾਲ ਆਰਾਮ ਨਾਲ ਤੈਰਨ ਲੱਗੀ। ਉਸਦੀ ਬੂਥਣੀ ਕਿਸ਼ਤੀ ਦੇ ਤਖ਼ਤੇ ਨੂੰ ਛੂਹ ਰਹੀ ਸੀ। ਲੰਬੀ, ਗਹਿਰੀ, ਵਿਸ਼ਾਲ ਅਤੇ ਚਾਂਦੀ ਰੰਗੀ ਮਛਲੀ, ਜੋ ਅੱਧ ਵਿਚਕਾਰੋਂ ਬੈਂਗਣੀ ਧਾਰੀਆਂ ਵਾਲੀ ਸੀ ਅਤੇ ਪਾਣੀ ਵਿਚ ਅਮੁੱਕ ਲੱਗਦੀ ਸੀ, ਨੇ ਕਿਸ਼ਤੀ ਤੋਂ ਅਗਾਂਹ ਲੰਘਣ ਦੀ ਕੋਸ਼ਿਸ਼ ਕੀਤੀ।

ਬੁੱਢੇ ਆਦਮੀ ਨੇ ਡੋਰੀ ਸੁੱਟ ਦਿੱਤੀ ਅਤੇ ਆਪਣਾ ਪੈਰ ਉੱਤੇ ਟਿਕਾ ਲਿਆ ਅਤੇ ਭਾਲੇ ਨੂੰ ਜਿੰਨਾ ਉੱਚਾ ਚੁੱਕ ਸਕਦਾ ਸੀ, ਚੁੱਕ ਕੇ ਪੂਰੀ ਤਾਕਤ ਨਾਲ ਉਸ 'ਤੇ ਹਮਲਾ ਬੋਲਿਆ। ਹੋਰ ਵਧੇਰੇ ਇਕੱਠੀ ਕੀਤੀ ਤਾਕਤ ਨਾਲ ਉਸ ਨੇ ਮੱਛੀ ਦੇ ਵਿਸ਼ਾਲ ਛਾਤੀ ਦੇ ਗਲਫੜੇ ਥੱਲੇ ਜ਼ੋਰ ਨਾਲ ਮਾਰਿਆ ਜੋ ਮਨੁੱਖ ਦੀ ਛਾਤੀ ਦੀ ਉੱਚਾਈ ਤਕ ਜਿੰਨਾ ਹਵਾ 'ਚ ਉਭਰਿਆ ਪਿਆ ਸੀ। ਉਸਨੇ ਲੋਹਾ ਅੰਦਰ ਧਸਦਾ ਮਹਿਸੂਸ ਕੀਤਾ ਅਤੇ ਉਹ ਉਸ 'ਤੇ ਝੁਕ ਗਿਆ। ਉਸਨੇ ਇਸਨੂੰ ਹੋਰ ਅਗੇਰੇ ਧਸਾ ਦਿੱਤਾ ਅਤੇ ਆਪਣਾ ਸਾਰਾ ਬੋਝ ਇਸ ਪਿੱਛੇ ਧੱਕ ਦਿੱਤਾ।

ਤਦ ਮੱਛੀ ਜਿਵੇਂ ਆਪਣੀ ਮੌਤ ਅੱਖਾਂ 'ਚ ਲਈ ਜਿਉਂ ਉਠੀ ਅਤੇ ਆਪਣੀ ਪੂਰੀ ਲੰਬਾਈ, ਚੌੜਾਈ, ਤਾਕਤ ਅਤੇ ਸੁਹੱਪਣ ਸਮੇਤ ਪਾਣੀ 'ਚੋਂ ਉੱਚੀ ਕੁੱਦ ਪਈ। ਉਹ ਕਿਸ਼ਤੀ 'ਚ ਬੈਠੇ ਬੁੱਢੇ ਆਦਮੀ ਉੱਪਰ ਹਵਾ 'ਚ ਟੰਗੀ ਪ੍ਰਤੀਤ ਹੁੰਦੀ ਸੀ। ਤਦ ਉਹ ਠਾਹ ਦੀ ਆਵਾਜ਼ ਨਾਲ ਪਾਣੀ 'ਚ ਡਿੱਗ ਪਈ ਜਿਸ ਨੇ ਬੁੱਢੇ ਆਦਮੀ ਅਤੇ ਕਿਸ਼ਤੀ 'ਚ ਪਾਣੀ ਛਲਕਾ ਦਿੱਤਾ।

ਬੁੱਢਾ ਆਦਮੀ ਬੇਹੋਸ਼ੀ, ਬੇਸੁਰਤ ਤੇ ਬਿਮਾਰ ਮਹਿਸੂਸ ਕਰ ਰਿਹਾ ਸੀ ਅਤੇ ਠੀਕ ਤਰ੍ਹਾਂ ਦੇਖ ਵੀ ਨਹੀਂ ਸਕਦਾ ਸੀ। ਪਰ ਉਹਨੇ ਭਾਲੇ ਦੀ ਰੱਸੀ ਸਾਫ਼ ਕੀਤੀ ਅਤੇ ਇਹਨੂੰ ਆਪਣੇ ਰਗੜ-ਮਾਰੇ ਹੱਥਾਂ 'ਚ ਹੌਲੀ-ਹੌਲੀ ਨਿਕਲਣ ਦਿੱਤਾ। ਤਦ ਉਹ ਦੇਖ ਸਕਿਆ, ਮੱਛੀ ਆਪਣੇ ਚਾਂਦੀ ਰੰਗੀ ਕਾਇਆ ਸਮੇਤ ਉਹਦੇ ਪਿੱਛੇ-ਪਿੱਛੇ ਆ ਰਹੀ ਸੀ। ਬਰਛੇ ਦੀ ਮੁੱਠ ਮੱਛੀ ਦੇ ਮੋਢੇ ਤੋਂ ਕੋਣ ਬਣਾਈ ਖੜ੍ਹੀ ਸੀ ਅਤੇ ਸਮੁੰਦਰ ਉਹਦੇ ਦਿਲ 'ਚੋਂ ਨਿਕਲੇ ਖ਼ੂਨ ਨਾਲ ਲਾਲ ਰੰਗਾ ਹੋ ਰਿਹਾ ਸੀ। ਪਹਿਲਾਂ ਇਹ ਮੀਲ ਡੂੰਘੇ ਨੀਲੇ ਪਾਣੀ 'ਚ ਮੱਛੀਆਂ ਦੇ ਝੁੰਡ ਵਰਗਾ ਕਾਲਾ ਲੱਗਾ। ਫਿਰ ਇਹ ਬੱਦਲ ਵਾਂਗ ਛਾ ਗਿਆ। ਮੱਛੀ ਦਾ ਰੰਗ ਚਾਂਦੀ ਵਰਗਾ ਸੀ। ਹੁਣ ਇਹ ਅਹਿਲ ਸੀ ਅਤੇ ਲਹਿਰਾਂ ਦੇ ਨਾਲ-ਨਾਲ ਵਹਿ ਰਹੀ ਸੀ।

ਬੁੱਢੇ ਆਦਮੀ ਨੇ ਆਪਣੀ ਦ੍ਰਿਸ਼ਟੀ ਦੀ ਝਾਤ ਰਾਹੀਂ ਧਿਆਨ ਨਾਲ ਦੇਖਿਆ। ਫੇਰ ਉਹਨੇ ਬਰਛੇ ਦੀ ਰੱਸੀ ਨੂੰ ਤਖ਼ਤੇ ਦੇ ਕੁੰਡੇ ਨਾਲ ਦੋ ਵਾਰ ਲਪੇਟਿਆ ਅਤੇ ਸਿਰ ਆਪਣੇ ਹੱਥਾਂ 'ਤੇ ਰੱਖ ਦਿੱਤਾ।

ਤਖ਼ਤੇ ਦੀ ਲੱਕੜ ਦੀ ਵਾਸਣਾ ਲਈ ਉਸ ਨੇ ਕਿਹਾ, "ਮੇਰਾ ਦਿਮਾਗ਼ ਟਿਕਾਣੇ ਰਹਿ! ਮੈਂ ਥੱਕਿਆ ਹੋਇਆ ਬੁੱਢਾ ਆਦਮੀ ਹਾਂ। ਪਰ ਮੈਂ ਆਪਣੇ ਭਰਾਵਾਂ ਵਰਗੀ ਮੱਛੀ ਨੂੰ ਮਾਰ ਦਿੱਤਾ ਹੈ ਅਤੇ ਹੁਣ ਛੋਟਾ ਮੋਟਾ ਬਾਕੀ ਕੰਮ ਕਰਨਾ ਚਾਹੀਦਾ ਏ।"

ਹੁਣ ਮੈਨੂੰ ਫੰਧਾ ਅਤੇ ਰੱਸਾ ਤਿਆਰ ਕਰਨਾ ਚਾਹੀਦਾ ਹੈ ਤਾਂ ਕਿ ਉਸ ਦੇ ਨਾਲ ਬੰਨ੍ਹ ਸਕਾਂ। ਉਸਨੇ ਸੋਚਿਆ। ਜੇ ਅਸੀਂ ਦੋ ਵੀ ਹੁੰਦੇ ਅਤੇ ਉਹਨੂੰ ਖਿੱਚ ਧੂਹ ਕੇ ਲੱਦ ਲੈਂਦੇ ਤਾਂ ਵੀ ਕਿਸ਼ਤੀ ਨੇ ਉਹਨੂੰ ਕਦੇ ਨਹੀਂ ਸੀ ਸੰਭਾਲ ਸਕਣਾ। ਮੈਨੂੰ ਸਾਰਾ ਕੁਝ ਤਿਆਰ ਕਰਨਾ ਚਾਹੀਦਾ ਹੈ ਅਤੇ ਇਹਨੂੰ ਚੰਗੀ ਤਰ੍ਹਾਂ ਬੰਨ੍ਹਣਾ ਚਾਹੀਦਾ ਹੈ। ਫੇਰ ਮੈਂ ਮਸਤੂਲ ਗੱਡ ਕੇ ਬਾਦਬਾਨ ਬੰਨ੍ਹ ਦਿਆਂਗਾ ਤੇ ਘਰ ਨੂੰ ਚਲ ਪਵਾਂਗਾ।

ਉਸਨੇ ਮੱਛੀ ਨੂੰ ਨੇੜੇ ਕਰਨ ਲਈ ਖਿੱਚਣਾ ਸ਼ੁਰੂ ਕੀਤਾ ਤਾਂ ਕਿ ਉਹ ਉਹਦੇ ਗਲਫੜੇ ਅਤੇ ਮੂੰਹ ਥਾਣੀ ਇਕ ਡੋਰੀ ਪਾ ਕੇ ਉਹਦਾ ਸਿਰ ਤਖਤੇ ਦੇ ਨਾਲ ਬੰਨ੍ਹ ਦੇਵੇ। ਉਸ ਨੇ ਸੋਚਿਆ ਮੈਂ ਉਹਨੂੰ ਦੇਖਣਾ ਚਾਹੁੰਦਾ ਹਾਂ, ਛੂਹਣਾ ਅਤੇ ਮਹਿਸੂਸ ਕਰਨਾ। ਉਹ ਮੇਰੀ ਕਿਸਮਤ ਹੈ—ਉਸਨੇ ਸੋਚਿਆ। ਪਰ ਇਹ ਇਸ ਕਰਕੇ ਨਹੀਂ ਕਿ ਮੈਂ ਇਹਨੂੰ ਮਹਿਸੂਸ ਕਰਨਾ ਚਾਹੁੰਦਾ ਹਾਂ। ਮੇਰਾ ਖ਼ਿਆਲ ਹੈ ਕਿ ਮੈਂ ਇਹਦੀ ਧੜਕਣ ਮਹਿਸੂਸ ਕੀਤੀ ਸੀ ਜਦ ਦੂਜੀ ਵਾਰ ਬਰਛੇ ਦਾ ਦਸਤਾ ਖੋਭਿਆ ਸੀ। ਉਹਨੂੰ ਹੁਣ ਨੇੜੇ ਲਿਆ ਅਤੇ ਬੰਨ੍ਹ ਦੇ। ਉਹਦੀ ਪੂਛ ਦੁਆਲੇ ਗੰਢ ਮਾਰ ਕੇ ਉਹਨੂੰ ਵਿਚਕਾਰੋਂ ਵੀ ਬੇੜੀ ਨਾਲ ਬੰਨ੍ਹ ਛੱਡ।

"ਕੰਮ ਕਰ, ਬੁੱਢੇ ਆਦਮੀ !" ਉਸਨੇ ਕਿਹਾ, ਉਹਨੇ ਥੋੜ੍ਹਾ ਜਿਹਾ ਪਾਣੀ ਪੀਤਾ। "ਹੁਣ ਲੜਾਈ ਤਾਂ ਖ਼ਤਮ ਹੋ ਗਈ ਹੈ ਪਰ ਨਿੱਕਾ-ਮੋਟਾ ਬਥੇਰਾ ਕੰਮ ਕਰਨ ਗੋਚਰਾ ਪਿਆ ਹੈ।"

ਉਸ ਉਧਰ ਅਸਮਾਨ ਵਲ ਅਤੇ ਫਿਰ ਮੱਛੀ ਵਲ ਵੇਖਿਆ। ਉਸ ਨੇ ਸੂਰਜ ਵਲ ਧਿਆਨ ਨਾਲ ਦੇਖਿਆ। ਅਜੇ ਦੁਪਹਿਰ ਵੀ ਨਹੀਂ ਹੋਈ—ਉਸਨੇ ਸੋਚਿਆ। ਵਪਾਰਕ ਪੌਣ ਚਲ ਰਹੀ ਹੈ। ਹੁਣ ਡੋਰੀਆਂ ਦਾ ਕੋਈ ਫ਼ਾਇਦਾ ਨਹੀਂ। ਘਰ ਪਹੁੰਚਣ 'ਤੇ ਮੈਂ ਤੇ ਮੁੰਡਾ ਇਨ੍ਹਾਂ ਨੂੰ ਜੋੜ ਦਿਆਂਗੇ।

"ਆ ਮਛਲੀਏ !" ਉਸ ਨੇ ਕਿਹਾ। ਪਰ ਮੱਛੀ ਨਾ ਆਈ। ਇਸ ਦੇ ਉਲਟ ਉਹ ਸਾਗਰ ਵਿਚ ਆਪਣੇ ਥਾਂ 'ਤੇ ਰਿੜ੍ਹ ਰਹੀ ਸੀ ਅਤੇ ਬੁੱਢੇ ਆਦਮੀ ਨੇ ਕਿਸ਼ਤੀ ਉਸ ਦੇ ਨਾਲ ਲਾ ਲਈ।

ਜਦ ਉਹ ਉਹਦੇ ਨਾਲ ਹੋ ਗਿਆ ਅਤੇ ਇਸਦਾ ਸਿਰ ਤਖ਼ਤੇ ਨਾਲ ਲਾ ਦਿੱਤਾ ਤਾਂ ਉਹ ਇਹਦੇ ਆਕਾਰ 'ਤੇ ਯਕੀਨ ਨਾ ਕਰ ਸਕਿਆ। ਪਰ ਉਹਨੇ ਵਾਧਰੇ ਨਾਲ ਭਾਲੇ ਦੀ ਰੱਸੀ ਖੋਲ੍ਹੀ, ਮੱਛੀ ਦੇ ਗਲਫੜਿਆਂ 'ਚੋਂ ਲੰਘਾ ਕੇ ਜਬਾੜੇ ਥਾਣੀ ਕੱਢ ਦਿੱਤਾ ਅਤੇ ਮੱਛੀ ਦੇ ਦੰਦ ਉੱਤੋਂ ਵਲੇਵਾਂ ਮਾਰਿਆ ਅਤੇ ਰੱਸੀ ਨੂੰ ਦੁਬਾਰਾ ਗਲਫੜੇ 'ਚੋਂ ਕੱਢਿਆ ਅਤੇ ਦੂਜੀ ਰੱਸੀ ਨਾਲ ਗੰਢ ਮਾਰ ਦਿੱਤੀ ਅਤੇ ਤਖ਼ਤੇ ਦੇ ਵਾਧਰੇ ਨਾਲ ਬੰਨ੍ਹ ਦਿੱਤੀ। ਫਿਰ ਉਹਨੇ ਹੋਰ ਰੱਸੀ ਕੱਟੀ ਅਤੇ ਪੂਛ ਬੰਨ੍ਹਣ ਵਾਸਤੇ ਕਿਸ਼ਤੀ ਦੇ ਪਿਛਾੜੀ ਚਲਾ ਗਿਆ। ਆਪਣੇ ਪਹਿਲੇ

ਬੈਂਗਣੀ ਤੰਗ ਤੋਂ ਮੱਛੀ ਹੁਣ ਚਾਂਦੀ ਰੰਗੀ ਹੋ ਗਈ ਸੀ ਅਤੇ ਧਾਰੀਆਂ ਪੂਛ ਵਾਂਗ ਹੀ ਪਹਿਲਾਂ ਵਾਂਗ ਪੀਲੀਆਂ ਤੇ ਜਾਮਨੀ ਲੱਗ ਰਹੀਆਂ ਸਨ। ਇਹ ਸਾਰੀਆਂ ਕਿਸੇ ਬੰਦੇ ਦੀ ਫੈਲਰੀ ਹੋਈ ਹਥੇਲੀ ਨਾਲੋਂ ਵੀ ਚੌੜੀਆਂ ਸਨ ਅਤੇ ਮੱਛੀ ਦੀ ਅੱਖ ਇੰਝ ਲੱਗਦੀ ਸੀ ਜਿਵੇਂ ਕਿਸੇ ਪਣਡੁੱਬੀ 'ਤੇ ਲੱਗਿਆ ਹੋਇਆ ਸ਼ੀਸ਼ਾ ਹੋਵੇ ਜਾਂ ਕਿਸੇ ਜਲੂਸ ਵਿਚ ਸੰਤ ਹੋਵੇ।

"ਇਹਨੂੰ ਮਾਰਨ ਦਾ ਇਹੀ ਇਕੋ ਇਕ ਤਰੀਕਾ ਸੀ।" ਬੁੱਢੇ ਆਦਮੀ ਨੇ ਕਿਹਾ। ਉਹ ਹੁਣ ਚੰਗੇਰਾ ਮਹਿਸੂਸ ਕਰ ਰਿਹਾ ਸੀ। ਉਹ ਜਾਣਦਾ ਸੀ ਕਿ ਮੱਛੀ ਹੁਣ ਕਿਤੇ ਨਹੀਂ ਜਾ ਸਕਦੀ ਅਤੇ ਉਹਦਾ ਸਿਰ ਸਾਫ਼ ਦਿਸ ਰਿਹਾ ਸੀ। ਜਿਵੇਂ ਉਹ ਦਿਸਦੀ ਹੈ, ਉਸ ਤੋਂ ਤਾਂ ਉਹ 1500 ਪੌਂਡ ਭਾਰੀ ਹੋਵੇਗੀ–ਉਸ ਨੇ ਸੋਚਿਆ। ਸ਼ਾਇਦ ਇਸ ਤੋਂ ਵੀ ਜ਼ਿਆਦਾ ਹੈ। ਜੇ ਉਹ ਤੀਹ ਸੈਂਟ ਪ੍ਰਤੀ ਪੌਂਡ ਦੇ ਭਾਅ ਵੀ ਉਸ ਦਾ ਦੋ ਤਿਹਾਈ ਹਿੱਸਾ ਕੱਢ ਸਕੇ ?

'ਮੈਨੂੰ ਇਸ ਗਿਣਤੀ-ਮਿਣਤੀ ਲਈ ਪੈਂਸਿਲ ਚਾਹੀਦੀ ਹੈ।' ਉਸ ਨੇ ਕਿਹਾ। ਮੇਰਾ ਦਿਮਾਗ਼ ਇੰਨਾ ਸਾਫ਼ ਨਹੀਂ ਪਰ ਮੇਰਾ ਖ਼ਿਆਲ ਹੈ ਕਿ ਮਹਾਨ ਡਿਮੈਗੋਇਓ ਅੱਜ ਮੇਰੇ 'ਤੇ ਮਾਣ ਕਰੇਗਾ। ਮੈਨੂੰ ਕੋਈ ਹੱਡੀ ਦਾ ਵਧਾਅ ਨਹੀਂ ਪਰ ਹੱਥ ਅਤੇ ਪਿੱਠ ਬੁਰੀ ਤਰ੍ਹਾਂ ਦਰਦ ਕਰ ਰਹੇ ਹਨ। ਉਸਨੇ ਸੋਚਿਆ ਮੈਨੂੰ ਤਾਂ ਪਤਾ ਹੀ ਨਹੀਂ ਕਿ ਹੱਡੀ ਦਾ ਵਧਾਅ ਕੀ ਹੁੰਦਾ ਹੈ, ਸ਼ਾਇਦ ਬਿਨਾਂ ਜਾਨਣ ਤੋਂ ਹੀ ਸਾਡੇ ਹੋ ਜਾਵੇ।

ਉਸ ਨੇ ਮੱਛੀ ਨੂੰ ਕਿਸ਼ਤੀ ਦੇ ਮੱਥੇ, ਵਿਚਕਾਰੋਂ ਅਤੇ ਪਿੱਛੋਂ ਕਿਸ਼ਤੀ ਨਾਲ ਬੰਨ੍ਹ ਦਿੱਤਾ। ਉਹ ਇੰਨੀ ਵੱਡੀ ਸੀ ਕਿ ਇਕ ਹੋਰ ਵੱਡੀ ਕਿਸ਼ਤੀ ਨਾਲ ਬੰਨ੍ਹੀ ਲੱਗਦੀ ਸੀ। ਉਸਨੇ ਇਕ ਡੋਰੀ ਦਾ ਟੋਟਾ ਕੱਟਿਆ ਅਤੇ ਮੱਛੀ ਦੇ ਹੇਠਲੇ ਜਬਾੜੇ ਤੋਂ ਗਲਫੜੇ ਰਾਹੀਂ ਕੱਢ ਦਿੱਤਾ ਤਾਂ ਕਿ ਉਹਦਾ ਮੂੰਹ ਨਾ ਖੁੱਲ੍ਹੇ ਅਤੇ ਉਹ ਜਿੰਨੀ ਸੌਖੀ ਤਰ੍ਹਾਂ ਤੈਰ ਸਕਦੇ ਸੀ ਤੈਰਦੇ ਜਾਂਦੇ। ਫਿਰ ਉਹਨੇ ਮਸਤੂਲ ਟੰਗਿਆ ਅਤੇ ਸੋਟੀ ਨਾਲ ਜਿਹੜੀ ਕਿ ਉਹਦੀ ਸੀ ਅਤੇ ਨਾਲ ਪਾਣੀ ਨੂੰ ਚੀਰਨ ਲੱਗਾ। ਟਾਕੀਆਂ ਵਾਲਾ ਬਾਦਬਾਨ ਲਹਿਰਾ ਗਿਆ ਅਤੇ ਕਿਸ਼ਤੀ ਹਿੱਲਣ ਲੱਗੀ। ਕਿਸ਼ਤੀ ਦੇ ਪਿਛਾੜੀ ਅਧਲੇਟੀ ਮੁਦਰਾ 'ਚ ਪਿਆ ਉਹ ਦੱਖਣ-ਪੱਛਮ ਵਲ ਚੱਲ ਪਿਆ।

ਉਹਨੂੰ ਕਿਸੇ ਕੰਪਾਸ ਦੀ ਲੋੜ ਨਹੀਂ ਸੀ ਜੋ ਉਹਨੂੰ ਦੱਖਣ-ਪੱਛਮ ਬਾਰੇ ਦੱਸਦੀ। ਉਹਨੂੰ ਕੇਵਲ ਵਪਾਰਕ ਪੌਣ ਦੀ ਛੂਹ ਅਤੇ ਬਾਦਬਾਨ ਦਾ ਲਹਿਰਨਾ ਹੀ ਚਾਹੀਦਾ ਸੀ। ਚੰਗਾ ਹੋਵੇ ਜੇ ਮੈਂ ਇਕ ਡੋਰੀ ਨਾਲ ਚਮਚਾ ਬੰਨ੍ਹ ਕੇ ਸੁੱਟ ਦੇਵਾਂ ਅਤੇ ਪੀਣ ਲਈ ਕੁਝ ਪ੍ਰਾਪਤ ਕਰ ਸਕਾਂ। ਪਰ ਉਹ ਚਮਚਾ ਨਾ ਲੱਭ ਸਕਿਆ ਅਤੇ ਸਾਰਡੀਨ ਸਾਰੀਆਂ ਹੀ ਗਲ ਗਈਆਂ ਸਨ। ਇਸ ਲਈ ਉਹਨੇ ਬਰਛੀ ਨਾਲ ਖਾੜੀ ਦਾ ਪੀਲਾ ਨਦੀਨ ਪੁੱਟਿਆ ਅਤੇ ਇਨ੍ਹਾਂ ਨੂੰ ਹਿਲਾਇਆ ਤਾਂ ਕਿ ਇਨ੍ਹਾਂ 'ਤੇ ਬੈਠੀਆਂ ਨਿੱਕੀਆਂ-ਨਿੱਕੀਆਂ ਝੀਂਗਾ ਤਖ਼ਤੇ 'ਤੇ ਖਿਲਰ ਗਈਆਂ। ਇਹ ਦਰਜਨਾਂ ਸਨ ਅਤੇ ਰੇਤਲੀ ਮੱਖੀਆਂ ਵਾਂਗ ਕੁੱਦ ਰਹੀਆਂ ਸਨ। ਬੁੱਢੇ ਆਦਮੀ ਨੇ ਅੰਗੂਠੇ ਅਤੇ ਪਹਿਲੀ ਉਂਗਲ ਨਾਲ ਉਹਨਾਂ ਦੇ ਸਿਰ ਲਾਹ ਦਿੱਤੇ ਅਤੇ ਹੱਡ ਅਤੇ ਪੂਛਾਂ ਚਿੱਥਦਾ ਹੋਇਆ ਉਹਨਾਂ ਨੂੰ ਖਾ ਗਿਆ। ਉਹ ਬਹੁਤ ਛੋਟੀਆਂ ਸਨ ਪਰ ਉਹ ਜਾਣਦਾ ਸੀ ਕਿ ਉਹ ਬਹੁਤ ਪੌਸ਼ਟਿਕ ਸਨ।

ਬੁੱਢੇ ਆਦਮੀ ਕੋਲ ਅਜੇ ਵੀ ਬੋਤਲ 'ਚ ਦੋ ਘੁੱਟ ਪਾਣੀ ਬਚਿਆ ਹੋਇਆ ਸੀ। ਸਰਇੰਸ ਖਾਣ ਬਾਅਦ ਉਸਨੇ ਅੱਧਾ ਕੁ ਘੁੱਟ ਪਾਣੀ ਪੀ ਲਿਆ। ਬਾਵਜੂਦ ਮੁਸੀਬਤਾਂ ਦੇ ਕਿਸ਼ਤੀ ਅਰਾਮ ਨਾਲ ਚਲ ਰਹੀ ਸੀ ਅਤੇ ਉਹਨੇ ਚੱਪੂ ਆਪਣੀਆਂ ਬਾਹਵਾਂ ਥੱਲੇ ਦਿੱਤਾ ਹੋਇਆ ਸੀ। ਉਹ ਮੱਛੀ ਨੂੰ ਦੇਖ ਸਕਦਾ ਸੀ ਅਤੇ ਆਪਣੇ ਹੱਥਾਂ ਅਤੇ ਪਿੱਠ ਵਲ ਦੇਖ ਕੇ ਉਹ ਅੰਦਾਜ਼ਾ ਲਗਾ ਸਕਦਾ ਸੀ ਕਿ ਮੱਛੀ ਫੜੀ ਜਾ ਚੁੱਕੀ ਸੀ ਅਤੇ ਇਹ ਹੁਣ ਸੁਪਨਾ ਨਹੀਂ ਰਿਹਾ ਸੀ। ਜਦੋਂ ਮੱਛੀ ਪਾਣੀ 'ਚੋਂ ਕੁੱਦ ਕੇ ਡਿੱਗਣ ਤੋਂ ਪਹਿਲਾਂ ਹਵਾ 'ਚ ਅਹਿਲ ਲਟਕ ਗਈ ਸੀ ਤਾਂ ਉਦੋਂ ਹੀ ਉਹਨੂੰ ਇਸਦੇ ਅਨੋਖੇਪਣ 'ਤੇ ਯਕੀਨ ਹੋ ਗਿਆ ਸੀ ਪਰ ਉਹ ਅਜੇ ਵੀ ਵਿਸ਼ਵਾਸ ਨਹੀਂ ਕਰਦਾ ਸੀ। ਤਦ ਉਹ ਚੰਗੀ ਤਰ੍ਹਾਂ ਦੇਖ ਨਾ ਸਕਿਆ ਭਾਵੇਂ ਕਿ ਹੁਣ ਉਹ ਪਹਿਲਾਂ ਨਾਲੋਂ ਬਿਹਤਰ ਦੇਖ ਸਕਦਾ ਸੀ।

ਹੁਣ ਉਹ ਜਾਣਦਾ ਸੀ ਕਿ ਮੱਛੀ ਉਹਦੇ ਹੱਥ ਅਤੇ ਪਿੱਠ ਕੋਈ ਸੁਪਨੇ ਦਾ ਹਿੱਸਾ ਨਹੀਂ ਸਨ। ਉਸਨੇ ਸੋਚਿਆ—ਹੱਥ ਤੇਜ਼ੀ ਨਾਲ ਠੀਕ ਹੋ ਜਾਂਦੇ ਹਨ। ਮੈਂ ਉਹਨਾਂ ਨੂੰ ਖ਼ੂਨੋ-ਖ਼ੂਨ ਕੀਤਾ ਸੀ ਅਤੇ ਲੂਣਾ ਪਾਣੀ ਉਹਨਾਂ ਨੂੰ ਠੀਕ ਕਰ ਦੇਵੇਗਾ। ਨਿਰੀ ਖਾੜੀ ਦਾ ਗਹਿਰਾ ਪਾਣੀ ਸਭ ਤੋਂ ਵੱਡੀ ਔਸ਼ਧੀ ਹੈ। ਮੈਨੂੰ ਬਸ ਦਿਮਾਗ਼ ਸਹੀ ਰੱਖਣ ਦੀ ਜ਼ਰੂਰਤ ਹੈ। ਹੱਥਾਂ ਨੇ ਆਪਣਾ ਕੰਮ ਕਰ ਦਿੱਤਾ ਹੈ ਅਤੇ ਅਸੀਂ ਠੀਕ ਤਰ੍ਹਾਂ ਚਲ ਰਹੇ ਹਾਂ। ਮੱਛੀ ਦਾ ਮੂੰਹ ਬੰਦ ਹੈ ਅਤੇ ਪੂਛ ਉੱਪਰ ਥੱਲੇ ਸਿੱਧੀ ਕੀਤੀ ਹੋਈ ਹੈ-ਅਸੀਂ ਭਰਾਵਾਂ ਵਾਂਗ ਚਲ ਰਹੇ ਹਾਂ। ਉਸਦਾ ਸਿਰ ਫਿਰ ਥੋੜ੍ਹਾ ਗੇੜਾ ਦੇਣ ਲੱਗਾ ਤੇ ਉਹਨੇ ਸੋਚਿਆ ਕਿ ਕੀ ਉਸਨੇ ਮੈਨੂੰ ਘੇਰਿਆ ਹੈ ਜਾਂ ਮੈਂ ਇਸਨੂੰ ? ਮੈਂ ਇਹਨੂੰ ਖਿੱਚ ਰਿਹਾ ਸੀ ਤਾਂ ਕੋਈ ਗੱਲ ਨਹੀਂ। ਜੇ ਮੱਛੀ ਆਪਣੀ ਸ਼ਾਨੋ-ਸ਼ੌਕਤ ਗਵਾ ਕੇ ਕਿਸ਼ਤੀ 'ਚ ਹੁੰਦੀ ਤਾਂ ਵੀ ਕੋਈ ਗੱਲ ਨਹੀਂ ਸੀ ਪਰ ਅਸੀਂ ਹੁਣ ਇਕੱਠੇ ਨਾਲ-ਨਾਲ ਚਲ ਰਹੇ ਹਾਂ। ਬੁੱਢੇ ਆਦਮੀ ਨੇ ਸੋਚਿਆ ਕਿ ਜੇ ਉਹ ਚਾਹੁੰਦੀ ਹੈ ਤਾਂ ਮੈਨੂੰ ਸੁੱਟ ਸਕਦੀ ਹੈ। ਮੈਂ ਸਿਰਫ ਤਿਕੜਮਬਾਜ਼ੀ ਕਾਰਨ ਉਹਦੇ ਨਾਲੋਂ ਹੁਸ਼ਿਆਰ ਹਾਂ ਅਤੇ ਉਹ ਮੇਰਾ ਕੋਈ ਨੁਕਸਾਨ ਨਹੀਂ ਕਰ ਸਕਦੀ।

ਉਹ ਆਰਾਮ ਨਾਲ ਚਲਦੇ ਰਹੇ ਅਤੇ ਬੁੱਢੇ ਆਦਮੀ ਨੇ ਆਪਣੇ ਹੱਥ ਲੂਣੇ ਪਾਣੀ 'ਚ ਡਬੋਏ ਅਤੇ ਆਪਣਾ ਸਿਰ ਸੰਤੁਲਿਤ ਰੱਖਣ ਦਾ ਯਤਨ ਕੀਤਾ। ਉੱਪਰ ਕਾਲੇ ਬੱਦਲਾਂ ਦਾ ਅੰਬਾਰ ਸੀ ਅਤੇ ਤਿੱਤਰਖੰਭੀ ਬੱਦਲ ਵੀ ਇੰਨੇ ਸਨ ਕਿ ਬੁੱਢਾ ਆਦਮੀ ਜਾਣਦਾ ਸੀ ਕਿ ਹਵਾ ਰਾਤ ਭਰ ਚਲਦੀ ਰਹੇਗੀ। ਬੁੱਢਾ ਆਦਮੀ ਲਗਾਤਾਰ ਨਿਸਚਿੰਤ ਹੋਣ ਲਈ ਮੱਛੀ ਵੱਲ ਦੇਖ ਰਿਹਾ ਸੀ। ਇਹ ਗੱਲ ਪਹਿਲੀ ਸ਼ਾਰਕ ਦੇ ਹਮਲਾ ਬੋਲਣ ਤੋਂ ਘੰਟਾ ਭਰ ਪਹਿਲਾਂ ਦੀ ਸੀ।

ਸ਼ਾਰਕ ਦਾ ਆਉਣਾ ਐਵੇਂ ਅਚਾਨਕ ਨਹੀਂ ਸੀ। ਉਹ ਗਹਿਰੇ ਪਾਣੀਆਂ 'ਚੋ ਉੱਪਰ ਆਈ ਸੀ ਕਿਉਂਕਿ ਖੂਨ ਦਾ ਗਹਿਰਾ ਬੱਦਲ ਮੀਲਾਂ ਡੂੰਘੇ ਸਮੁੰਦਰ 'ਚ ਵਿਛ ਕੇ ਫੈਲ ਗਿਆ ਸੀ। ਉਹ ਇੰਨੀ ਤੇਜ਼ੀ ਅਤੇ ਬਿਨਾਂ ਕਿਸੇ ਚਿਤਾਵਨੀ ਦੇ ਆਈ ਕਿ ਨੀਲੇ ਪਾਣੀ ਦੀ ਸਤ੍ਹਾ ਤੋੜਦੀ ਹੋਈ ਧੁੱਪ ਵਿਚ ਚਮਕ ਉੱਠੀ। ਤਦ ਉਹਨੇ ਫਿਰ ਸਮੁੰਦਰ 'ਚ ਛਾਲ ਮਾਰੀ ਅਤੇ ਗੰਧ ਦਾ ਪਿੱਛਾ ਕਰਦੀ ਕਿਸ਼ਤੀ ਅਤੇ ਮੱਛੀ ਦੇ ਰਾਹ 'ਤੇ ਤੈਰਨ ਲੱਗੀ।

ਕਈ ਵਾਰ ਸ਼ਾਰਕ ਗੰਧ ਤੋਂ ਖੁੰਝ ਜਾਂਦੀ। ਪਰ ਉਹ ਫਿਰ ਇਹਨੂੰ ਫੜ ਲੈਂਦੀ ਜਾਂ ਲੱਭ ਲੈਂਦੀ ਅਤੇ ਤੇਜ਼ੀ ਨਾਲ ਰਸਤੇ 'ਚ ਆ ਜਾਂਦੀ। ਉਹ ਸਮੁੰਦਰ 'ਚ ਸਭ ਤੋਂ ਤੇਜ਼ ਦੌੜਾਕ ਮੱਛੀ ਵਾਂਗ ਤੈਰਨ ਲਈ ਹੀ ਬਣੀ ਵੱਡੀ ਮੈਕੋ ਸ਼ਾਰਕ ਸੀ ਅਤੇ ਉਹਦੇ ਜਬਾੜਿਆਂ ਤੋਂ ਸਿਵਾਏ ਸਾਰਾ ਕੁਝ ਹੀ ਬੜਾ ਖ਼ੂਬਸੂਰਤ ਸੀ। ਤਲਵਾਰ-ਮੱਛੀ ਵਾਂਗ ਉਹਦੀ ਪਿੱਠ ਨੀਲੀ ਸੀ ਸਿਵਾਏ ਉਹਦੇ ਵੱਡੇ ਜਬਾੜਿਆਂ ਦੇ ਜੋ ਉਹਦੇ ਤੇਜ਼ੀ ਨਾਲ ਤੈਰਨ ਕਾਰਨ ਕੱਸ ਕੇ ਪੀਚੇ ਹੋਏ ਸਨ ਅਤੇ ਪਾਣੀ ਥੱਲੇ ਉੱਚੇ ਪਿਛਲੇ ਗਲਫੜੇ ਸਮੇਤ ਪਾਣੀ ਦੀ ਸਤ੍ਹਾ ਦੇ ਅੰਦਰ ਅਹਿਲ ਦਿਸ ਰਹੇ ਸਨ। ਉਹਦੇ ਜਬਾੜਿਆਂ ਦੇ ਬੰਦ ਦੂਹਰੇ ਬੁੱਲਾਂ 'ਚੋਂ ਦੰਦਾਂ ਦੇ ਅੱਠ ਬੀੜ ਅੰਦਰ ਢਾਲ ਬਣਾਈ ਬੈਠੇ ਸਨ। ਇਹ ਵਧੇਰੇ ਸ਼ਾਰਕਾਂ ਦੇ ਆਮ ਪਿਰਾਮਡ ਆਕਾਰੀ ਦੰਦ ਵਰਗੇ ਨਹੀਂ ਸਨ। ਇਹ ਕਿਸੇ ਬੰਦੇ ਦੀਆਂ ਉਂਗਲਾਂ ਵਰਗੇ ਸਨ ਜਦੋਂ ਇਹ ਪੰਜਿਆਂ ਵਾਂਗ ਤਣੀਆਂ ਹੋਣ। ਇਹ ਕਿਸੇ ਬੁੱਢੇ ਆਦਮੀ ਦੀਆਂ ਉਂਗਲਾਂ ਜਿੰਨੇ ਲੰਬੇ ਸਨ ਅਤੇ ਦੋਹਵੇਂ ਪਾਸੇ ਤਿੱਖੇ ਕਿਨਾਰੇ ਸਨ। ਇਹ ਸਮੁੰਦਰ ਦੀਆਂ ਸਾਰੀਆਂ ਮੱਛੀਆਂ ਨੂੰ ਮਾਰ ਸਕਣ ਵਾਲੀ ਮੱਛੀ ਸੀ। ਇਹ ਇੰਨੀਆਂ ਤੇਜ਼, ਸ਼ਕਤੀਸ਼ਾਲੀ ਅਤੇ ਸ਼ਸਤਰਬੱਧ ਸਨ ਕਿ ਇਨ੍ਹਾਂ ਦਾ ਕੋਈ ਦੁਸ਼ਮਣ ਨਹੀਂ ਸੀ, ਜਿਵੇਂ ਹੀ ਉਸ ਨੇ ਤਾਜ਼ਾ ਗੰਧ ਸੁੰਘੀ ਤਾਂ ਰਫ਼ਤਾਰ ਫੜ ਲਈ ਅਤੇ ਉਹਦਾ ਹੇਠਲਾ ਨੀਲਾ ਗਲਫੜਾ ਪਾਣੀ ਦੀ ਧਾਰ ਕੱਟਣ ਲੱਗਾ।

ਬੁੱਢੇ ਆਦਮੀ ਦਾ ਸਿਰ ਹੁਣ ਸੰਤੁਲਿਤ ਸੀ ਅਤੇ ਦ੍ਰਿੜ ਇਰਾਦਾ ਉਹਦਾ ਨਾਲ ਸੀ ਭਾਵੇਂ ਕਿ ਆਸ ਇੰਨੀ ਨਹੀਂ ਸੀ। ਉਸ ਨੇ ਸੋਚਿਆ—ਮੱਛੀ ਇੰਨੀ ਚੰਗੀ ਹੈ ਕਿ ਵਧੇਰੇ ਦੇਰ ਨਹੀਂ ਕੱਢਣ ਲੱਗੀ। ਜਦ ਉਹਨੇ ਸ਼ਾਰਕ ਨੇੜੇ ਆਉਂਦੀ ਦੇਖੀ ਤਾਂ ਉਹਨੇ ਵਿਸ਼ਾਲ ਮੱਛੀ ਵਲ ਨਿਗ੍ਹਾ ਮਾਰੀ। ਇਹ ਤਾਂ ਸੁਪਨਾ ਹੀ ਲੱਗਦਾ ਸੀ—ਉਸਨੇ ਸੋਚਿਆ। ਮੈਂ ਉਹਨੂੰ ਹਮਲਾ ਕਰਨੋਂ ਨਹੀਂ ਰੋਕ ਸਕਦਾ ਪਰ ਸ਼ਾਇਦ ਮੈਂ ਉਸ 'ਤੇ ਕਾਬੂ ਪਾ ਸਕਾਂ, ਤੇਰਾ ਬੇੜਾ ਗਰਕ ਹੋਵੇ ! ਉਹਨੇ ਸੋਚਿਆ। ਤੇਰੀ ਮਾਂ ਨੂੰ ਵਖਤ ਪਵੇ !

ਸ਼ਾਰਕ ਕਿਸ਼ਤੀ ਦੇ ਬਿਲਕੁਲ ਮਗਰ ਆ ਗਈ ਅਤੇ ਜਦ ਉਹਨੇ ਮੱਛੀ 'ਤੇ ਹਮਲਾ ਕੀਤਾ ਤਾਂ ਬੁੱਢੇ ਆਦਮੀ ਨੇ ਇਹਦਾ ਖੁੱਲਾ ਹੋਇਆ ਮੂੰਹ, ਅਜੀਬ ਅੱਖਾਂ ਅਤੇ ਦੰਦਾਂ ਵਲੋਂ ਭਰੀ ਬੁਰਕੀ ਦੀ ਕਰਚ-ਕਰਚ ਸੁਣੀ ਜਦ ਉਹਨੇ ਪੂਛ ਦੇ ਉੱਪਰ ਮਾਸ ਦਾ ਲੋਥੜਾ ਭਰਿਆ। ਸ਼ਾਰਕ ਦਾ ਸਿਰ ਪਾਣੀ ਤੋਂ ਬਾਹਰ ਸੀ ਅਤੇ ਪਿੱਠ ਵੀ ਬਾਹਰ ਆ ਰਹੀ ਸੀ। ਬੁੱਢੇ ਆਦਮੀ ਨੇ ਉਹਦੀ ਚਮੜੀ ਅਤੇ ਮਾਸ ਦੀ ਆਵਾਜ਼ ਮੱਛੀ ਉੱਤੇ ਘਸਣ ਦੀ ਆਵਾਜ਼ ਸੁਣੀ। ਜਦ ਉਹਨੇ ਉਹਦੀਆਂ ਅੱਖਾਂ ਅਤੇ ਨੱਕ ਨੂੰ ਜੋੜਦੀ ਪੱਟੀ ਵਿਚਕਾਰ ਸਿਰ 'ਤੇ ਭਾਲਾ ਮਾਰਿਆ। ਉਹਦੇ ਕੋਈ ਜੋੜ ਦੀ ਪੱਟੀ ਨਹੀਂ ਸੀ। ਉਥੇ ਕੇਵਲ ਗੂਹੜਾ ਨੀਲਾ ਸਿਰ ਅਤੇ ਵੱਡੀਆਂ ਅੱਖਾਂ ਸਨ ਅਤੇ ਕਰਚ-ਕਰਚ ਤੇ ਹਾਂਬੜ-ਹਾਂਬੜ ਕਰਦੇ ਸਭ ਕੁਝ ਨਿਗਲਣ ਨੂੰ ਤਿਆਰ ਉਹਦੇ ਜਬਾੜੇ ਸਨ। ਪਰ ਇਹ ਤਾਂ ਦਿਮਾਗ ਦਾ ਖੇਤਰ ਸੀ। ਉਹ ਲਹੂ ਭਿੱਜੇ ਹੱਥਾਂ ਨਾਲ ਘੁਮਾ ਕੇ ਪੂਰੀ ਤਾਕਤ ਨਾਲ ਭਾਲੇ ਦਾ ਹਮਲਾ ਕੀਤਾ। ਬਿਨਾਂ ਆਸ਼ਾ ਦੇ ਉਹਨੇ ਦ੍ਰਿੜਤਾ ਅਤੇ ਪੂਰੀ ਘਾਤਕਤਾ ਨਾਲ ਹਮਲਾ ਕੀਤਾ ਸੀ।

ਸ਼ਾਰਕ ਮੁੜੀ ਅਤੇ ਬੁੱਢੇ ਆਦਮੀ ਨੇ ਦੇਖਿਆ ਕਿ ਉਹਦੀ ਅੱਖ ਜਾਂਦੀ ਰਹੀ ਸੀ। ਉਹ ਫੇਰ ਮੁੜੀ ਅਤੇ ਰੱਸੀ ਦੀਆਂ ਦੋ ਗੰਢਾਂ 'ਚੋਂ ਆਪਣੇ ਆਪ ਨੂੰ ਲਪੇਟਦੇ ਪਾਇਆ। ਬੁੱਢਾ ਆਦਮੀ ਜਾਣਦਾ ਸੀ ਕਿ ਉਹ ਮਰ ਚੁੱਕੀ ਸੀ ਪਰ ਸ਼ਾਰਕ ਸਵੀਕਾਰ ਨਹੀਂ ਕਰ ਰਹੀ ਸੀ। ਤਦ ਪਿੱਠ ਭਾਰ ਆਪਣੀ ਪੂਛ ਹਿਲਾਉਂਦੀ ਅਤੇ ਜਬਾੜੇ ਕਰਚ-ਕਰਚ ਕਰਦੀ ਸਾਰਕ ਸਪੀਡ ਬੋਟ ਵਾਂਗ ਪਾਣੀ 'ਤੇ ਦੌੜ ਪਈ। ਜਿਥੇ ਉਹ ਨੇ ਪੂਛ ਮਾਰੀ ਸੀ ਉਹ ਪਾਣੀ ਸਫੈਦ ਹੋ ਗਿਆ ਸੀ ਅਤੇ ਉਹਦੇ ਸਰੀਰ ਦੇ ਤਿੰਨ ਚੌਥਾਈ ਹਿੱਸਾ ਪਾਣੀ ਦੇ ਉੱਪਰ ਸੀ ਜਿਥੇ ਰੱਸੀ ਸਖਤ ਹੋ ਕੇ ਕੰਬਣ ਲੱਗੀ ਅਤੇ ਫਿਰ ਟੁੱਟ ਗਈ। ਸਤ੍ਹਾ 'ਤੇ ਥੋੜ੍ਹੀ ਉਹ ਸ਼ਾਂਤ ਪਈ ਰਹੀ ਅਤੇ ਬੁੱਢਾ ਆਦਮੀ ਉਹਨੂੰ ਦੇਖਦਾ ਰਿਹਾ। ਫਿਰ ਉਹ ਹੌਲੀ-ਹੌਲੀ ਹੇਠਾਂ ਡੁੱਬ ਗਈ।

''ਉਹ ਚਾਲੀ ਪੌਂਡ ਦੇ ਕਰੀਬ ਖਾ ਗਈ ਹੈ।'' ਬੁੱਢੇ ਆਦਮੀ ਨੇ ਉੱਚੀ ਆਵਾਜ਼ 'ਚ ਕਿਹਾ। ਉਹ ਮੇਰਾ ਭਾਲਾ ਅਤੇ ਸਾਰੀ ਰੱਸੀ ਵੀ ਲੈ ਗਈ—ਉਸ ਨੇ ਸੋਚਿਆ ਅਤੇ ਹੁਣ ਮੇਰੀ ਮੱਛੀ 'ਚੋਂ ਫਿਰ ਖ਼ੂਨ ਨਿਕਲ ਰਿਹਾ ਹੈ ਅਤੇ ਹੋਰ ਸ਼ਾਰਕਾਂ ਆਉਂਦੀਆਂ ਹੀ ਹੋਣਗੀਆਂ।

ਹੁਣ ਉਹ ਮੱਛੀ ਵਲ ਦੇਖਣਾ ਨਹੀਂ ਚਾਹੁੰਦਾ ਸੀ ਕਿਉਂਕਿ ਉਹ ਜ਼ਖਮੀ ਕਰ ਦਿੱਤੀ ਗਈ ਸੀ। ਜਦੋਂ ਮੱਛੀ 'ਤੇ ਹਮਲਾ ਬੋਲਿਆ ਗਿਆ ਤਾਂ ਉਹਨੂੰ ਇੰਝ ਲੱਗਾ ਜਿਵੇਂ ਉਹ ਖ਼ੁਦ ਹਮਲੇ ਦਾ ਸ਼ਿਕਾਰ ਹੋ ਗਿਆ ਹੋਵੇ।

ਪਰ ਮੈਂ ਉਸ ਸ਼ਾਰਕ ਨੂੰ ਮਾਰ ਦਿੱਤਾ ਹੈ ਜਿਸਨੇ ਮੇਰੀ ਮੱਛੀ 'ਤੇ ਹਮਲਾ ਕੀਤਾ—ਉਸ ਨੇ ਸੋਚਿਆ। ਉਹ ਸਭ ਤੋਂ ਵੱਡੀ ਦੈਂਤ ਸੀ ਜਿਹੜੀ ਮੈਂ ਅੱਜ ਤੱਕ ਦੇਖੀ ਹੈ ਤੇ ਰੱਬ ਜਾਣਦਾ ਹੈ ਮੈਂ ਬੜੀ ਵੱਡੀਆਂ-ਵੱਡੀਆਂ ਦੇਖੀਆਂ ਨੇ।

ਇਹ ਇੰਨੀ ਚੰਗੀ ਹੈ ਕਿ ਜ਼ਿਆਦਾ ਦੇਰ ਨਹੀਂ ਕੱਢ ਸਕਦੀ—ਉਹਨੇ ਸੋਚਿਆ। ਹੁਣ ਮੇਰੀ ਇੱਛਾ ਹੈ ਕਿ ਇਹ ਸੁਪਨਾ ਹੀ ਹੁੰਦਾ ਅਤੇ ਮੈਂ ਇਹ ਮੱਛੀ ਕਦੇ ਨਾ ਫੜੀ ਹੁੰਦੀ ਅਤੇ ਆਪਣੇ ਮੰਜੇ 'ਤੇ ਇਕੱਲਾ ਪਿਆ ਅਖ਼ਬਾਰਾਂ ਪੜ੍ਹ ਰਿਹਾ ਹੁੰਦਾ।

''ਪਰ ਮਨੁੱਖ ਹਾਰ ਲਈ ਨਹੀਂ ਬਣਿਆ'' ਉਸ ਨੇ ਕਿਹਾ, 'ਮਨੁੱਖ ਨੂੰ ਬਰਬਾਦ ਕੀਤਾ ਜਾ ਸਕਦਾ ਹੈ ਪਰ ਹਰਾਇਆ ਨਹੀਂ ਜਾ ਸਕਦਾ।'' ਮੈਨੂੰ ਅਫਸੋਸ ਹੈ ਕਿ ਮੈਂ ਮੱਛੀ ਨੂੰ ਮਾਰ ਦਿੱਤਾ—ਉਸ ਨੇ ਸੋਚਿਆ। ਹੁਣ ਬੁਰਾ ਵਕਤ ਆ ਰਿਹਾ ਹੈ ਅਤੇ ਮੇਰੇ ਕੋਲ ਭਾਲਾ ਵੀ ਨਹੀਂ। ਦੈਂਤ ਬੜੀ ਜ਼ਾਲਮ ਸੀ ਅਤੇ ਬੜੀ ਕਾਬਲ, ਤਕੜੀ ਅਤੇ ਸਿਆਣੀ। ਪਰ ਮੈਂ ਉਹਦੇ ਨਾਲੋਂ ਵਧੇਰੇ ਸਿਆਣਾ ਸੀ। ਸ਼ਾਇਦ ਨਹੀਂ—ਉਸ ਨੇ ਸੋਚਿਆ। ਸ਼ਾਇਦ ਮੈਂ ਕੇਵਲ ਵਧੇਰੇ ਸ਼ਸਤਰਬੱਧ ਸਾਂ।

''ਸੋਚ ਨਾ, ਬੁੱਢੇ ਆਦਮੀ !'' ਉਸ ਨੇ ਉੱਚੀ ਆਵਾਜ਼ 'ਚ ਕਿਹਾ—''ਇਸ ਰਸਤੇ 'ਤੇ ਚਲਦਾ ਰਹੁ ਅਤੇ ਮੁਕਾਬਲਾ ਕਰ ਜਦ ਇਹ ਸਾਹਮਣੇ ਆਵੇ।''

ਪਰ ਮੈਨੂੰ ਸੋਚਣਾ ਚਾਹੀਦਾ ਹੈ—ਉਸ ਨੇ ਸੋਚਿਆ, ਕਿਉਂਕਿ ਮੇਰੇ ਕੋਲ ਇਹੀ ਤਾਂ ਬਚਿਆ ਹੈ। ਇਹ ਅਤੇ ਬੇਸਬਾਲ। ਹੈਰਾਨੀ ਹੋਏਗੀ ਕਿ ਮਹਾਨ ਡੀਮੈਗੋਇਓ ਨੇ ਇਸ ਨੂੰ ਕਿਵੇਂ ਪਸੰਦ ਕਰਨਾ ਸੀ ਜਿਵੇਂ ਮੈਂ ਉਹਦੇ ਦਿਮਾਗ 'ਤੇ ਹਮਲਾ ਕੀਤਾ। ਇਹ ਕੋਈ ਵੱਡੀ

ਗੱਲ ਨਹੀਂ ਸੀ—ਉਸ ਨੇ ਸੋਚਿਆ। ਕੋਈ ਵੀ ਬੰਦਾ ਇਹ ਕਰ ਸਕਦਾ ਸੀ। ਪਰ ਕੀ ਤੁਸੀਂ ਸੋਚਦੇ ਹੋ ਕਿ ਮੇਰੇ ਹੱਥ ਵੀ ਮੇਰੀ ਲਈ ਓਨੀ ਹੀ ਵੱਡੀ ਰੁਕਾਵਟ ਸੀ ਜਿੰਨਾ ਕਿ ਹੱਡੀ ਦਾ ਵਧਾਅ ? ਮੈਨੂੰ ਨਹੀਂ ਪਤਾ। ਮੇਰੀ ਅੱਡੀ ਨਾਲ ਕਦੇ ਕੁਝ ਮਾੜਾ ਨਹੀਂ ਵਾਪਰਿਆ ਸਿਵਾਏ ਉਦੋਂ ਜਦ ਇਹਨੂੰ ਕੰਡਿਆਲੀ ਸ਼ਾਰਕ ਨੇ ਕੱਟਿਆ ਸੀ ਜਦ ਮੈਂ ਤੈਰਦੇ ਹੋਏ ਇਹਦੇ 'ਤੇ ਪੈਰ ਰੱਖ ਬੈਠਾ ਸੀ। ਮੇਰੀ ਲੱਤ ਦਾ ਹੇਠਲਾ ਹਿੱਸਾ ਸੁੰਨ ਹੋ ਗਿਆ ਸੀ ਅਤੇ ਅਸਹਿ ਦਰਦ ਹੋਇਆ ਸੀ।

''ਕਿਸੇ ਖੇੜੇ ਬਾਰੇ ਸੋਚ, ਬੁੱਢੇ ਆਦਮੀ !'' ਉਸ ਨੇ ਕਿਹਾ—''ਹਰੇਕ ਮਿੰਟ ਤੂੰ ਘਰ ਦੇ ਨੇੜੇ ਜਾ ਰਿਹਾ ਹੈਂ। ਚਾਲੀ ਪੌਂਡ ਭਾਰ ਘਟਣ ਕਾਰਨ ਤੇਰੀ ਯਾਤਰਾ ਹਲਕੀ ਹੋ ਗਈ ਹੈ।''

ਉਹਨੂੰ ਪਤਾ ਸੀ ਕਿ ਕੀ ਕੁਝ ਵਾਪਰ ਸਕਦਾ ਸੀ ਜਦ ਉਹ ਜਲ-ਪ੍ਰਵਾਹ ਦੇ ਮੱਧ ਵਿਚ ਆਇਆ ਪਰ ਕੀਤਾ ਵੀ ਕੀ ਜਾ ਸਕਦਾ ਸੀ।

''ਹਾਂ, ਇਹੀ ਹੈ ਰਸਤਾ।'' ਉਸਨੇ ਉੱਚੀ ਆਵਾਜ਼ 'ਚ ਕਿਹਾ—''ਮੈਂ ਇਕ ਚੱਪੂ ਦੇ ਮੁੱਠੇ ਨਾਲ ਚਾਕੂ ਬੰਨ੍ਹ ਸਕਦਾ ਹਾਂ।''

ਉਸਨੇ ਬਾਦਬਾਨ ਦਾ ਸਿਰ ਪੈਰ ਹੇਠ ਰੱਖ ਕੇ ਚੱਪੂ ਦੇ ਮੁੱਠੇ ਨਾਲ ਚਾਕੂ ਬੰਨ੍ਹ ਲਿਆ।

''ਹੁਣ'' ਉਸ ਨੇ ਕਿਹਾ, ''ਮੈਂ ਅਜੇ ਵੀ ਇਕ ਬੁੱਢਾ ਆਦਮੀ ਹਾਂ ਪਰ ਸ਼ਸਤਰ ਰਹਿਤ ਨਹੀਂ ਹਾਂ।''

ਹਵਾ ਹੁਣ ਤਾਜ਼ੀ ਸੀ ਅਤੇ ਉਹ ਠੀਕ ਤਰ੍ਹਾਂ ਚਲ ਰਿਹਾ ਸੀ। ਉਸਨੇ ਸਿਰਫ਼ ਮੱਛੀ ਦਾ ਅਗਲਾ ਹਿੱਸਾ ਦੇਖਿਆ ਅਤੇ ਉਹਦੀ ਕੁਝ ਆਸ ਪਰਤ ਆਈ।

''ਬੇਆਸ ਹੋਣਾ ਤਾਂ ਮੂਰਖਤਾ ਹੀ ਹੈ।''—ਉਸਨੇ ਸੋਚਿਆ। ਇਸ ਤੋਂ ਇਲਾਵਾ ਮੇਰਾ ਵਿਸ਼ਵਾਸ ਹੈ ਕਿ ਇਹ ਪਾਪ ਹੈ। ਪਾਪ ਬਾਰੇ ਨਾ ਸੋਚ, ਬੁੱਢੇ ਆਦਮੀ, ਉਸ ਨੇ ਸੋਚਿਆ। ਪਾਪ ਤੋਂ ਬਿਨਾਂ ਵੀ ਸੈਆਂ ਸਮੱਸਿਆਵਾਂ ਹਨ। ਤੇ ਮੈਨੂੰ ਉਹਨਾਂ ਦੀ ਸਮਝ ਵੀ ਨਹੀਂ ਹੈ।

ਮੈਨੂੰ ਇਸ ਦੀ ਕੋਈ ਸਮਝ ਨਹੀਂ ਹੈ ਅਤੇ ਮੈਨੂੰ ਇਹ ਵੀ ਯਕੀਨ ਨਹੀਂ ਕਿ ਮੈਂ ਇਸ 'ਚ ਵਿਸ਼ਵਾਸ ਕਰਦਾ ਹਾਂ। ਸ਼ਾਇਦ ਮੱਛੀ ਨੂੰ ਮਾਰਨਾ ਪਾਪ ਸੀ। ਮੇਰਾ ਖ਼ਿਆਲ ਹੈ ਇਹ ਪਾਪ ਹੀ ਸੀ ਭਾਵੇਂ ਮੈਂ ਆਪਣੇ-ਆਪ ਨੂੰ ਜਿਉਂਦਾ ਰੱਖਣ ਅਤੇ ਕਈ ਬੰਦਿਆਂ ਦੇ ਭੋਜਨ ਵਾਸਤੇ ਅਜਿਹਾ ਕੀਤਾ। ਪਾਪ ਬਾਰੇ ਨਾ ਸੋਚ। ਤਦ ਤਾਂ ਹਰੇਕ ਚੀਜ਼ ਪਾਪ ਹੈ। ਇਸ ਬਾਰੇ ਸੋਚਣ 'ਚ ਬਥੇਰੀ ਦੇਰ ਹੋ ਚੁੱਕੀ ਹੈ। ਪਾਪ ਕਰਨ ਲਈ ਲੋਕ ਸਿੱਟੇ ਵੀ ਭੁਗਤਦੇ ਹੀ ਹਨ। ਉਹਨਾਂ ਨੂੰ ਇਸ ਬਾਰੇ ਸੋਚਣ ਦਿਓ। ਤੂੰ ਮਛੇਰਾ ਬਣਨ ਲਈ ਹੀ ਪੈਦਾ ਹੋਇਆ ਸੀ ਜਿਵੇਂ ਕਿ ਇਹ ਮੱਛੀ ਮੱਛੀ ਬਣਨ ਲਈ ਹੀ ਪੈਦਾ ਹੋਈ ਸੀ। ਸਾਨ ਪੀਡਰੋ ਵੀ ਮਛੇਰਾ ਸੀ ਜਿਵੇਂ ਮਹਾਨ ਡੀਮੋਗੋਇਓ ਦਾ ਬਾਪ।

ਪਰ ਉਹ ਸਾਰੀਆਂ ਗੱਲਾਂ ਬਾਰੇ ਸੋਚਣਾ ਪਸੰਦ ਕਰਦਾ ਸੀ ਜਿਹਨਾਂ 'ਚ ਉਹ ਉਲਝਿਆ ਹੁੰਦਾ ਕਿਉਂਕਿ ਪੜ੍ਹਨ ਲਈ ਕੁਝ ਨਹੀਂ ਸੀ ਅਤੇ ਉਸ ਕੋਲ ਰੇਡੀਓ ਵੀ ਨਹੀਂ। ਉਹ ਬਹੁਤ

ਸੋਚਦਾ ਅਤੇ ਪਾਪ ਬਾਰੇ ਵੀ ਸੋਚਦਾ ਰਿਹਾ। ਉਸਨੇ ਸੋਚਿਆ ਤੂੰ ਸਿਰਫ਼ ਜਿਊਂਦਾ ਰਹਿਣ ਲਈ ਅਤੇ ਭੋਜਨ ਵਜੋਂ ਵੇਚਣ ਲਈ ਹੀ ਮੱਛੀ ਨੂੰ ਮਾਰਿਆ। ਤੂੰ ਉਹਨੂੰ ਆਪਣੇ ਮਾਣ ਵਾਸਤੇ ਮਾਰਿਆ ਅਤੇ ਇਸ ਲਈ ਕਿ ਤੂੰ ਮਛੇਰਾ ਹੈਂ। ਜਦ ਉਹ ਜਿਊਂਦੀ ਸੀ ਤਾਂ ਤੂੰ ਉਹਨੂੰ ਪਿਆਰ ਕਰਦਾ ਸੀ ਅਤੇ ਮਰਨ ਉਪਰੰਤ ਵੀ ਪਿਆਰ ਕਰਦਾ ਹੈਂ। ਜੇ ਤੂੰ ਉਹਨੂੰ ਪਿਆਰ ਕਰਦਾ ਹੈ ਤਾਂ ਉਹਨੂੰ ਮਾਰਨਾ ਕੋਈ ਪਾਪ ਨਹੀਂ ਹੈ ਜਾਂ ਇਸ ਤੋਂ ਵੱਧ ਕੀ ਸੀ ?

''ਤੂੰ ਬਹੁਤ ਸੋਚਦਾ ਏਂ, ਬੁੱਢੇ ਆਦਮੀ।'' ਉਸ ਨੇ ਉੱਚੀ ਆਵਾਜ਼, 'ਚ ਕਿਹਾ।

ਪਰ ਤੈਨੂੰ ਉਸ ਦੈਂਤਣੀ ਨੂੰ ਮਾਰਦਿਆਂ ਬਹੁਤ ਮਜ਼ਾ ਆਇਆ—ਉਸ ਨੇ ਸੋਚਿਆ। ਉਹ ਜਿਊਂਦੀਆਂ ਮੱਛੀਆਂ 'ਤੇ ਨਿਰਭਰ ਹੈ ਜਿਵੇਂ ਕਿ ਤੂੰ। ਉਹ ਕੋਈ ਮੁਰਦਾਰ ਖੋਰ ਨਹੀਂ ਨਾ ਹੀ ਸ਼ਾਰਕਾਂ ਵਾਂਗ ਇਧਰ-ਉਧਰ ਘੁੰਮਦੀ ਪੇਟੂ ਹੈ। ਉਹ ਖ਼ੂਬਸੂਰਤ ਹੈ, ਨੇਕ ਹੈ ਅਤੇ ਉਹਨੂੰ ਕਿਸੇ ਕਿਸਮ ਦਾ ਖ਼ੌਫ਼ ਨਹੀਂ ਹੈ।

''ਮੈਂ ਉਹਨੂੰ ਆਤਮ-ਰੱਖਿਆ ਲਈ ਮਾਰਿਆ ਹੈ।'' ਬੁੱਢੇ ਆਦਮੀ ਨੇ ਉੱਚੀ ਆਵਾਜ਼ 'ਚ ਕਿਹਾ ''ਤੇ ਮੈਂ ਉਹਨੂੰ ਚੰਗੀ ਤਰ੍ਹਾਂ ਮਾਰਿਆ ਹੈ।''

ਉਸਨੇ ਸੋਚਿਆ, ਇਸ ਤੋਂ ਇਲਾਵਾ ਹਰੇਕ ਚੀਜ਼ ਦੂਜੀ ਚੀਜ਼ ਨੂੰ ਕਿਸੇ-ਨਾ-ਕਿਸੇ ਤਰ੍ਹਾਂ ਮਾਰਦੀ ਹੀ ਹੈ। ਮੱਛੀਆਂ ਫੜਨਾ ਜਿਵੇਂ ਮੈਨੂੰ ਜਿਊਂਦਾ ਰੱਖਦਾ ਹੈ ਉਵੇਂ ਹੀ ਮਾਰਦਾ ਵੀ ਹੈ। ਇਹ ਤਾਂ ਮੁੰਡਾ ਹੀ ਹੈ ਜਿਹੜਾ ਮੈਨੂੰ ਜਿਊਂਦਾ ਰੱਖਦਾ ਹੈ—ਉਸਨੇ ਸੋਚਿਆ। ਮੈਨੂੰ ਆਪਣੇ ਆਪ ਨੂੰ ਇੰਨਾ ਜ਼ਿਆਦਾ ਧੋਖਾ ਨਹੀਂ ਦੇਣਾ ਚਾਹੀਦਾ।

ਉਹ ਪਾਸੇ ਤੋਂ ਉਲਰਿਆ ਅਤੇ ਮੱਛੀ ਦੇ ਉਸ ਥਾਂ ਤੋਂ ਮਾਸ ਦਾ ਇਕ ਲੋਥੜਾ ਖਿੱਚਿਆ ਜਿਥੇ ਸ਼ਾਰਕ ਨੇ ਹਮਲਾ ਕੀਤਾ ਸੀ। ਉਹਨੇ ਇਸ ਨੂੰ ਚਿੱਥਿਆ ਅਤੇ ਇਸ ਦੀ ਕੁਆਲਟੀ ਅਤੇ ਚੰਗੇ ਸੁਆਦ ਦਾ ਅਹਿਸਾਸ ਕੀਤਾ। ਇਹ ਮਾਸ ਵਾਂਗ ਸਖ਼ਤ ਅਤੇ ਰਸਦਾਰ ਸੀ ਪਰ ਲਾਲ ਨਹੀਂ ਸੀ। ਇਸ ਵਿਚ ਕੰਡਿਆਂ ਦਾ ਨਾਂ ਨਿਸ਼ਾਨ ਨਹੀਂ ਸੀ ਅਤੇ ਉਹਨੂੰ ਪਤਾ ਸੀ ਕਿ ਇਸ ਦੀ ਕੀਮਤ ਮਾਰਕੀਟ ਵਿਚ ਸਭ ਤੋਂ ਵੱਧ ਪਵੇਗੀ। ਪਰ ਇਹ ਇਹਦੀ ਗੰਧ ਪਾਣੀ 'ਚ ਫੈਲਣ ਤੋਂ ਰੋਕਣ ਦਾ ਕੋਈ ਸਾਧਨ ਨਹੀਂ ਸੀ ਅਤੇ ਬੁੱਢਾ ਆਦਮੀ ਜਾਣਦਾ ਸੀ ਕਿ ਬੁਰਾ ਵਕਤ ਉਹਦੇ ਸਿਰ 'ਤੇ ਹੈ।

ਹਵਾ ਇਕਸਾਰ ਚੱਲ ਰਹੀ ਸੀ। ਉਹ ਉੱਤਰ-ਪੂਰਬ ਦਿਸ਼ਾ ਵਲ ਥੋੜ੍ਹਾ ਜਿਹਾ ਸਰਕ ਗਈ ਸੀ ਅਤੇ ਉਹਨੂੰ ਪਤਾ ਸੀ ਕਿ ਇਹ ਰੁਕੇਗੀ ਨਹੀਂ। ਬੁੱਢੇ ਆਦਮੀ ਨੇ ਅਗਾਂਹ ਨਜ਼ਰ ਮਾਰੀ ਪਰ ਉਹ ਕੋਈ ਬਾਦਬਾਨ ਨਾ ਦੇਖ ਸਕਿਆ। ਨਾ ਹੀ ਕੋਈ ਜਹਾਜ਼ ਜਾਂ ਕਿਸੇ ਜਹਾਜ਼ ਦਾ ਧੂੰਆਂ ਦਿੱਸਿਆ। ਕੇਵਲ ਉੱਡਣਾ ਮੱਛੀਆਂ ਸੀ, ਜੋ ਤਖ਼ਤੇ ਤੋਂ ਇਧਰ-ਉਧਰ ਉਛਲ ਰਹੀਆਂ ਸਨ ਜਾਂ ਫਿਰ ਖਾੜੀ ਨਦੀਨ ਦੇ ਪੀਲੇ ਧੱਬੇ। ਉਹਨੂੰ ਕੋਈ ਪੰਛੀ ਤਕ ਵੀ ਨਾ ਦਿੱਸਿਆ।

ਪਿਛਾੜੀ ਦੇਅ ਲਾਈ ਆਰਾਮ ਕਰਕੇ ਅਤੇ ਕਦੇ ਕਦੇ ਮਾਰਲਿਨ ਦੇ ਮਾਸ ਦਾ ਟੁਕੜਾ ਚਿੱਥਦੇ ਉਸਨੂੰ ਕਿਸ਼ਤੀ ਖਿੱਚਦੇ ਨੂੰ ਦੋ ਘੰਟੇ ਹੋ ਗਏ ਸਨ। ਉਹ ਆਰਾਮ ਕਰਨ ਅਤੇ

ਸ਼ਕਤੀ ਇਕੱਠੀ ਕਰਨ ਦੇ ਆਹਰ ਵਿਚ ਸੀ ਜਦ ਉਹਨੂੰ ਦੋ ਸ਼ਾਰਕਾਂ 'ਚੋਂ ਪਹਿਲੀ ਦਿੱਸੀ। "ਹੇ !" ਉਸ ਨੇ ਉੱਚੀ ਆਵਾਜ਼ 'ਚ ਕਿਹਾ। ਇਸ ਸ਼ਬਦ ਦਾ ਕੋਈ ਉੱਲਥਾ ਨਹੀਂ ਹੋ ਸਕਦਾ ਸੀ ਅਤੇ ਸ਼ਾਇਦ ਇਹ ਉਹ ਆਵਾਜ਼ ਸੀ ਜਿਹੜੀ ਕਿਸੇ ਬੰਦੇ ਦੇ ਮੂੰਹੋਂ ਹੱਥ ਵਿਚ ਕਿੱਲ ਚੁੱਭਣ 'ਤੇ ਆਪਣੇ ਆਪ ਨਿਕਲਦੀ ਸੀ।

"ਗੈਲਨੋਜ਼ !" ਉਸ ਨੇ ਉੱਚੀ ਆਵਾਜ਼ 'ਚ ਕਿਹਾ। ਉਸ ਨੇ ਪਹਿਲੀ ਦੇ ਮਗਰ ਹੀ ਦੂਜੀ ਸ਼ਾਰਕ ਦਾ ਗਲਫੜਾ ਦੇਖ ਲਿਆ ਸੀ ਅਤੇ ਉਹਨਾਂ ਦੇ ਭੂਰੇ ਤਿਕੋਣੇ ਗਲਫੜਿਆਂ ਅਤੇ ਪੂਛਾਂ ਦੀ ਲਹਿਰਾਉਂਦੀ ਹਰਕਤ ਬੇਲਚੇ-ਮੂੰਹੀਆਂ ਸ਼ਾਰਕਾਂ ਵਜੋਂ ਪਹਿਚਾਣ ਕੀਤੀ ਸੀ। ਉਹਨੂੰ ਗੰਧ ਪਹੁੰਚ ਚੁੱਕੀ ਸੀ ਅਤੇ ਬੜੀਆਂ ਉਤੇਜਿਤ ਸਨ ਅਤੇ ਆਪ ਵੀ ਹਾਬੜੇਪਣ ਦੀ ਮੂਰਖਤਾ 'ਚ ਉਤੇਜਿਤ ਹੋ ਕੇ ਗੰਧ ਗਵਾ ਲੈਂਦੀਆਂ ਅਤੇ ਫਿਰ ਲੱਭਦੀਆਂ ਪਰ ਸਾਰਾ ਸਮਾਂ ਉਹ ਨੇੜੇ ਹੀ ਨੇੜੇ ਢੁੱਕ ਰਹੀਆਂ ਸਨ।

ਬੁੱਢੇ ਆਦਮੀ ਨੇ ਬਾਦਬਾਨ ਨੂੰ ਕੱਸਿਆ ਅਤੇ ਚੱਪੂ ਜਾਮ ਕਰ ਦਿੱਤਾ। ਤਦ ਉਹਨੇ ਚਾਕੂ ਵਾਲੇ ਚੱਪੂ ਨੂੰ ਚੁੱਕਿਆ। ਉਸ ਨੇ ਇਸ ਨੂੰ ਬਹੁਤ ਹਲਕੇ ਢੰਗ ਨਾਲ ਚੁੱਕਿਆ ਕਿਉਂਕਿ ਉਸ ਦੇ ਹੱਥ ਦਰਦ ਸਹਿਣ ਤੋਂ ਤੌਬਾ ਕਰ ਰਹੇ ਸਨ। ਤਦ ਉਹਨੇ ਇਹਨਾਂ ਨੂੰ ਹਲਕੇ ਜਿਹੇ ਖੋਲ੍ਹਿਆ ਅਤੇ ਫੇਰ ਬੰਦ ਕਰ ਦਿੱਤਾ ਤਾਂ ਜੋ ਇਹ ਢਿੱਲੇ ਪੈ ਸਕਣ। ਉਸ ਨੇ ਇਹਨਾਂ ਨੂੰ ਚੰਗੀ ਤਰ੍ਹਾਂ ਬੰਦ ਕਰ ਦਿੱਤਾ ਤਾਂ ਜੋ ਉਹ ਦਰਦ ਸਹਿ ਸਕਣ ਅਤੇ ਝੁਕਣ ਨਾ। ਉਹ ਸ਼ਾਰਕਾਂ ਨੂੰ ਆਉਂਦੇ ਦੇਖਦਾ ਰਿਹਾ। ਉਹ ਸ਼ਾਰਕਾਂ ਦੇ ਚੌੜੇ ਫੁੱਲੇ ਹੋਏ ਅਤੇ ਬੇਲਚੇਦਾਰ ਸਿਰ ਅਤੇ ਸਫੈਦ-ਮੋੜ ਵਾਲੇ ਚੌੜੇ ਗਲਫੜੇ ਦੇਖ ਸਕਦਾ ਸੀ। ਉਹ ਨਫ਼ਰਤਯੋਗ ਸ਼ਾਰਕ ਸਨ–ਭੈੜੀ ਗੰਧ ਵਾਲੀ ਮੁਰਦਾਰ ਖੋਰ ਅਤੇ ਕਾਤਲ। ਜਦ ਉਹ ਭੁੱਖੀਆਂ ਹੁੰਦੀਆਂ ਤਾਂ ਕਿਸੇ ਚੱਪੂ ਜਾਂ ਕਿਸ਼ਤੀ ਦੇ ਪਤਵਾਰ ਨੂੰ ਵੱਢ ਸੁੱਟਦੀਆਂ। ਇਹ ਉਹੀ ਸ਼ਾਰਕ ਸਨ ਜੋ ਕੱਛੂਕੁੰਮਿਆਂ ਦੀਆਂ ਲੱਤਾਂ ਅਤੇ ਖੰਭੜੇ ਕੱਟ ਸੁੱਟਦੀਆਂ ਜਦ ਉਹ ਸਤ੍ਹਾ ਉੱਤੇ ਸੁੱਤੇ ਪਏ ਹੁੰਦੇ। ਜੇ ਉਹ ਭੁੱਖੀਆਂ ਹੁੰਦੀਆਂ ਤਾਂ ਪਾਣੀ 'ਚ ਮਨੁੱਖ 'ਤੇ ਵੀ ਹਮਲਾ ਕਰ ਦਿੰਦੀਆਂ ਭਾਵੇਂ ਉਸ 'ਚੋਂ ਮੱਛੀ ਦੇ ਖ਼ੂਨ ਜਾਂ ਮਾਸ ਦੀ ਗੰਧ ਨਾ ਵੀ ਆਉਂਦੀ।

'ਹੇ !' ਬੁੱਢੇ ਆਦਮੀ ਨੇ ਕਿਹਾ "ਗਲਾਨੋਜ਼, ਆ ਜਾਓ ਗਲਾਨੋਜ਼ !" ਉਹ ਆ ਗਈਆਂ ਪਰ ਉਵੇਂ ਨਹੀਂ ਆਈਆਂ ਜਿਵੇਂ ਮੈਕੋ ਆਈ ਸੀ। ਇਕ ਮੁੜੀ ਅਤੇ ਕਿਸ਼ਤੀ ਦੇ ਥੱਲੇ ਚਲੀ ਗਈ। ਬੁੱਢਾ ਆਦਮੀ ਕਿਸ਼ਤੀ ਹਿਲ ਰਹੀ ਮਹਿਸੂਸ ਕਰ ਸਕਦਾ ਸੀ ਜਦ ਉਹਨੇ ਝਟਕਾ ਮਾਰਿਆ ਅਤੇ ਕਿਸ਼ਤੀ ਨੂੰ ਖਿੱਚਿਆ, ਦੂਜੀ ਆਪਣੀਆਂ ਪੀਲੀਆਂ ਅੱਖਾਂ ਨਾਲ ਦੇਖਦੀ ਰਹੀ ਅਤੇ ਫਿਰ ਆਪਣੇ ਜਬਾੜਿਆਂ ਦਾ ਪਾੜ ਅੱਧਾ ਖੋਲ੍ਹ ਕੇ ਮੱਛੀ 'ਤੇ ਹਮਲਾ ਕਰਨ ਆ ਪਈ ਜਿਥੇ ਇਸਨੂੰ ਪਹਿਲੇ ਕੱਟਿਆ ਗਿਆ ਸੀ। ਉਸਦੇ ਭੂਰੇ ਸਿਰ ਅਤੇ ਪਿੱਠ ਦੇ ਉੱਪਰ ਇਕ ਪੱਟੀ ਸਪੱਸ਼ਟ ਦਿਸ ਰਹੀ ਸੀ ਜਿਥੇ ਦਿਮਾਗ਼ ਰੀੜ੍ਹ ਦੀ ਹੱਡੀ ਨਾਲ ਜੁੜਿਆ ਹੋਇਆ ਸੀ। ਬੁੱਢੇ ਆਦਮੀ ਨੇ ਇਸਦੇ ਕੇਂਦਰ 'ਚ ਚੱਪੂ ਨਾਲ ਲੱਗਿਆ ਚਾਕੂ ਮਾਰਿਆ, ਬਾਹਰ ਕੱਢਿਆ ਅਤੇ ਫੇਰ ਸ਼ਾਰਕ ਦੀਆਂ ਪੀਲੀਆਂ, ਬਿੱਲੀ ਵਰਗੀਆਂ ਅੱਖਾਂ

'ਚ ਦੇ ਮਾਰਿਆ। ਸ਼ਾਰਕ ਨੇ ਜੋ ਕੱਟਿਆ ਸੀ, ਨੂੰ ਨਿਗਲਦੀ ਹੋਈ ਨੇ ਮੱਛੀ ਨੂੰ ਛੱਡ ਕੇ ਪਲਸੇਟਾ ਮਾਰਿਆ ਅਤੇ ਮਰ ਗਈ।

ਦੂਜੀ ਸ਼ਾਰਕ ਵਲੋਂ ਮੱਛੀ ਦੀ ਕੀਤੀ ਜਾ ਰਹੀ ਬਰਬਾਦੀ ਕਾਰਨ ਕਿਸ਼ਤੀ ਅਜੇ ਵੀ ਹਿੱਲ ਰਹੀ ਸੀ। ਬੁੱਢੇ ਆਦਮੀ ਨੇ ਬਾਦਬਾਨ ਦੇ ਪਟੜੇ ਨੂੰ ਕਿਸ਼ਤੀ 'ਚ ਲਿਟਾ ਦਿੱਤਾ ਤਾਂ ਜੋ ਕਿਸ਼ਤੀ ਖੁਲ੍ਹੇ ਦਾਅ ਆ ਜਾਵੇ ਅਤੇ ਸ਼ਾਰਕ ਕਿਸ਼ਤੀ ਥੱਲਿਓਂ ਬਾਹਰ ਆ ਪਵੇ। ਜਦ ਉਹਨੇ ਸ਼ਾਰਕ ਨੂੰ ਦੇਖਿਆ ਤਾਂ ਉਹ ਪਾਸੇ 'ਤੇ ਝੁਕਿਆ ਅਤੇ ਉਸ 'ਤੇ ਹਮਲਾ ਕਰ ਦਿੱਤਾ। ਉਸਨੇ ਕੇਵਲ ਉਹਦੇ ਮਾਸ 'ਤੇ ਹਮਲਾ ਕੀਤਾ ਅਤੇ ਚਾਕੂ ਸਖ਼ਤੀ ਨਾਲ ਟਕਰਾਇਆ ਅਤੇ ਉਹ ਮੁਸ਼ਕਲ ਨਾਲ ਹੀ ਚਾਕੂ ਨੂੰ ਅੰਦਰ ਲਿਜਾ ਸਕਿਆ। ਹਮਲੇ ਨੇ ਉਸਦੇ ਹੱਥਾਂ ਨੂੰ ਹੀ ਨਹੀਂ ਸਗੋਂ ਮੋਢਿਆਂ ਨੂੰ ਹੀ ਜ਼ਖਮੀ ਕਰ ਦਿੱਤਾ ਪਰ ਸ਼ਾਰਕ ਸਿਰ ਬਾਹਰ ਕੱਢੀ ਮੁੜ ਆ ਗਈ ਅਤੇ ਜਿਵੇਂ ਹੀ ਉਸਦਾ ਨੱਕ ਪਾਣੀ 'ਚੋਂ ਬਾਹਰ ਆਇਆ ਤਾਂ ਉਸ ਨੇ ਉਸ ਦੇ ਚਪਟੇ ਸਿਰ ਦੇ ਵਿਚਕਾਰ ਜ਼ੋਰ ਨਾਲ ਹਮਲਾ ਕੀਤਾ। ਬੁੱਢੇ ਨੇ ਚਾਕੂ ਦਾ ਬਲੇਡ ਕੱਢ ਦਿੱਤਾ ਅਤੇ ਉਸੇ ਥਾਂ 'ਤੇ ਫਿਰ ਹਮਲਾ ਕੀਤਾ। ਉਹ ਅਜੇ ਵੀ ਆਪਣੇ ਜਬਾੜੇ ਮੱਛੀ ਤੇ ਪੀਚ ਕੇ ਲਟਕ ਰਹੀ ਸੀ ਅਤੇ ਬੁੱਢੇ ਨੇ ਉਹਦੀ ਖੱਬੀ ਅੱਖ ਵਿਚ ਚਾਕੂ ਦੇ ਮਾਰਿਆ। ਸ਼ਾਰਕ ਅਜੇ ਵੀ ਚੰਬੜੀ ਰਹੀ।

"ਨਹੀਂ ?" ਬੁੱਢੇ ਆਦਮੀ ਨੇ ਕਿਹਾ ਅਤੇ ਬਲੇਡ ਨੂੰ ਰੀੜ੍ਹ ਦੀ ਹੱਡੀ ਅਤੇ ਦਿਮਾਗ ਵਿਚਕਾਰ ਦੇ ਮਾਰਿਆ। ਇਹ ਇਕ ਅਸਾਨ ਹਮਲਾ ਸੀ ਅਤੇ ਉਸ ਨੇ ਹੱਡੀ ਦੀ ਭੁਰਭਰਾਹਟ ਨੂੰ ਮਹਿਸੂਸ ਕੀਤਾ। ਬੁੱਢੇ ਨੇ ਚੱਪੂ ਪੁੱਠਾ ਕੀਤਾ ਅਤੇ ਸ਼ਾਰਕ ਦੇ ਜਬਾੜਿਆਂ 'ਚ ਬਲੇਡ ਮਾਰ ਕੇ ਇਹਨੂੰ ਖੋਲ੍ਹ ਦਿੱਤਾ। ਉਹ ਨੇ ਠੋਕਰ ਮਾਰੀ ਅਤੇ ਜਿਵੇਂ ਹੀ ਸ਼ਾਰਕ ਨੇ ਪੰਜਾ ਢਿੱਲਾ ਕੀਤਾ ਤਾਂ ਉਸ ਨੇ ਕਿਹਾ "ਜਾਂਦੀ ਰਹਿ ਗਲਾਨੋ ਇਕ ਮੀਲ ਡੂੰਘਾ ਚਲੀ ਜਾਹ। ਜਾਹ ਅਤੇ ਆਪਣੀ ਦੋਸਤ ਜਾਂ ਆਪਣੀ ਮਾਂ ਨੂੰ ਦੇਖ !"

ਬੁੱਢੇ ਆਦਮੀ ਨੇ ਚਾਕੂ ਦੀ ਧਾਰ ਸਾਫ਼ ਕੀਤੀ ਅਤੇ ਚੱਪੂ ਥੱਲੇ ਰੱਖ ਦਿੱਤਾ। ਤਦ ਉਹ ਨੇ ਪਟੜਾ ਲੱਭਿਆ, ਬਾਦਬਾਨ ਠੀਕ ਕੀਤਾ ਅਤੇ ਕਿਸ਼ਤੀ ਨੂੰ ਆਪਣੇ ਰਾਹ 'ਤੇ ਪਾ ਦਿੱਤਾ।

"ਉਹ ਇਹਦਾ ਚੌਥਾ ਹਿੱਸਾ ਲੈ ਗਈਆਂ ਹੋਣਗੀਆਂ ਅਤੇ ਇਹ ਹੈ ਵੀ ਬਿਹਤਰੀਨ ਮਾਸ ਸੀ।" ਉਸ ਨੇ ਉੱਚੀ ਆਵਾਜ਼ 'ਚ ਕਿਹਾ। "ਕਾਸ਼ ਇਹ ਸੁਪਨਾ ਹੁੰਦਾ ਅਤੇ ਮੈਂ ਇਹਨੂੰ ਕਦੀ ਕੁੰਡੀ ਨਾ ਪਾਈ ਹੁੰਦੀ। ਮੱਛਲੀਏ ਮੈਨੂੰ ਇਹਦਾ ਅਫ਼ਸੋਸ ਹੈ। ਇਸ ਗੱਲ ਨੇ ਸਾਰੀ ਪੱਟੀਮੇਸ ਕਰ ਦਿੱਤੀ ਹੈ।" ਉਹ ਰੁਕਿਆ। ਹੁਣ ਉਸਨੂੰ ਮੱਛੀ ਵਲ ਨਹੀਂ ਦੇਖਣਾ ਚਾਹੀਦਾ। ਲਹੂ ਦੀ ਧਾਰਾ ਨਾਲ ਵਹਿ ਰਹੇ ਉਸਨੇ ਸ਼ੀਸ਼ੇ ਚਾਂਦੀ ਰੰਗੇ ਥੱਲੇ ਦੇ ਰੰਗ ਵਲ ਦੇਖਿਆ। ਉਹਦੀਆਂ ਧਾਰੀਆਂ ਅਜੇ ਵੀ ਦਿਸ ਰਹੀਆਂ ਸਨ।

"ਮੱਛਲੀਏ, ਮੈਨੂੰ ਇੰਨਾ ਦੂਰ ਨਹੀਂ ਜਾਣਾ ਚਾਹੀਦਾ ਸੀ !" ਉਸ ਨੇ ਕਿਹਾ–"ਨਾ ਤੇਰੇ ਲਈ ਅਤੇ ਨਾ ਆਪਣੇ ਖੁਦ ਲਈ, ਮੈਨੂੰ ਬਹੁਤ ਅਫ਼ਸੋਸ ਹੈ ਮੱਛਲੀਏ !"

ਹੁਣ, ਉਸ ਨੇ ਆਪਣੇ ਆਪ ਨੂੰ ਕਿਹਾ। ਚਾਕੂ ਦੀ ਰੱਸੀ ਵਲ ਦੇਖ ਕੇ ਨਜ਼ਰ ਮਾਰ ਕਿ ਕੀ ਇਹ ਕੱਟਿਆ ਗਿਆ ਹੈ। ਹੁਣ ਆਪਣਾ ਹੱਥ ਠੀਕ ਕਰ ਕਿਉਂਕਿ ਅਜੇ ਹੋਰ ਸ਼ਾਰਕਾਂ ਆ ਸਕਦੀਆਂ ਨੇ।

'ਕਾਸ਼ ਚਾਕੂ ਦੀ ਥਾਂ ਮੇਰੇ ਕੋਲ ਪੱਥਰ ਹੁੰਦਾ !' ਚੱਪੂ ਨਾਲ ਜੁੜੇ ਰੱਸੇ ਨੂੰ ਚੈੱਕ ਕਰਨ ਉਪਰੰਤ ਉਸ ਨੇ ਕਿਹਾ—'ਮੈਨੂੰ ਇਕ ਪੱਥਰ ਲਿਆਉਣਾ ਚਾਹੀਦਾ ਸੀ। ਤੈਨੂੰ ਹੋਰ ਕਈ ਚੀਜ਼ਾਂ ਲਿਆਉਣੀਆਂ ਚਾਹੀਦੀਆਂ ਸਨ—ਉਸ ਨੇ ਸੋਚਿਆ। ਪਰ ਤੂੰ ਲੈ ਕੇ ਨਹੀਂ ਆਇਆ ਬੁੱਢੇ ਆਦਮੀ। ਹੁਣ ਇਸ ਬਾਰੇ ਸੋਚਣ ਦਾ ਕੋਈ ਲਾਭ ਨਹੀਂ ਜੋ ਤੇਰੇ ਕੋਲ ਹੈ ਨਹੀਂ। ਉਸ ਬਾਰੇ ਸੋਚ ਜੋ ਤੇਰੇ ਕੋਲ ਹੈ—ਜਿਸ ਨਾਲ ਤੂੰ ਕੁਝ ਕਰ ਸਕਦਾ ਏਂ।'

''ਤੂੰ ਮੈਨੂੰ ਬੜੀ ਵਧੀਆ ਸਲਾਹ ਦੇ ਰਿਹਾ ਏਂ।'' ਉਸ ਨੇ ਉੱਚੀ ਆਵਾਜ਼ 'ਚ ਕਿਹਾ। ''ਮੈਂ ਇਸ ਤੋਂ ਅੱਕ ਚੁੱਕਾ ਹਾਂ।''

ਉਸ ਨੇ ਚੱਪੂ ਕੱਛ ਹੇਠ ਦੇ ਲਿਆ ਅਤੇ ਆਪਣੇ ਦੋਵੇਂ ਹੱਥ ਪਾਣੀ 'ਚ ਡੋਬ ਲਏ ਜਦ ਕਿਸ਼ਤੀ ਅਗਾਂਹ ਨੂੰ ਵਧੀ।

''ਰੱਬ ਹੀ ਜਾਣਦਾ ਏ ਆਖ਼ਰੀ ਸ਼ਾਰਕ ਕਿੰਨਾ ਵੱਢ ਖਾ ਗਈ ਹੈ।'', ਉਸ ਨੇ ਕਿਹਾ, ''ਪਰ ਹੁਣ ਇਹ ਬਹੁਤ ਹੌਲੀ ਹੈ।'' ਉਹ ਮੱਛੀ ਦੇ ਹੇਠਲੇ ਖੰਡਿਤ ਹਿੱਸੇ ਬਾਰੇ ਸੋਚਣਾ ਨਹੀਂ ਚਾਹੁੰਦਾ ਸੀ। ਉਹ ਜਾਣਦਾ ਸੀ ਕਿ ਸ਼ਾਰਕ ਦੇ ਹਰੇਕ ਝਟਕੇ ਨਾਲ ਮਾਸ ਕੱਟਿਆ ਗਿਆ ਸੀ ਅਤੇ ਮੱਛੀ ਨੇ ਸਮੁੰਦਰ 'ਚ ਵੱਡੇ ਰਸਤੇ ਜਿੱਡੀ ਧਾਰ ਸਾਰੀਆਂ ਸ਼ਾਰਕਾਂ ਲਈ ਛੱਡ ਦਿੱਤੀ ਸੀ।

ਉਸ ਨੇ ਸੋਚਿਆ ਇਹ ਮੱਛੀ ਇਕ ਬੰਦੇ ਨੂੰ ਸਾਰਾ ਸਿਆਲ ਜਿਉਂਦਾ ਰੱਖ ਸਕਦੀ ਹੈ। ਇਸ ਬਾਰੇ ਨਾ ਸੋਚ। ਬੱਸ ਆਰਾਮ ਕਰ ਅਤੇ ਆਪਣੇ ਹੱਥਾਂ ਨੂੰ ਠੀਕ ਰੱਖਣ ਦਾ ਯਤਨ ਕਰ ਤਾਂ ਜੋ ਬਚੇ ਹੋਏ ਹਿੱਸੇ ਦੀ ਰੱਖਿਆ ਕੀਤੀ ਜਾ ਸਕੇ। ਪਾਣੀ 'ਚ ਫੈਲੀ ਸਾਰੀ ਗੰਧ ਦੇ ਮੁਕਾਬਲੇ ਮੇਰੇ ਹੱਥਾਂ 'ਚੋਂ ਆਉਂਦੀ ਖ਼ੂਨ ਦੀ ਗੰਧ ਦਾ ਕੋਈ ਅਰਥ ਨਹੀਂ। ਇਸ ਤੋਂ ਇਲਾਵਾ, ਇਨ੍ਹਾਂ 'ਚੋਂ ਜ਼ਿਆਦਾ ਖ਼ੂਨ ਨਹੀਂ ਵਹਿ ਰਿਹਾ। ਹੁਣ ਕੋਈ ਜ਼ਖ਼ਮ ਕੋਈ ਮਤਲਬ ਨਹੀਂ ਰੱਖ਼ਦਾ। ਖ਼ੂਨ ਦਾ ਵਹਾਓ ਤਾਂ ਖੱਬੇ ਹੱਥ ਨੂੰ ਆਕੜਨ ਤੋਂ ਬਚਾ ਸਕਦਾ ਹੈ।

''ਹੁਣ ਮੈਂ ਕਿਸ ਬਾਰੇ ਸੋਚ ਸਕਦਾ ਹਾਂ ?'' ਉਸ ਨੇ ਸੋਚਿਆ। ਕੁਝ ਵੀ ਨਹੀਂ। ਮੈਨੂੰ ਕਿਸੇ ਚੀਜ਼ ਬਾਰੇ ਨਹੀਂ ਸੋਚਣਾ ਚਾਹੀਦਾ ਅਤੇ ਅਗਲੀਆਂ ਸ਼ਾਰਕਾਂ ਦੀ ਉਡੀਕ ਕਰਨੀ ਚਾਹੀਦੀ ਹੈ। ਕਾਸ਼ ਇਹ ਸੱਚੀਮੁਚੀ ਵਿਚ ਸੁਫਨਾ ਹੀ ਹੁੰਦਾ, ਉਸ ਨੇ ਸੋਚਿਆ। ਪਰ ਕੌਣ ਜਾਣਦਾ ਹੈ ? ਇਸ ਦਾ ਨਤੀਜਾ ਠੀਕ ਵੀ ਨਿਕਲ ਸਕਦਾ ਹੈ।

ਅਗਲੀ ਸ਼ਾਰਕ ਇਕ ਹਰੇ ਬੇਲਚਾਕਾਰ ਨੱਕ ਵਾਲੀ ਸੀ। ਉਹ ਕਿਸੇ ਹੌਜ਼ 'ਚ ਆਏ ਸੂਰ ਵਾਂਗ ਇੰਝ ਆਈ ਜਿਵੇਂ ਸੂਰ ਦਾ ਮੂੰਹ ਇੰਨਾ ਚੌੜਾ ਹੋਵੇ ਕਿ ਤੁਸੀਂ ਆਪਣਾ ਸਿਰ ਉਹਦੇ 'ਚ ਦੇ ਸਕੋ। ਬੁੱਢੇ ਆਦਮੀ ਨੇ ਉਸ ਨੂੰ ਮੱਛੀ 'ਤੇ ਹਮਲਾ ਕਰਨ ਦਿੱਤਾ ਅਤੇ ਤਦ ਚੱਪੂ ਤੇ ਲੱਗੇ ਚਾਕੂ ਨੂੰ ਉਹਦੇ ਦਿਮਾਗ 'ਤੇ ਮਾਰਿਆ। ਪਰ ਸ਼ਾਰਕ ਮੁੜਦੀ ਹੋਈ ਪਿਛਾਂਹ ਨੂੰ ਝਟਕਾ ਮਾਰ ਗਈ ਅਤੇ ਚਾਕੂ ਦਾ ਬਲੇਡ ਟੁੱਟ ਗਿਆ।

ਬੁੱਢੇ ਆਦਮੀ ਨੇ ਕਿਸ਼ਤੀ ਚਲਾਉਣ ਲਈ ਆਪਣੇ ਆਪ ਨੂੰ ਤਿਆਰ ਕੀਤਾ। ਉਸ ਨੇ ਵੱਡੀ ਸ਼ਾਰਕ ਨੂੰ ਪਾਣੀ 'ਚ ਆਪਣੇ ਆਦਮਕੱਦ ਸਰੀਰ ਨੂੰ ਹੌਲੀ-ਹੌਲੀ ਡੋਬਦੇ ਹੋਏ ਅਤੇ ਛੋਟੇ ਜਿਹੇ ਅਕਾਰ 'ਚ ਸਿਮਟਦੇ ਹੋਏ ਵੀ ਨਾ ਦੇਖਿਆ। ਇਹ ਦ੍ਰਿਸ਼ ਸਦਾ ਬੁੱਢੇ ਆਦਮੀ ਨੂੰ ਮੋਹ ਲੈਂਦਾ ਸੀ ਪਰ ਹੁਣ ਉਹਨੇ ਇਸ ਵਲ ਵੀ ਨਜ਼ਰ ਨਾ ਮਾਰੀ।

"ਮੇਰੇ ਕੋਲ ਸਿਰਫ ਬਰਛਾ ਬਚਿਆ ਹੈ।" ਉਸ ਨੇ ਕਿਹਾ "ਪਰ ਇਹਦਾ ਕੋਈ ਫ਼ਾਇਦਾ ਨਹੀਂ ਹੋਣਾ ਮੇਰੇ ਕੋਲ ਦੋ ਚੱਪੂ ਨੇ, ਪਟੜੇ ਦਾ ਮੁੱਠਾ ਅਤੇ ਛੋਟਾ ਡੰਡਾ।

ਹੁਣ ਉਹਨਾਂ ਨੇ ਮੈਨੂੰ ਹਰਾ ਲਿਆ ਹੈ–ਉਸ ਨੇ ਸੋਚਿਆ। ਮੈਂ ਇੰਨਾ ਬੁੱਢਾ ਹਾਂ ਕਿ ਸ਼ਾਰਕਾਂ ਨੂੰ ਡੰਡੇ ਮਾਰ ਕੇ ਨਹੀਂ ਮਾਰ ਸਕਦਾ। ਮੈਂ ਜਦ ਤਕ ਮੇਰੇ ਕੋਲ ਚੱਪੂ ਹਨ, ਪਟੜੇ ਦਾ ਮੁੱਠਾ ਛੋਟਾ ਡੰਡਾ ਹੈ ਉਦੋਂ ਤਕ ਮੈਂ ਕੋਸ਼ਿਸ਼ ਕਰਦਾ ਰਹਾਂਗਾ।

ਉਸ ਨੇ ਆਪਣੇ ਹੱਥ ਗਿੱਲੇ ਕਰਨ ਲਈ ਪਾਣੀ 'ਚ ਪਾਏ। ਸੰਧਿਆ ਹੋਣ ਲੱਗੀ ਸੀ ਅਤੇ ਉਹਨੂੰ ਸਮੁੰਦਰ ਅਤੇ ਅਸਮਾਨ ਤੋਂ ਸਿਵਾ ਕੁਝ ਨਾ ਦਿੱਸਿਆ। ਪਹਿਲਾਂ ਨਾਲੋਂ ਹਵਾ ਵਧੇਰੇ ਤੇਜ਼ ਸੀ ਅਤੇ ਉਹਨੂੰ ਆਸ ਸੀ ਕਿ ਉਹ ਜਲਦੀ ਹੀ ਜ਼ਮੀਨ ਦੇਖ ਸਕੇਗਾ।

"ਤੂੰ ਥੱਕ ਗਿਆ ਏਂ, ਬੁੱਢੇ ਆਦਮੀ !" ਉਸ ਨੇ ਕਿਹਾ "ਤੂੰ ਅੰਦਰੋਂ ਥੱਕ ਗਿਆ ਏਂ।"

ਸੂਰਜ ਛਿਪਣ ਤੋਂ ਪਹਿਲਾਂ ਤਕ ਸ਼ਾਰਕਾਂ ਨੇ ਫਿਰ ਹਮਲਾ ਨਾ ਕੀਤਾ।

ਬੁੱਢੇ ਆਦਮੀ ਨੇ ਮੱਛਲੀ ਵਲੋਂ ਪਾਣੀ 'ਚ ਬਣਾਈ ਜਾ ਰਹੀ ਚੌੜੀ ਧਾਰੀ ਦੇ ਨਾਲ ਆ ਭੂਰੇ ਗਲਫੜੇ ਦੇਖੇ। ਹੁਣ ਉਹ ਗੰਧ ਦੇ ਪਿੱਛੇ ਨਹੀਂ ਸਨ ਚਲ ਰਹੀਆਂ। ਉਹ ਆਸੇ-ਪਾਸੇ ਤੈਰਦੀਆਂ ਸਿੱਧੀਆਂ ਕਿਸ਼ਤੀਆਂ ਵਲ ਵਧ ਰਹੀਆਂ ਸਨ।

ਉਸ ਨੇ ਮੁੱਠਾ ਜਾਮ ਕੀਤਾ, ਬਾਦਬਾਨ ਬੰਨ੍ਹਿਆ ਅਤੇ ਪਿਛਾੜੀ ਡੰਡਾ ਲੈਣ ਲਈ ਗਿਆ। ਇਹ ਇਕ ਟੁੱਟੇ ਚੱਪੂ ਦਾ ਢਾਈ ਫੁੱਟ ਲੰਬਾ ਦਸਤਾ ਸੀ। ਮੁੱਠੇ ਦੀ ਪਕੜ ਕਾਰਨ ਇਹ ਇਕ ਹੱਥ ਨਾਲ ਹੀ ਚੰਗੀ ਤਰ੍ਹਾਂ ਵਰਤਿਆ ਜਾ ਸਕਦਾ ਸੀ। ਆ ਰਹੀਆਂ ਸ਼ਾਰਕਾਂ ਵਲ ਤੱਕਦਿਆਂ ਉਸ ਨੇ ਆਪਣਾ ਹੱਥ ਇਹਦੇ 'ਤੇ ਟਿਕਾਉਂਦੇ ਹੋਏ ਸੱਜੇ ਹੱਥ ਦੀ ਪਕੜ ਮਜ਼ਬੂਤ ਕੀਤੀ। ਦੋਵੇਂ ਹੀ ਗਲਾਨੇਜ਼ ਸਨ। ਮੈਨੂੰ ਚਾਹੀਦਾ ਹੈ ਕਿ ਪਹਿਲੀ ਨੂੰ ਚੰਗੀ ਤਰ੍ਹਾਂ ਹਮਲਾ ਕਰ ਲੈਣ ਦੇਵਾਂ ਅਤੇ ਉਹਦੇ ਨੱਕ ਜਾਂ ਸਿੱਧਾ ਸਿਰ ਦੇ ਉੱਤੇ ਮਾਰਾਂ–ਉਸਨੇ ਕਿਹਾ।

ਦੋਵੇਂ ਸ਼ਾਰਕਾਂ ਇਕੱਠੀਆਂ ਹੋ ਗਈਆਂ ਅਤੇ ਜਿਵੇਂ ਹੀ ਉਸਨੇ ਆਪਣੇ ਨੇੜਲੀ ਸ਼ਾਰਕ ਨੂੰ ਜਬਾੜੇ ਖੋਹਲ ਕੇ ਮੱਛੀ ਦੇ ਚਾਂਦੀ ਰੰਗੇ ਹਿੱਸੇ ਬੁਰਕੀ ਭਰੀ, ਉਸ ਨੇ ਡੰਡਾ, ਉੱਚਾ ਉਠਾਇਆ ਅਤੇ ਜ਼ੋਰ ਦੀ ਥੱਲੇ ਲਿਆਉਂਦੇ ਹੋਏ ਇਹਦੇ ਚੌੜੇ ਸਿਰ ਦੀ ਟੋਟਣ 'ਤੇ ਦੇ ਮਾਰਿਆ। ਡੰਡਾ ਵੱਜਦੇ ਹੀ ਉਹਨੇ ਇਸ ਦੀ ਤਿਲਕਵੀਂ ਸਖ਼ਤੀ ਮਹਿਸੂਸ ਕੀਤੀ ਪਰ ਉਹਨੂੰ ਹੱਡੀ ਦੀ ਸਖਤੀ ਦਾ ਵੀ ਅਹਿਸਾਸ ਹੋਇਆ ਅਤੇ ਉਹਨੇ ਦੁਬਾਰਾ ਸ਼ਾਰਕ ਦੇ ਨੱਕ ਦੀ ਨੋਕ 'ਤੇ ਜ਼ੋਰ ਨਾਲ ਹਮਲਾ ਕੀਤਾ ਜਦੋਂ ਉਹ ਮੱਛੀ ਤੋਂ ਪਿਛਾਂਹ ਸਰਕ ਰਹੀ ਸੀ।

ਦੂਜੀ ਸ਼ਾਰਕ ਇਧਰ-ਉਧਰ ਘੁੰਮ ਰਹੀ ਸੀ ਅਤੇ ਹੁਣ ਉਹ ਜਬਾੜੇ ਖੋਲ੍ਹ ਕੇ ਅੱਗੇ ਵਧੀ। ਬੁੱਢੇ ਆਦਮੀ ਨੇ ਉਸਦੇ ਜਬਾੜਿਆਂ ਦੇ ਕੋਨਿਆਂ ਤੋਂ ਮੱਛੀ ਦੇ ਮਾਸ ਦੇ ਸਫੈਦ ਟੁਕੜੇ ਅੰਦਰ ਜਾਂਦੇ ਦੇਖੇ ਜਦ ਉਹਨੇ ਮੱਛੀ 'ਤੇ ਹਮਲਾ ਕਰਕੇ ਆਪਣਾ ਜਬਾੜੇ ਬੰਦ ਕੀਤੇ। ਉਹ ਉਹਦੇ ਵਲ ਅਹੁਲਿਆ ਅਤੇ ਕੇਵਲ ਸਿਰ ਉੱਤੇ ਹਮਲਾ ਕੀਤਾ। ਸ਼ਾਰਕ ਨੇ ਉਹਦੇ ਵਲ ਦੇਖਿਆ ਅਤੇ ਮਾਸ ਢਿੱਲਾ ਛੱਡ ਦਿੱਤਾ। ਬੁੱਢੇ ਆਦਮੀ ਨੇ ਫਿਰ ਡੰਡਾ ਉਹਦੇ ਦੇ ਮਾਰਿਆ ਜਦ ਮਾਸ ਨਿਗਲਣ ਲਈ ਹਟੀ ਅਤੇ ਡੰਡਾ ਸਿਰਫ਼ ਉਹਦੇ ਭਾਰੀ ਸਖ਼ਤ ਤਿਲਕਵੇਂ ਹਿੱਸੇ 'ਤੇ ਪਿਆ।

''ਆ ਜਾਹ, ਗੈਲਾਨੋ !'' ਬੁੱਢੇ ਆਦਮੀ ਨੇ ਕਿਹਾ। ''ਫਿਰ ਆ ਜਾਹ !''

ਸ਼ਾਰਕ ਦੌੜਦੀ ਹੋਈ ਆਈ ਅਤੇ ਜਿਵੇਂ ਹੀ ਉਸ ਨੇ ਜਬਾੜੇ ਬੰਦ ਕੀਤੇ ਤਾਂ ਬੁੱਢੇ ਆਦਮੀ ਨੇ ਉਸ 'ਤੇ ਹਮਲਾ ਕਰ ਦਿੱਤਾ। ਉਸ ਨੇ ਪੂਰੇ ਜ਼ੋਰ ਨਾਲ ਅਤੇ ਜਿੰਨਾ ਉੱਚੀ ਚੁੱਕ ਸਕਦਾ ਸੀ, ਡੰਡੇ ਨੂੰ ਚੁੱਕਿਆ, ਇਸ ਵਾਰ ਉਹਨੇ ਦਿਮਾਗ਼ ਦੇ ਹੇਠਾਂ ਹੱਡੀ ਤੇ ਡੰਡਾ ਮਾਰਿਆ ਅਤੇ ਉਸੇ ਥਾਂ 'ਤੇ ਦੁਬਾਰਾ ਹਮਲਾ ਕੀਤਾ ਜਦ ਸ਼ਾਰਕ ਹੌਲੀ ਜਿਹੇ ਮਾਸ ਢਿੱਲਾ ਛੱਡਦੇ ਹੋਈ ਚਲੀ ਗਈ।

ਬੁੱਢਾ ਆਦਮੀ ਉਸ ਦੇ ਦੁਬਾਰਾ ਆਉਣ ਦਾ ਰਾਹ ਦੇਖਦਾ ਰਿਹਾ ਪਰ ਕੋਈ ਵੀ ਸ਼ਾਰਕ ਫਿਰ ਨਾ ਦਿਖਾਈ ਦਿੱਤੀ। ਫਿਰ ਉਹਨੇ ਸਤ੍ਹਾ 'ਤੇ ਚੱਕਰ ਕੱਢਦੀ ਇਕ ਸ਼ਾਰਕ ਦੇਖੀ। ਉਸਨੂੰ ਦੂਜੀ ਦੇ ਗਲਫੜੇ ਨਜ਼ਰ ਨਹੀਂ ਆਏ।

ਮੈਂ ਉਹਨਾਂ ਨੂੰ ਮਾਰਨ ਦੀ ਆਸ ਨਹੀਂ ਰੱਖ ਸਕਦਾ–ਉਸ ਨੇ ਸੋਚਿਆ। ਮੈਂ ਆਪਣੇ ਸਮੇਂ 'ਚ ਇਹ ਕਰ ਸਕਦਾ ਸੀ। ਪਰ ਮੈਂ ਉਨ੍ਹਾਂ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਚੁੱਕਾ ਹਾਂ ਅਤੇ ਦੋਵਾਂ 'ਚੋਂ ਕੋਈ ਵੀ ਠੀਕ ਨਹੀਂ ਹੋਈ। ਜੇ ਮੈਂ ਦੋਵਾਂ ਹੱਥਾਂ ਨਾਲ ਡੰਡਾ ਵਰਤਿਆ ਹੁੰਦਾ ਤਾਂ ਮੈਂ ਪਹਿਲੀ ਨੂੰ ਜ਼ਰੂਰ ਮਾਰ ਦੇਣਾ ਸੀ, ਉਸ ਨੇ ਸੋਚਿਆ। ਹੁਣ ਵੀ ਮਾਰ ਸਕਦਾ ਹਾਂ, ਉਹ ਮੱਛੀ ਵਲ ਨਹੀਂ ਦੇਖਣਾ ਚਾਹੁੰਦਾ ਸੀ। ਉਹਨੂੰ ਪਤਾ ਸੀ ਕਿ ਅੱਧੀ ਤਾਂ ਬਰਬਾਦ ਹੋ ਚੁੱਕੀ ਸੀ। ਜਦ ਉਹ ਸ਼ਾਰਕਾਂ ਨਾਲ ਲੜ ਰਿਹਾ ਸੀ ਤਾਂ ਸੂਰਜ ਛਿਪ ਗਿਆ ਸੀ।

''ਛੇਤੀ ਹੀ ਹਨੇਰਾ ਹੋ ਜਾਏਗਾ।'' ਉਸ ਨੇ ਕਿਹਾ ''ਤਦ ਮੈਂ ਹਵਾਨਾ ਦੀ ਰੋਸ਼ਨੀ ਦੇਖ ਸਕਦਾ ਹਾਂ। ਜੇ ਮੈਂ ਪੂਰਬ 'ਚੋਂ ਕਾਫ਼ੀ ਦੂਰ ਹਾਂ ਤਾਂ ਨਵੇਂ ਤੱਟਾਂ 'ਚੋਂ ਕਿਸੇ ਦੀ ਰੋਸ਼ਨੀ ਦੇਖ ਸਕਾਂਗਾ।''

ਮੈਂ ਇੰਨਾ ਦੂਰ ਨਹੀਂ ਗਿਆ ਹੋ ਸਕਦਾ–ਉਸ ਨੇ ਸੋਚਿਆ। ਮੈਨੂੰ ਆਸ ਹੈ ਕੋਈ ਵੀ ਇੰਨਾ ਚਿੰਤਤ ਨਹੀਂ ਹੋਣਾ, ਸਿਰਫ਼ ਮੁੰਡਾ ਹੀ ਤਾਂ ਹੈ ਫਿਕਰ ਕਰਨ ਵਾਲਾ। ਪਰ ਮੈਨੂੰ ਯਕੀਨ ਹੈ ਕਿ ਉਹਦੇ 'ਚ ਆਤਮ-ਵਿਸ਼ਵਾਸ ਹੈ। ਬੁੱਢੇ ਮਛੇਰਿਆਂ 'ਚੋਂ ਵੀ ਕਈ ਚਿੰਤਾ ਕਰਨਗੇ। ਕੁਝ ਹੋਰ ਵੀ ਕਰਨਗੇ–ਉਸਨੇ ਸੋਚਿਆ। ਮੈਂ ਚੰਗੇ ਕਸਬੇ 'ਚ ਜੁ ਰਹਿੰਦਾ ਹਾਂ।

ਹੁਣ ਉਹ ਮੱਛੀ ਨਾਲ ਗੱਲਾਂ ਨਹੀਂ ਸੀ ਕਰ ਸਕਦਾ ਕਿਉਂਕਿ ਮੱਛੀ ਬੁਰੀ ਤਰ੍ਹਾਂ ਬਰਬਾਦ ਹੋ ਚੁੱਕੀ ਸੀ। ਤਦ ਉਹਦੇ ਦਿਮਾਗ਼ 'ਚ ਕੋਈ ਗੱਲ ਆਈ।

ਅਰਧ-ਮੱਛੀ !' ਉਸ ਨੇ ਕਿਹਾ, 'ਮੱਛੀ ਜਿਹੜੀ ਤੂੰ ਹੈਂ–ਮੈਨੂੰ ਅਫ਼ਸੋਸ ਹੈ ਕਿ ਮੈਂ ਇੰਨੀ ਦੂਰ ਤਕ ਗਿਆ। ਮੈਂ ਆਪਾਂ ਦੋਵਾਂ ਨੂੰ ਬਰਬਾਦ ਕਰ ਦਿੱਤਾ ਏ। ਪਰ ਆਪਾਂ ਦੋਵਾਂ ਨੇ ਸੈਆਂ ਸ਼ਾਰਕਾਂ ਮਾਰ ਦਿੱਤੀਆਂ ਨੇ ਅਤੇ ਹੋਰ ਬਹੁਤ ਚੀਜ਼ਾਂ ਬਰਬਾਦ ਕੀਤੀਆਂ ਨੇ। ਬੁੱਢੀਏ ਮੱਛੀਏ, ਤੂੰ ਕਿੰਨਿਆਂ ਕੁ ਨੂੰ ਮਾਰਿਆ ਹੋਣਾ ਏਂ ? ਤੇਰੇ ਸਿਰ 'ਤੇ ਐਵੇਂ ਤਾਂ ਇਹ ਨੇਜ਼ਾ ਨਹੀਂ ਲੱਗਾ।

ਉਸਨੂੰ ਮੱਛੀ ਬਾਰੇ ਸੋਚਣਾ ਚੰਗਾ ਲੱਗਦਾ ਸੀ ਅਤੇ ਸ਼ਾਰਕ ਨੂੰ ਉਹ ਕੀ ਕਰ ਸਕਦਾ ਜੇ ਉਹ ਖ਼ਾਲੀ ਤੈਰ ਰਿਹਾ ਹੁੰਦਾ। ਮੈਂ ਉਹਦੇ ਨਾਲ ਲੜਦਿਆਂ ਗਲਫੜਿਆਂ ਦੀ ਲਾਹ ਸੁੱਟਣਾ ਸੀ–ਉਸ ਨੇ ਸੋਚਿਆ। ਪਰ ਨਾ ਉਹਦੇ ਕੋਲ ਕੁਹਾੜੀ ਸੀ ਅਤੇ ਚਾਕੂ ਵੀ ਨਹੀਂ ਸੀ।

ਪਰ ਜੇ ਮੇਰੇ ਕੋਲ ਹੁੰਦਾ ਵੀ, ਤਾਂ ਮੈਂ ਚੱਪੂ ਦੇ ਕੁੰਡੇ ਨਾਲ ਬੰਨ੍ਹ ਦਿੰਦਾ ਤਾਂ ਕਿਆ ਹਥਿਆਰ ਬਣਦਾ ? ਤਦ ਅਸੀਂ ਇਕੱਠੇ ਲੜਦੇ। ਜੇ ਰਾਤ ਵੇਲੇ ਸ਼ਾਰਕ ਆ ਗਈਆਂ ਤਾਂ ਤੂੰ ਕੀ ਕਰੇਂਗਾ ? ਤੂੰ ਕੀ ਕਰ ਸਕਦਾ ਏਂ ? 'ਲੜਾਂਗਾ' ਉਸ ਨੇ ਕਿਹਾ ''ਜਦ ਤੱਕ ਮੈਂ ਮਰ ਨਹੀਂ ਜਾਂਦਾ, ਮੈਂ ਲੜਦਾ ਰਹਾਂਗਾ।''

ਪਰ ਹੁਣ ਹਨੇਰਾ ਹੋ ਗਿਆ ਸੀ ਅਤੇ ਨਾ ਕੋਈ ਰੋਸ਼ਨੀ ਦਿਸਦੀ ਸੀ ਨਾ ਲੋਅ ਅਤੇ ਹਵਾ ਚਲ ਰਹੀ ਸੀ। ਬਾਦਬਾਨ ਅਡੋਲ ਉੱਠਿਆ ਹੋਇਆ ਸੀ। ਉਸ ਨੇ ਮਹਿਸੂਸ ਕੀਤਾ ਕਿ ਉਹ ਪਹਿਲਾਂ ਹੀ ਮਰ ਚੁੱਕਾ ਸੀ। ਉਹਨੇ ਦੋਵੇਂ ਹੱਥ ਇਕੱਠੇ ਕੀਤੇ ਅਤੇ ਹਥੇਲੀਆਂ ਮਹਿਸੂਸ ਕੀਤੀਆਂ। ਇਹ ਮਰੇ ਨਹੀਂ ਸਨ ਅਤੇ ਇਨ੍ਹਾਂ ਨੂੰ ਖੋਲ੍ਹਦਿਆਂ ਅਤੇ ਬੰਦ ਕਰਦਿਆਂ ਜੀਵਨ ਦੀ ਪੀੜ ਮਹਿਸੂਸ ਕਰ ਸਕਦਾ ਸੀ। ਉਹਨੇ ਕਿਸ਼ਤੀ ਦੇ ਪਿਛਾੜੀ ਢੋਅ ਲਾ ਲਈ ਅਤੇ ਜਾਣ ਗਿਆ ਕਿ ਅਜੇ ਉਹ ਮਰਿਆ ਨਹੀਂ। ਉਹਦੇ ਮੋਢਿਆਂ ਨੇ ਉਹਨੂੰ ਇਹ ਗੱਲ ਸਮਝਾਈ।

''ਜੇ ਮੈਂ ਮੱਛੀ ਫੜੀ ਰੱਖਦਾ ਹਾਂ ਤਾਂ ਉਹ ਸਾਰੀਆਂ ਪ੍ਰਾਰਥਨਾਵਾਂ ਕਰਾਂਗਾ ਜਿਨ੍ਹਾਂ ਦਾ ਮੈਂ ਪ੍ਰਣ ਕੀਤਾ ਹੈ''–ਉਸ ਨੇ ਸੋਚਿਆ। ਪਰ ਮੈਂ ਇੰਨਾ ਥੱਕ ਚੁੱਕਿਆ ਹਾਂ ਕਿ ਪ੍ਰਾਰਥਨਾ ਨਹੀਂ ਕਰ ਸਕਦਾ। ਚੰਗਾ ਹੋਵੇ ਜੇ ਮੈਂ ਬੋਰੀ ਆਪਣੇ ਮੋਢਿਆਂ ਦੁਆਲੇ ਵਲ ਲਵਾਂ।

ਉਹ ਪਿਛਾੜੀ ਪਿਆ ਰਿਹਾ ਅਤੇ ਅਸਮਾਨ 'ਚ ਲੋਅ ਉਭਰਨ ਦੀ ਉਡੀਕ ਕਰਦਾ ਰਿਹਾ। ਮੇਰੇ ਕੋਲ ਅੱਧੀ ਹੀ ਮੱਛੀ ਬਚੀ ਹੈ–ਉਸ ਨੇ ਸੋਚਿਆ। ਸ਼ਾਇਦ ਮੇਰੇ ਭਾਗਾਂ 'ਚ ਅਗਲਾ ਹਿੱਸਾ ਹੀ ਲਿਜਾਣਾ ਲਿਖਿਆ ਹੋਵੇ। ਮੇਰੀ ਕੁਝ ਕਿਸਮਤ ਤਾਂ ਹੋਣੀ ਹੀ ਚਾਹੀਦੀ ਹੈ। ਨਹੀਂ–ਉਸਨੇ ਕਿਹਾ। ਜਦ ਤੂੰ ਇੰਨੀ ਦੂਰ ਚਲਾ ਗਿਆ ਤਾਂ ਤੂੰ ਕਿਸਮਤ ਦਾ ਬੰਧਨ ਤੋੜ ਦਿੱਤਾ ਸੀ।

''ਮੂਰਖ ਨਾ ਬਣ !'' ਉਸ ਨੇ ਉੱਚੀ ਆਵਾਜ਼ 'ਚ ਕਿਹਾ। ''ਜਾਗਦਾ ਰਹੁ ਅਤੇ ਚਲਦਾ ਰਹੁ-ਅਜੇ ਵੀ ਤੇਰੀ ਕਿਸਮਤ ਚੰਗੀ ਹੈ।''

''ਮੈਂ ਕੁਝ ਖ਼ਰੀਦਣਾ ਚਾਹਵਾਂਗਾ ਜੇ ਕਿਸੇ ਥਾਂ ਉਹ ਵੇਚਦੇ ਹੋਏ।'' ਉਸ ਨੇ ਕਿਹਾ।

ਮੈਂ ਇਸਦਾ ਕੀ ਖ਼ਰੀਦ ਸਕਾਂਗਾ—ਉਸ ਨੇ ਆਪਣੇ ਆਪ ਨੂੰ ਪੁੱਛਿਆ। ਕੀ ਮੈਂ ਗਵਾਚਿਆ ਹੋਇਆ ਭਾਲਾ ਅਤੇ ਟੁੱਟਿਆ ਚਾਕੂ ਅਤੇ ਦੋ ਭੈੜੇ ਹੱਥ ਇਹਦੇ ਬਦਲੇ ਖ਼ਰੀਦ ਸਕਾਂਗਾ ?

''ਸ਼ਾਇਦ'' ਉਸ ਨੇ ਕਿਹਾ ''ਤੂੰ ਇਸ ਨਾਲ ਆਪਣੇ ਸਮੁੰਦਰ ਵਿਚ ਗੁਜ਼ਾਰੇ ਚੁਰਾਸੀ ਦਿਨ ਖਰੀਦਣੇ ਚਾਹੇਂ ਨੇ। ਉਹਨਾਂ ਨੇ ਇਹ ਵੀ ਤੈਨੂੰ ਵੇਚ ਹੀ ਦਿੱਤੇ ਨੇ।''

''ਮੈਨੂੰ ਫਜ਼ੂਲ ਨਹੀਂ ਸੋਚਣਾ ਚਾਹੀਦਾ।''—ਉਸਨੇ ਸੋਚਿਆ। ਕਿਸਮਤ ਅਜਿਹੀ ਚੀਜ਼ ਹੈ ਜੋ ਕਈ ਭੇਸ ਧਾਰ ਕੇ ਆਉਂਦੀ ਹੈ ਅਤੇ ਕੌਣ ਉਹਨੂੰ ਪਛਾਣ ਸਕਦਾ ਏ ? ਮੈਂ ਕੁਝ ਕਿਸੇ ਵੀ ਰੂਪ 'ਚ ਲੈ ਲਵਾਂਗਾ ਅਤੇ ਜੋ ਉਹ ਮੰਗਣਗੇ, ਦੇ ਦੇਵਾਂਗਾ। ਕਾਸ਼ ਮੈਂ ਰੋਸ਼ਨੀਆਂ ਦੀ ਲੋਅ ਦੇਖ ਸਕਾਂ। ਉਸ ਨੇ ਸੋਚਿਆ। ਮੇਰੀਆਂ ਬੜੀਆਂ ਇੱਛਾਵਾਂ ਹਨ। ਪਰ ਇਸ ਵੇਲੇ ਤਾਂ ਇਹੀ ਮੇਰੀ ਇੱਛਾ ਹੈ। ਉਸ ਨੇ ਹੋਰ ਆਰਾਮਦਾਇਕ ਢੰਗ ਨਾਲ ਕਿਸ਼ਤੀ ਵਾਹੁਣ ਦਾ ਯਤਨ ਕੀਤਾ ਅਤੇ ਆਪਣੇ ਦਰਦ ਤੋਂ ਜਾਣ ਲਿਆ ਕਿ ਉਹ ਅਜੇ ਮਰਿਆ ਨਹੀਂ।

ਰਾਤ ਦੇ ਦਸ ਵਜੇ ਦੇ ਕਰੀਬ ਉਸਨੇ ਸ਼ਹਿਰ ਦੀਆਂ ਰੋਸ਼ਨੀਆਂ ਦੀ ਚਮਕ ਦਾ ਝਲਕਾਰਾ ਦੇਖਿਆ। ਚੰਦਰਮਾ ਦੇ ਚੜ੍ਹਦਿਆਂ ਹੀ ਅਕਾਸ਼ 'ਚ ਰੋਸ਼ਨੀ ਹੋਣ ਕਾਰਨ ਉਹ ਪਹਿਲੇ ਪਹਿਲ ਮਹਿਸੂਸ ਹੋ ਸਕੀਆਂ। ਫਿਰ ਇਹ ਅਡੋਲ ਮਹਾਸਾਗਰ ਦੇ ਪਾਰ ਦੇਖਣ 'ਚ ਮਦਦਗਾਰ ਹੋਈਆਂ ਜਿਹੜਾ ਹਵਾ 'ਚ ਆਈ ਤੇਜ਼ੀ ਕਾਰਨ ਉਭਰਿਆ ਹੋਇਆ ਸੀ। ਉਹ ਲੋਅ ਦੇ ਅੰਦਰ ਕਿਸ਼ਤੀ ਲੈ ਗਿਆ ਅਤੇ ਸੋਚਿਆ ਕਿ ਉਹ ਜਲਦੀ ਹੀ ਧਾਰਾ ਦੇ ਕੰਢੇ ਨੂੰ ਛੂਹ ਸਕੇਗਾ।

ਹੁਣ ਖੇਡ ਖ਼ਤਮ ਹੋਈ ਹੈ—ਉਸ ਨੇ ਸੋਚਿਆ। ਉਹ ਸ਼ਾਇਦ ਫਿਰ ਹਮਲਾ ਕਰਨਗੀਆਂ। ਪਰ ਹਨੇਰੇ ਵਿਚ ਬਿਨਾਂ ਕਿਸੇ ਹਥਿਆਰ ਤੋਂ ਬੰਦਾ ਕੀ ਕਰ ਸਕਦਾ ਏ ?

ਉਸ ਦਾ ਸਰੀਰ ਆਕੜਿਆ ਪਿਆ ਅਤੇ ਪੀੜੋ-ਪੀੜ ਸੀ ਅਤੇ ਉਹਦੇ ਜ਼ਖ਼ਮ ਅਤੇ ਸਰੀਰ ਦੇ ਸਾਰੇ ਮੁਚੇ-ਖਿੱਚੇ ਅੰਗ ਰਾਤ ਦੀ ਠੰਡ 'ਚ ਦਰਦ ਕਰਦੇ ਸਨ।

ਮੈਨੂੰ ਆਸ ਹੈ ਕਿ ਹੁਣ ਮੈਨੂੰ ਲੜਨਾ ਨਹੀਂ ਪੈਣਾ—ਉਸਨੇ ਸੋਚਿਆ। ਮੈਨੂੰ ਬਹੁਤ ਆਸ ਹੈ ਕਿ ਮੈਨੂੰ ਨਹੀਂ ਲੜਨਾ ਪੈਣਾ।

ਪਰ ਅੱਧੀ ਰਾਤ ਤਕ ਉਹ ਲੜਿਆ ਅਤੇ ਇਸ ਵਕਤ ਉਹ ਜਾਣਦਾ ਸੀ ਕਿ ਲੜਾਈ ਅਰਥਹੀਣ ਹੈ। ਸ਼ਾਰਕਾਂ ਝੁੰਡ ਬਣਾ ਕੇ ਆਈਆਂ ਅਤੇ ਉਹ ਪਾਣੀ 'ਚ ਉਹਨਾਂ ਦੇ ਗਲਫੜਿਆਂ ਅਤੇ ਚਮਕ ਵਲੋਂ ਬਣਾਈਆਂ ਲਾਈਨਾਂ ਤੋਂ ਹੀ ਦੇਖ ਸਕਦਾ ਸੀ ਜਦ ਉਹਨਾਂ ਆਪਣੇ ਆਪ ਨੂੰ ਮੱਛੀ 'ਤੇ ਸੁੱਟ ਦਿੱਤਾ। ਉਹ ਸਿਰਾਂ ਤੇ ਡੰਡੇ ਨਾਲ ਵਾਰ ਕਰਦਾ ਰਿਹਾ ਅਤੇ ਜਬਾੜਿਆਂ ਦੀ ਕੱਟ-ਵੱਢ ਅਤੇ ਕਿਸ਼ਤੀਆਂ ਦੇ ਹਿੱਲਣ ਦੀ ਆਵਾਜ਼ ਸੁਣਦਾ ਰਿਹਾ ਜਦ ਉਹਨਾਂ ਥੱਲੇ ਇਹਨੂੰ ਫੜ ਲਿਆ। ਜੋ ਕੁਝ ਵੀ ਇਹ ਮਹਿਸੂਸ ਕਰਦਾ ਜਾਂ ਸੁਣ ਸਕਦਾ

ਸੀ, ਉਸ 'ਤੇ ਉਹ ਬੇਤਹਾਸ਼ਾ ਵਾਰ ਕਰਦਾ ਰਿਹਾ। ਫਿਰ ਉਹਨੇ ਡੰਡਾ ਆਪਣੇ ਹੱਥੋਂ ਖੋਹਿਆ ਜਾਂਦਾ ਮਹਿਸੂਸ ਹੋਇਆ ਅਤੇ ਇਹ ਜਾਂਦਾ ਰਿਹਾ।

ਪਤਵਾਰ ਨਾਲੋਂ ਮੁੱਠਾ ਖੋਲ੍ਹ ਲਿਆ ਅਤੇ ਇਹਦੇ ਨਾਲ ਵਾਰ ਕਰਨ ਲੱਗਾ। ਦੋਵੇਂ ਹੱਥਾਂ ਨਾਲ ਇਹਨੂੰ ਫੜ ਕੇ ਵਾਰ-ਵਾਰ ਉਹਨਾਂ 'ਤੇ ਹਮਲਾ ਬੋਲਦਾ ਰਿਹਾ। ਪਰ ਹੁਣ ਉਹ ਤਖ਼ਤੇ ਤਕ ਆ ਪਹੁੰਚੀਆਂ ਸਨ ਅਤੇ ਇਕ ਤੋਂ ਬਾਅਦ ਇਕ ਅਤੇ ਇਕੱਠੀਆਂ ਵੀ ਸਾਗਰ ਦੀ ਲੋਅ 'ਚ ਦਿਸ ਰਹੇ ਮਾਸ ਦੇ ਟੁਕੜਿਆਂ ਨੂੰ ਵੱਢ-ਟੁੱਕ ਰਹੀਆਂ ਸਨ।

ਅੰਤ ਵਿਚ ਇਕ ਸ਼ਾਰਕ ਇਹਦੇ ਸਿਰ ਵੱਲ ਆਈ ਤਾਂ ਉਹਨੂੰ ਪਤਾ ਲੱਗਾ ਕਿ ਹੁਣ ਇਹ ਖ਼ਤਮ ਹੋ ਚੁੱਕੀ ਹੈ। ਉਸ ਨੇ ਮੁੱਠੇ ਨੂੰ ਸ਼ਾਰਕ ਦੇ ਸਿਰ 'ਚ ਉਛਾਲਿਆ ਜਿਥੇ ਉਹਦੇ ਜਬਾੜੇ ਮੱਛੀ ਦੇ ਸਿਰ ਦੇ ਸਖ਼ਤ ਹਿੱਸੇ ਨੂੰ ਪੀਚੀ ਬੈਠੇ ਸਨ ਅਤੇ ਜੋ ਕੱਟਿਆ ਨਹੀਂ ਸੀ ਜਾ ਰਿਹਾ। ਉਸ ਦੇ ਵਾਰ-ਵਾਰ ਉਛਾਲ ਕੇ ਉਸ 'ਤੇ ਵਾਰ ਕੀਤਾ। ਉਸ ਨੇ ਮੁੱਠੇ ਦੇ ਟੁੱਟਣ ਦੀ ਆਵਾਜ਼ ਸੁਣੀ ਅਤੇ ਫਿਰ ਉਸ ਨੇ ਟੁੱਟੇ ਹੋਏ ਮੁੱਠੇ ਨਾਲ ਸ਼ਾਰਕ 'ਤੇ ਵਾਰ ਕੀਤਾ। ਉਸਨੇ ਇਸਨੂੰ ਉਹਦੇ ਅੰਦਰ ਧਸਦਾ ਮਹਿਸੂਸ ਕੀਤਾ। ਇਹਦੇ ਤਿੱਖਾ ਹੋਣ ਕਾਰਨ ਉਸ ਨੇ ਇਹ ਫਿਰ ਘੁਸੇੜ ਦਿੱਤਾ। ਇਹ ਝੁੰਡ ਵਿਚਲੀ ਆਖ਼ਰੀ ਸ਼ਾਰਕ ਸੀ। ਉਹਨਾਂ ਲਈ ਹੁਣ ਖਾਣ ਨੂੰ ਕੁਝ ਨਹੀਂ ਬਚਿਆ ਸੀ।

ਬੁੱਢੇ ਆਦਮੀ ਨੂੰ ਹੁਣ ਸਾਹ ਵੀ ਮੁਸ਼ਕਲ ਆ ਰਿਹਾ ਸੀ ਅਤੇ ਮੂੰਹ ਵਿਚ ਅਜੀਬ ਸੁਆਦ ਮਹਿਸੂਸ ਹੋ ਰਿਹਾ ਸੀ। ਇਹ ਤਾਂਬੇ ਵਰਗਾ ਅਤੇ ਮਿੱਠਾ ਸੁਆਦ ਸੀ ਅਤੇ ਇਕ ਪਲ ਲਈ ਉਹ ਡਰ ਗਿਆ। ਪਰ ਇਹ ਜ਼ਿਆਦਾ ਨਹੀਂ ਸੀ।

ਉਸਨੇ ਸਮੁੰਦਰ ਵਿਚ ਥੁੱਕਿਆ ਅਤੇ ਕਿਹਾ "ਖਾ ਲਵੋ ਇਹਨਾਂ ਨੂੰ ਵੀ, ਗਲਵੈਨੋਜ ਅਤੇ ਸੁਫ਼ਨੇ ਲਓ ਕਿ ਤੁਸੀਂ ਇਕ ਬੰਦੇ ਨੂੰ ਮਾਰ ਖਾਧਾ ਹੈ।"

ਉਹਨੂੰ ਪਤਾ ਸੀ ਕਿ ਅੰਤ ਵਿਚ ਉਸਨੂੰ ਹਰਾ ਕੇ ਨਿਸੱਤਾ ਕਰ ਦਿੱਤਾ ਗਿਆ ਹੈ। ਉਹ ਪਿਛਾੜੀ ਗਿਆ ਅਤੇ ਮੁੱਠਾ ਦੇ ਟੁੱਟੇ ਕਿਨਾਰੇ ਨੂੰ ਪਤਵਾਰ ਦੀ ਮੋਰੀ 'ਚ ਫਿਟ ਕੀਤਾ ਤਾਂ ਜੋ ਉਹ ਕਿਸ਼ਤੀ ਨੂੰ ਚਲਦਾ ਰੱਖ ਸਕੇ। ਉਹਨੇ ਆਪਣੇ ਦੁਆਲੇ ਬੋਰੀ ਵਲ ਲਈ ਅਤੇ ਕਿਸ਼ਤੀ ਨੂੰ ਆਪਣੇ ਰਾਹ ਪਾ ਦਿੱਤਾ। ਹੁਣ ਉਹ ਬੜੀ ਹਲਕੀ ਤਰ੍ਹਾਂ ਕਿਸ਼ਤੀ ਚਲਾ ਰਿਹਾ ਸੀ ਅਤੇ ਉਹਦੇ ਮਨ 'ਚ ਨਾ ਤਾਂ ਕੋਈ ਵਿਚਾਰ ਸੀ ਅਤੇ ਨਾ ਹੀ ਸੰਵੇਦਨਾ। ਹੁਣ ਉਹ ਸਭ ਕੁਝ ਤੋਂ ਉੱਪਰ ਉੱਠ ਗਿਆ ਸੀ ਅਤੇ ਜਿੰਨੀ ਸਿਆਣਪ ਅਤੇ ਠੀਕ ਤਰ੍ਹਾਂ ਉਹ ਕਿਸ਼ਤੀ ਨੂੰ ਆਪਣੇ ਘਾਟ ਵਲ ਲਿਜਾ ਸਕਦਾ ਸੀ, ਲੈ ਗਿਆ। ਰਾਤ ਵੇਲੇ ਸ਼ਾਰਕਾਂ ਨੇ ਪਿੰਜਰ 'ਤੇ ਵਾਰ ਕੀਤਾ ਤਾਂ ਜੋ ਸ਼ਾਇਦ ਮੇਜ਼ 'ਤੇ ਬਚੇ ਪਏ ਟੁਕੜਿਆਂ ਵਾਂਗ ਕੁਝ ਖਾਣ ਨੂੰ ਮਿਲ ਸਕੇ। ਬੁੱਢੇ ਨੇ ਉਨ੍ਹਾਂ ਵਲ ਕੋਈ ਧਿਆਨ ਨਾ ਦਿੱਤਾ ਅਤੇ ਸਿਵਾਏ ਕਿਸ਼ਤੀ ਵਾਹੁਣ ਦੇ ਕਿਸੇ ਪਾਸੇ ਆਪਣਾ ਧਿਆਨ ਨਾ ਮੋੜਿਆ। ਉਹਨੇ ਕੇਵਲ ਇਹ ਮਹਿਸੂਸ ਕੀਤਾ ਕਿ ਉਹ ਕਿੰਨਾ ਹਲਕਾ ਜਾ ਰਿਹਾ ਸੀ ਕਿਉਂਕਿ ਕਿਸ਼ਤੀ ਨਾਲ ਹੁਣ ਕੋਈ ਭਾਰੀ ਬੋਝ ਨਹੀਂ ਰਹਿ ਗਿਆ ਸੀ।

ਕਿਸ਼ਤੀ ਠੀਕ ਹੈ–ਉਸਨੇ ਸੋਚਿਆ। ਉਹ ਬਿਲਕੁਲ ਠੀਕ ਹੈ ਸਿਵਾਏ ਪਤਵਾਰ ਦੇ ਮੁੱਠੇ ਦੇ। ਇਸਨੂੰ ਆਸਾਨੀ ਨਾਲ ਬਦਲਿਆ ਜਾ ਸਕਦਾ ਏ।

ਉਹਨੂੰ ਮਹਿਸੂਸ ਹੋਇਆ ਕਿ ਹੁਣ ਉਹ ਪ੍ਰਵਾਹ ਦੇ ਵਿਚਾਲੇ ਸੀ ਅਤੇ ਉਹ ਤੱਟ ਦੇ ਬਣੀਆਂ ਕਲੋਨੀਆਂ ਦੀ ਰੋਸ਼ਨੀ ਦੇਖ ਸਕਦਾ ਸੀ। ਹੁਣ ਉਹਨੂੰ ਪਤਾ ਸੀ ਕਿ ਉਹ ਕਿਥੇ ਸੀ ਅਤੇ ਘਰ ਪਹੁੰਚਣ 'ਚ ਹੁਣ ਕੋਈ ਦੇਰ ਨਹੀਂ ਸੀ।

'ਹਵਾ ਫਿਰ ਵੀ ਸਾਡੀ ਦੋਸਤ ਹੈ'–ਉਸ ਨੇ ਸੋਚਿਆ। ਫਿਰ ਉਸ ਨੇ ਜੋੜਿਆ-ਕਦੇ ਕਦੇ। ਅਤੇ ਵਿਸ਼ਾਲ ਸਾਗਰ ਸਾਡੇ ਦੋਸਤਾਂ ਤੇ ਦੁਸ਼ਮਣਾਂ ਸੰਗ ਭਰਿਆ ਪਿਆ ਹੈ ਅਤੇ ਬਿਸਤਰਾ ਮੇਰਾ ਦੋਸਤ ਹੈ–ਸਿਰਫ ਬਿਸਤਰਾ–ਉਸ ਨੇ ਸੋਚਿਆ। ਬਿਸਤਰਾ ਇਕ ਵੱਡੀ ਸਹੂਲਤ ਹੋਏਗਾ। ਜਦ ਤੁਸੀਂ ਹਾਰ ਜਾਓ ਤਾਂ ਬੜਾ ਆਰਾਮ ਮਿਲਦਾ ਏ–ਉਸ ਨੇ ਸੋਚਿਆ। ਮੈਨੂੰ ਕਦੇ ਪਤਾ ਨਹੀਂ ਸੀ ਇਹ ਕਿੰਨਾ ਆਸਾਨ ਸੀ ਅਤੇ ਕਿਸ ਨੇ ਤੈਨੂੰ ਹਰਾਇਆ–ਉਸ ਨੇ ਸੋਚਿਆ।

'ਕਿਸੇ ਨੇ ਨਹੀਂ'–ਉਸ ਨੇ ਉੱਚੀ ਆਵਾਜ਼ 'ਚ ਕਿਹਾ ''ਮੈਂ ਬਹੁਤ ਦੂਰ ਚਲਿਆਂ ਗਿਆ ਸੀ।''

ਜਦ ਉਹ ਛੋਟੇ ਘਾਟ ਵਲ ਵਧਿਆ ਤਾਂ ਉੱਚੇ ਕਿਨਾਰੇ ਦੀਆਂ ਰੋਸ਼ਨੀਆਂ ਬੁੱਝ ਚੁੱਕੀਆਂ ਸਨ ਅਤੇ ਉਹ ਜਾਣਦਾ ਸੀ ਕਿ ਹਰ ਕੋਈ ਬਿਸਤਰ 'ਚ ਹੋਏਗਾ। ਹਵਾ ਤੇਜ਼ ਹੋ ਗਈ ਸੀ ਅਤੇ ਹੁਣ ਜ਼ੋਰ ਨਾਲ ਵਗ ਰਹੀ ਸੀ ਭਾਵੇਂ ਕਿ ਘਾਟ 'ਤੇ ਖ਼ਾਮੋਸ਼ੀ ਸੀ। ਉਸ ਚੱਟਾਨਾਂ ਦੇ ਥੱਲੇ ਦੇ ਛੋਟੇ ਜਿਹੇ ਹਿੱਸੇ ਤਕ ਕਿਸ਼ਤੀ ਲੈ ਗਿਆ। ਕੋਈ ਉਸਦੀ ਸਹਾਇਤਾ ਲਈ ਨਹੀਂ ਸੀ ਜੋ ਉਹ ਕਿਸ਼ਤੀ ਜਿੰਨੀ ਉੱਪਰ ਲਿਜਾ ਸਕਦਾ ਸੀ, ਲੈ ਗਿਆ। ਫਿਰ ਉਹ ਹੇਠਾਂ ਉਤਰਿਆ ਅਤੇ ਇਹਨੂੰ ਇਕ ਚੱਟਾਨ ਨਾਲ ਬੰਨ੍ਹ ਦਿੱਤਾ।

ਉਸਨੇ ਮਸਤੂਲ ਖੋਲ੍ਹਿਆ ਅਤੇ ਬਾਦਬਾਨ ਲਪੇਟ ਦਿੱਤਾ ਅਤੇ ਬੰਨ੍ਹ ਦਿੱਤਾ। ਫਿਰ ਉਹਨੇ ਮਸਤੂਲ ਨੂੰ ਮੋਢੇ 'ਤੇ ਚੁੱਕਿਆ ਅਤੇ ਉੱਪਰ ਚੜ੍ਹਨ ਲੱਗਾ। ਤਦ ਉਹਨੂੰ ਆਪਣੇ ਥਕੇਵੇਂ ਦੀ ਸੀਮਾ ਦਾ ਅਹਿਸਾਸ ਹੋਇਆ। ਉਹ ਇਕ ਪਲ ਲਈ ਰੁਕਿਆ ਅਤੇ ਪਿੱਛੇ ਦੇਖਿਆ ਅਤੇ ਸੜਕ ਦੀਆਂ ਰੋਸ਼ਨੀਆਂ ਵਿਚ ਕਿਸ਼ਤੀ ਦੇ ਪਿਛਾੜੀ ਪਈ ਮੱਛੀ ਦੀ ਵਿਸ਼ਾਲ ਪੂਛ ਦੇਖੀ। ਉਸ ਨੇ ਇਹਦੀ ਪਿੱਠ ਦੀ ਹੱਡੀ ਦੀ ਸਫੈਦ ਨੰਗੀ ਲਾਈਨ ਦੇਖੀ ਅਤੇ ਨੋਕਦਾਰ ਗਲੇ ਸਿਰ ਦੇ ਗਹਿਰੇ ਮਾਸ ਅਤੇ ਉਸ ਦਰਮਿਆਨ ਸਾਰਾ ਖ਼ਾਲੀਪਣ ਦੇਖਿਆ।

ਉਹ ਫਿਰ ਚੜ੍ਹਨ ਲੱਗਾ ਅਤੇ ਸਿਖਰ 'ਤੇ ਜਾ ਕੇ ਡਿੱਗ ਪਿਆ ਅਤੇ ਮੋਢੇ ਨਾਲ ਮਸਤੂਲ ਚੁੱਕੀ ਕੁਝ ਦੇਰ ਲੇਟ ਗਿਆ। ਉਹਨੇ ਉੱਠਣ ਦਾ ਯਤਨ ਕੀਤਾ ਪਰ ਅਜਿਹਾ ਕਰਨਾ ਬੜਾ ਮੁਸ਼ਕਲ ਸੀ ਅਤੇ ਮੋਢੇ 'ਤੇ ਮਸਤੂਲ ਚੁੱਕੀ ਬੈਠ ਗਿਆ ਅਤੇ ਸੜਕ ਵਲ ਦੇਖਣ ਲੱਗਾ। ਦੂਰ ਇਕ ਬਿੱਲੀ ਲੰਘ ਰਹੀ ਸੀ ਅਤੇ ਬੁੱਢੇ ਆਦਮੀ ਦੀ ਉਸ 'ਤੇ ਨਜ਼ਰ ਪਈ। ਤਦ ਉਹ ਨਿਰਾ ਸੜਕ ਨੂੰ ਦੇਖਣ ਲੱਗਾ।

ਅੰਤ ਵਿਚ ਉਹਨੇ ਮਸਤੂਲ ਥੱਲੇ ਰੱਖਿਆ ਅਤੇ ਉੱਠ ਪਿਆ। ਉਹਨੇ ਫਿਰ ਮਸਤੂਲ ਚੁੱਕਿਆ ਅਤੇ ਮੋਢੇ 'ਤੇ ਟਿਕਾ ਕੇ ਸੜਕ ਵੱਲ ਤੁਰਨ ਲੱਗਾ। ਝੌਂਪੜੀ 'ਚ ਪਹੁੰਚਣ ਤੋਂ ਪਹਿਲਾਂ ਉਹਨੂੰ ਪੰਜ ਵਾਰ ਬੈਠਣਾ ਪਿਆ।

ਝੌਂਪੜੀ 'ਚ ਜਾ ਕੇ ਉਹਨੇ ਮਸਤੂਲ ਨੂੰ ਕੰਧ ਨਾਲ ਖੜਾ ਕਰ ਦਿੱਤਾ। ਹਨੇਰੇ ਵਿਚ ਉਹਨੇ ਪਾਣੀ ਦੀ ਬੋਤਲ ਲੱਭੀ ਅਤੇ ਇਕ ਘੁੱਟ ਭਰਿਆ। ਫਿਰ ਉਹ ਮੰਜੇ 'ਤੇ ਲੇਟ ਗਿਆ। ਉਹਨੇ ਕੰਬਲ ਆਪਣੇ ਮੋਢਿਆਂ 'ਤੇ ਲੈ ਲਿਆ ਅਤੇ ਫਿਰ ਆਪਣੀ ਪਿੱਠ ਅਤੇ ਲੱਤਾਂ ਤਕ ਖਿੱਚ ਲਿਆ ਅਤੇ ਆਪਣੀ ਬਾਹਵਾਂ ਸਿੱਧੀਆਂ ਬਾਹਰ ਕੱਢ ਕੇ ਅਤੇ ਹਥੇਲੀਆਂ ਉੱਪਰ ਚੁੱਕ ਕੇ ਅਖ਼ਬਾਰਾਂ ਉੱਪਰ ਮੂਧੇ ਮੂੰਹ ਸੌਂ ਗਿਆ।

ਉਹ ਸੁੱਤਾ ਪਿਆ ਸੀ ਜਦ ਮੁੰਡਾ ਸਵੇਰੇ ਉਹਦੇ ਬੂਹੇ 'ਤੇ ਆਇਆ। ਹਵਾ ਇੰਨੀ ਤੇਜ਼ ਚੱਲ ਰਹੀ ਸੀ ਕਿ ਕਿਸ਼ਤੀਆਂ ਨਹੀਂ ਜਾ ਰਹੀਆਂ ਸਨ ਅਤੇ ਮੁੰਡਾ ਦੇਰ ਤਕ ਸੁੱਤਾ ਰਿਹਾ ਸੀ ਅਤੇ ਇਹ ਹਰੇਕ ਸਵੇਰ ਵਾਂਗ ਬੁੱਢੇ ਆਦਮੀ ਦੀ ਝੌਂਪੜੀ ਵੱਲ ਆ ਗਿਆ ਸੀ। ਮੁੰਡੇ ਨੇ ਦੇਖਿਆ ਕਿ ਬੁੱਢਾ ਆਦਮੀ ਸਾਹ ਲੈ ਰਿਹਾ ਸੀ ਅਤੇ ਜਦ ਉਹਨੇ ਉਸਦੇ ਹੱਥ ਦੇਖੇ ਤਾਂ ਉਹਨੇ ਚਿੱਲਾਉਣਾ ਸ਼ੁਰੂ ਕਰ ਦਿੱਤਾ। ਉਹ ਚੁਪਚਾਪ ਕੌਫ਼ੀ ਲੈਣ ਬਾਹਰ ਚਲਾ ਗਿਆ ਅਤੇ ਸਾਰਾ ਰਸਤਾ ਚਿੱਲਾਉਂਦਾ ਰਿਹਾ।

ਬਹੁਤ ਸਾਰੇ ਮਛੇਰੇ ਕਿਸ਼ਤੀ ਦੁਆਲੇ ਇਕੱਠੇ ਹੋਏ ਇਸਦੇ ਨਾਲ ਬੰਨ੍ਹੀ ਚੀਜ਼ ਨੂੰ ਦੇਖ ਰਹੇ ਸਨ ਅਤੇ ਇਕ ਪਜਾਮਾ ਉਪਰ ਟੁੰਗੀ ਪਾਣੀ 'ਚ ਖੜਾ ਡੋਰੀ ਨਾਲ ਇਹਦੇ ਪਿੰਜਰ ਦੀ ਲੰਬਾਈ ਨਾਪ ਰਿਹਾ ਸੀ।

ਮੁੰਡਾ ਥੱਲੇ ਨਹੀਂ ਗਿਆ। ਉਹ ਪਹਿਲਾਂ ਉਥੋਂ ਹੋ ਆਇਆ ਸੀ ਅਤੇ ਇਕ ਮਛੇਰਾ ਉਥੇ ਕਿਸ਼ਤੀ ਨੂੰ ਦੇਖ-ਚਾਖ ਰਿਹਾ ਸੀ।

"ਕੀ ਹਾਲ ਹੈ ਉਹਦਾ !" ਇਕ ਮਛੇਰੇ ਨੇ ਚਿੱਲਾ ਕੇ ਪੁੱਛਿਆ।

"ਸੌਂ ਰਿਹਾ ਏ।" ਮੁੰਡੇ ਨੇ ਜਵਾਬ ਦਿੱਤਾ। ਉਸ ਨੇ ਇਸ ਗੱਲ ਵਲ ਧਿਆਨ ਨਹੀਂ ਦਿੱਤਾ ਕਿ ਉਹ ਉਹਨੂੰ ਰੋਂਦਾ ਵੇਖ ਰਹੇ ਸਨ। "ਉਹਨੂੰ ਤੰਗ ਨਾ ਕਰਿਓ।"

"ਇਹ ਨੱਕ ਤੋਂ ਪੂਛ ਤਕ ਅਠਾਰਾਂ ਫੁੱਟ ਲੰਬੀ ਸੀ।" ਇਹਨੂੰ ਮਾਪ ਰਹੇ ਮਛੇਰੇ ਨੇ ਕਿਹਾ।

"ਮੈਨੂੰ ਯਕੀਨ ਹੈ।" ਮੁੰਡੇ ਨੇ ਕਿਹਾ।

ਉਹ ਟੈਰੇਸ 'ਤੇ ਚਲਾ ਗਿਆ ਅਤੇ ਕੌਫ਼ੀ ਦਾ ਇਕ ਡੱਬਾ ਮੰਗਿਆ।

"ਗਰਮਾਗਰਮ ਅਤੇ ਵਾਹਵਾ ਸਾਰਾ ਦੁੱਧ ਅਤੇ ਖੰਡ ਪਾ ਦੇਵੀਂ।"

"ਕੁਝ ਹੋਰ ?"

"ਨਹੀਂ, ਬਾਅਦ ਵਿਚ ਮੈਂ ਦੇਖਾਂਗਾ ਕਿ ਉਹ ਕੀ ਖਾ ਸਕਦਾ ਏ।"

"ਕਿਆ ਮੱਛੀ ਸੀ ਇਹ !" ਮਾਲਕ ਨੇ ਕਿਹਾ।

''ਇਹੋ ਜਿਹੀ ਮੱਛੀ ਕਦੇ ਨਹੀਂ ਆਈ। ਕੱਲ ਤੂੰ ਦੋ ਵਧੀਆ ਮੱਛੀਆਂ ਲਿਆਇਆ ਸੀ।''

''ਦਫਾ ਹੋਣ ਮੱਛੀਆ'' ਮੁੰਡੇ ਨੇ ਕਿਹਾ ਅਤੇ ਫਿਰ ਰੋਣ ਲੱਗਾ।

''ਤੈਨੂੰ ਕੋਈ ਸ਼ਰਾਬ ਕੋਈ ਨਸ਼ਾ-ਪੱਤਾ ਚਾਹੀਦਾ ਏ ?'' ਮਾਲਕ ਨੇ ਪੁੱਛਿਆ।

''ਨਹੀਂ'' ਮੁੰਡੇ ਨੇ ਕਿਹਾ ''ਉਹਨਾਂ ਨੂੰ ਆਖੀਂ ਬਈ ਸਾਂਤਿਆਗੋ ਨੂੰ ਨਾ ਛੇੜਨ, ਮੈਂ ਹੁਣੇ ਵਾਪਸ ਆਇਆ।''

''ਉਹਨੂੰ ਆਖੀਂ ਮੈਨੂੰ ਬੜਾ ਅਫਸੋਸ ਐ''

''ਮਿਹਰਬਾਨੀ !'' ਮੁੰਡੇ ਨੇ ਕਿਹਾ।

ਮੁੰਡਾ ਬੁੱਢੇ ਆਦਮੀ ਦੀ ਝੌਂਪੜੀ 'ਚ ਕੌਫ਼ੀ ਦਾ ਗਰਮ ਡੱਬਾ ਲੈ ਗਿਆ ਅਤੇ ਉਦੋਂ ਤਕ ਬੈਠਾ ਰਿਹਾ ਜਦ ਤਕ ਉਹ ਉੱਠ ਨਾ ਪਿਆ। ਇਕ ਵਾਰ ਇੰਝ ਲੱਗਾ ਜਿਵੇਂ ਉਹ ਜਾਗ ਰਿਹਾ ਹੋਵੇ। ਪਰ ਉਹ ਗੂੜ੍ਹੀ ਨੀਂਦਰ ਸੁੱਤਾ ਪਿਆ ਸੀ ਅਤੇ ਮੁੰਡਾ ਸੜਕ ਪਾਰੋਂ ਕੌਫ਼ੀ ਗਰਮ ਕਰਨ ਲਈ ਕੁਝ ਲੱਕੜਾਂ ਮੰਗਣ ਚਲਾ ਗਿਆ।

ਆਖ਼ਿਰ ਬੁੱਢਾ ਆਦਮੀ ਜਾਗ ਪਿਆ।

''ਬੈਠ ਨਾ !'' ਮੁੰਡੇ ਨੇ ਕਿਹਾ ''ਇਹਨੂੰ ਪੀ ਲੈ !'' ਉਸ ਨੇ ਗਲਾਸ ਵਿਚ ਥੋੜੀ ਕੌਫ਼ੀ ਪਾਈ।

ਬੁੱਢੇ ਆਦਮੀ ਨੇ ਇਹਨੂੰ ਫੜਿਆ ਅਤੇ ਪੀ ਗਿਆ।

''ਸ਼ਾਰਕਾਂ ਮੈਨੂੰ ਹਰਾ ਦਿੱਤਾ, ਮੈਨੋਲਿਨ।'' ਉਸ ਨੇ ਕਿਹਾ ''ਉਹਨਾਂ ਸੱਚੀ ਮੈਨੂੰ ਹਰਾ ਦਿੱਤਾ।''

''ਉਹਨਾਂ ਤੈਨੂੰ ਨਹੀਂ ਹਰਾਇਆ-ਨਾ ਹੀ ਮੱਛੀ ਨੂੰ।''

''ਨਹੀਂ, ਸੱਚੀ ਗੱਲ ਏ। ਇਹ ਬਾਅਦ 'ਚ ਵਾਪਰਿਆ।''

''ਪੈਡਰਿਕੋ ਕਿਸ਼ਤੀ ਅਤੇ ਸਾਮਾਨ ਦੀ ਦੇਖ-ਰੇਖ ਕਰ ਰਿਹਾ ਏ ਤੂੰ ਉਹਦੀ ਸਿਰੀ ਦਾ ਕੀ ਕਰੇਂਗਾ ?

''ਪੈਡਰਿਕੋ ਨੂੰ ਜਾਲ ਬਣਾਉਣ ਲਈ ਕੱਟ ਲੈਣ ਦੇ।''

''ਤੇ ਨੇਜ਼ਾ ?''

''ਤੂੰ ਰੱਖ ਲਵੀਂ ਜੇ ਤੈਨੂੰ ਲੋੜ ਹੈ ਤਾਂ।''

ਮੈਂ ਚਾਹੁੰਦਾ ਤਾਂ ਹਾਂ।'' ਮੁੰਡੇ ਨੇ ਕਿਹਾ ''ਹੁਣ ਸਾਨੂੰ ਬਾਕੀ ਚੀਜ਼ਾਂ ਬਾਰੇ ਆਪਣੀ ਯੋਜਨਾ ਬਣਾਉਣੀ ਹੋਵੇਗੀ।''

''ਉਹਨਾਂ ਮੈਨੂੰ ਲੱਭਿਆ ਸੀ ?''

''ਬੇਸ਼ਕ, ਕੋਸਟ ਗਾਰਡ ਅਤੇ ਜਹਾਜ਼ ਨਾਲ ਵੀ।''

"ਸਮੁੰਦਰ ਬਹੁਤ ਵਿਸ਼ਾਲ ਹੈ ਅਤੇ ਇਕ ਕਿਸ਼ਤੀ ਬਹੁਤ ਛੋਟੀ ਅਤੇ ਇਹਨੂੰ ਦੇਖਣਾ ਬੜਾ ਔਖਾ ਏ।" ਬੁੱਢੇ ਆਦਮੀ ਨੇ ਕਿਹਾ। ਉਹਨੇ ਮਹਿਸੂਸ ਕੀਤਾ ਕਿ ਆਪਣੇ ਆਪ ਅਤੇ ਸਮੁੰਦਰ ਨਾਲ ਗੱਲਾਂ ਕਰਨ ਨਾਲੋਂ ਕਿਸੇ ਹੋਰ ਨਾਲ ਗੱਲਾਂ ਕਰਨਾ ਕਿੰਨਾ ਸੁਖਦਾਇਕ ਹੈ।

"ਮੈਨੂੰ ਤੇਰੀ ਬੜੀ ਯਾਦ ਆਈ।" ਉਸਨੇ ਕਿਹਾ "ਤੂੰ ਕੀ ਫੜਿਆ ?"

"ਪਹਿਲੇ ਦਿਨ ਇਕ, ਦੂਜੇ ਦਿਨ ਵੀ ਇਕ ਅਤੇ ਤੀਜੇ ਦਿਨ ਦੋ"

"ਬਹੁਤ ਅੱਛਾ।"

"ਹੁਣ ਆਪਾਂ ਇਕੱਠੇ ਮੱਛੀਆਂ ਫੜਾਂਗੇ।"

"ਨਹੀਂ, ਮੈਂ ਕਿਸਮਤ ਵਾਲਾ ਨਹੀਂ ਹਾਂ, ਮੈਂ ਕਦੀ ਕਿਸਮਤ ਵਾਲਾ ਨਹੀਂ ਰਿਹਾ।"

"ਦਫ਼ਾ ਹੋਵੇ ਕਿਸਮਤ !" ਮੁੰਡੇ ਨੇ ਕਿਹਾ "ਮੈਂ ਆਪਣੇ ਨਾਲ ਕਿਸਮਤ ਲੈ ਆਵਾਂਗਾ।"

"ਤੇਰਾ ਪਰਿਵਾਰ ਕੀ ਆਖੇਗਾ !"

"ਮੈਨੂੰ ਕੋਈ ਪਰਵਾਹ ਨਹੀਂ। ਮੈਂ ਕੱਲ ਦੋ ਮੱਛੀਆਂ ਫੜੀਆਂ ਸਨ ਪਰ ਹੁਣ ਅਸੀਂ ਇਕੱਠੇ ਫੜਾਂਗੇ ਕਿਉਂਕਿ ਅਜੇ ਮੈਂ ਬਹੁਤ ਕੁਝ ਸਿੱਖਣਾ ਏ।"

"ਸਾਡੇ ਕੋਲ ਇਕ ਮਾਰੂ ਨੇਜ਼ਾ ਹੋਣਾ ਚਾਹੀਦਾ ਏ ਜੋ ਹਮੇਸ਼ਾ ਕਿਸ਼ਤੀ 'ਚ ਹੋਵੇ। ਤੂੰ ਕਿਸੇ ਪੁਰਾਣੇ ਫੋਰਡ ਦੇ ਪੱਤਰੇ ਤੋਂ ਬਲੇਡ ਬਣਾ ਸਕਦਾ ਏਂ ਅਸੀਂ ਇਹਨੂੰ ਗੁਆਨਬੈਕੋ ਤੋਂ ਘੜਵਾ ਲਵਾਂਗੇ। ਇਹ ਤਿੱਖਾ ਹੋਣਾ ਚਾਹੀਦਾ ਏ ਅਤੇ ਮੁੜਨਾ ਨਹੀਂ ਚਾਹੀਦਾ ਤਾਂ ਕਿ ਟੁੱਟ ਨਾ ਜਾਵੇ। ਮੇਰਾ ਚਾਕੂ ਟੁੱਟ ਗਿਆ।"

"ਮੈਂ ਹੋਰ ਚਾਕੂ ਲੈ ਆਵਾਂਗਾ ਅਤੇ ਸਾਡੇ ਕੋਲ ਕਿੰਨੇ ਦਿਨ ਹਨ ?"

"ਸ਼ਾਇਦ ਤਿੰਨ, ਸ਼ਾਇਦ ਜ਼ਿਆਦਾ ਵੀ।"

"ਮੈਂ ਸਾਰਾ ਕੁਝ ਤਿਆਰ ਕਰ ਲਵਾਂਗਾ।" ਮੁੰਡੇ ਨੇ ਕਿਹਾ, "ਤੂੰ ਆਪਣੇ ਹੱਥ ਠੀਕ ਕਰ ਲੈ, ਬੁੱਢੇ ਆਦਮੀ !"

"ਮੈਨੂੰ ਪਤਾ ਏ ਇਹਨਾਂ ਨੂੰ ਕਿਵੇਂ ਸੰਭਾਲੀ ਦਾ ਏ ਰਾਤ ਵੇਲੇ ਮੈਂ ਕੁਝ ਅਜੀਬ ਥੁੱਕਿਆ ਏ ਅਤੇ ਛਾਤੀ 'ਚ ਕੁਝ ਟੁੱਟਦਾ ਮਹਿਸੂਸ ਕੀਤਾ ਏ।"

"ਉਹ ਵੀ ਠੀਕ ਹੋ ਲੈਣ ਦੇ।" ਮੁੰਡੇ ਨੇ ਕਿਹਾ। "ਲੇਟ ਜਾ ਬੁੱਢੇ ਆਦਮੀ ਅਤੇ ਮੈਂ ਤੇਰੇ ਲਈ ਇਕ ਸਾਫ ਕਮੀਜ਼ ਲੈ ਆਵਾਂ ਅਤੇ ਕੁਝ ਖਾਣ ਨੂੰ ਵੀ।"

"ਮੇਰੇ ਜਾਣ ਬਾਅਦ ਕੋਈ ਅਖ਼ਬਾਰ ਆਇਆ ਹੋਵੇ ਤਾਂ ਲਈ ਆਵੀਂ।" ਬੁੱਢੇ ਆਦਮੀ ਨੇ ਕਿਹਾ।

"ਤੈਨੂੰ ਜਲਦੀ ਠੀਕ ਹੋਣਾ ਪਵੇਗਾ ਕਿਉਂਕਿ ਮੈਂ ਬਹੁਤ ਕੁਝ ਸਿੱਖਣਾ ਏ ਅਤੇ ਤੂੰ ਮੈਨੂੰ ਸਭ ਕੁਝ ਸਿਖਾ ਸਕਦਾ ਹੈਂ ਕਿ ਤੈਨੂੰ ਕਿੰਨਾ ਦੁਖ ਝੱਲਣਾ ਪਿਆ ਏ ?"

"ਬਹੁਤ" ਬੁੱਢੇ ਆਦਮੀ ਨੇ ਕਿਹਾ।

''ਮੈਂ ਖਾਣਾ ਅਤੇ ਅਖ਼ਬਾਰ ਲੈ ਆਵਾਂ।'' ਮੁੰਡੇ ਨੇ ਕਿਹਾ, ''ਠੀਕ ਤਰ੍ਹਾਂ ਆਰਾਮ ਕਰ ਲੈ, ਬੁੱਢੇ ਆਦਮੀ ਮੈਂ ਤੇਰੇ ਹੱਥਾਂ ਲਈ ਦਵਾਈਆਂ ਦੀ ਦੁਕਾਨ ਤੋਂ ਕੁਝ ਲੈ ਆਉਂਦਾ ਹਾਂ।''

''ਪੈਡਰਿਕੋ ਨੂੰ ਕਹਿਣਾ ਨਾ ਭੁੱਲੀਂ ਕਿ ਸਿਰ ਉਸਦਾ ਏ।''

''ਨਹੀਂ, ਮੈਂ ਯਾਦ ਰੱਖਾਂਗਾ।''

ਜਦ ਮੁੰਡਾ ਬੂਹਾ ਟੱਪਿਆ ਅਤੇ ਥੱਲੇ ਚੱਟਾਨ ਸੜਕ 'ਤੇ ਪਹੁੰਚਿਆ ਤਾਂ ਉਹ ਫਿਰ ਕਰਾਹ ਰਿਹਾ ਸੀ।

ਉਸ ਸ਼ਾਮ ਟੈਰੇਸ 'ਤੇ ਸੈਲਾਨੀਆਂ ਦੀ ਇਕ ਪਾਰਟੀ ਆਈ ਅਤੇ ਪਾਣੀ ਵਿਚ ਥੱਲੇ ਬੀਅਰ ਦੇ ਖ਼ਾਲੀ ਕੈਨ ਅਤੇ ਮਰੀਆਂ ਬਰਕੂਡਾ ਮੱਛੀਆਂ ਦੇਖ ਰਹੀ ਸੀ ਕਿ ਇਕ ਔਰਤ ਨੇ ਵੱਡੀ ਸਫ਼ੈਦ ਰੀੜ੍ਹ ਦੀ ਹੱਡੀ ਅਤੇ ਵਿਸ਼ਾਲ ਪੂਛ ਦੇਖੀ ਜਿਹੜੀ ਜਵਾਰਭਾਟੇ ਕਾਰਨ ਉੱਪਰ ਉੱਠੀ ਹੋਈ ਸੀ ਅਤੇ ਉਛਲ ਰਹੀ ਸੀ ਜਦਕਿ ਪੂਰਾ ਘਾਟ ਦੇ ਕੰਢੇ ਦੇ ਅਡੋਲ ਭਾਰੀ ਸਮੁੰਦਰ ਨੂੰ ਉਛਾਲ ਰਿਹਾ ਸੀ।

''ਉਹ ਕੀ ਹੈ ?'' ਉਸ ਨੇ ਇਕ ਵੇਟਰ ਨੂੰ ਪੁੱਛਿਆ ਅਤੇ ਵੱਡੀ ਮੱਛੀ ਦੀ ਲੰਬੀ ਰੀੜ੍ਹ ਵੱਲ ਇਸ਼ਾਰਾ ਕੀਤਾ ਜਿਹੜੀ ਬਸ ਹੁਣ ਕੂੜ-ਕਬਾੜ ਹੀ ਸੀ ਅਤੇ ਜਵਾਰਭਾਟੇ ਨਾਲ ਜਾਣ ਦੀ ਉਡੀਕ 'ਚ ਸੀ।

'ਟਿਬੁਰੋਨ' ਵੇਟਰ ਨੇ ਕਿਹਾ, 'ਇਸ਼ਾਰਕ' ਉਹਦਾ ਮਤਲਬ ਸੀ ਕਿ ਉਹਦੇ ਨਾਲ ਕੀ ਵਾਪਰਿਆ ਸੀ।

ਮੇਰਾ ਨਹੀਂ ਖ਼ਿਆਲ ਕਿ ਸ਼ਾਰਕਾਂ ਦੀਆਂ ਪੂਛਾਂ ਇਹੋ-ਜਿਹੀਆਂ ਸੋਹਣੀਆਂ ਤੇ ਸੁਡੋਲ ਹੁੰਦੀਆਂ ਨੇ।'

ਮੇਰਾ ਵੀ'-ਉਸਦੇ ਮਰਦ ਸਾਥੀ ਨੇ ਕਿਹਾ।

ਸੜਕ ਉੱਤੇ ਆਪਣੀ ਝੌਂਪੜੀ ਵਿਚ ਬੁੱਢਾ ਆਦਮੀ ਫਿਰ ਸੌਂ ਰਿਹਾ ਸੀ। ਉਹ ਅਜੇ ਵੀ ਮੂਧੇ ਮੂੰਹ ਸੁੱਤਾ ਪਿਆ ਸੀ ਅਤੇ ਮੁੰਡਾ ਉਥੇ ਕੋਲ ਬੈਠਾ ਉਹਨੂੰ ਦੇਖ ਰਿਹਾ ਸੀ।

ਬੁੱਢਾ ਆਦਮੀ ਸ਼ੇਰਾਂ ਬਾਰੇ ਸੁਫ਼ਨੇ ਲੈ ਰਿਹਾ ਸੀ।

• • •

ਸਾਡੀਆਂ ਪ੍ਰਕਾਸ਼ਨਾਵਾਂ

			ਲਾਇਬ੍ਰੇਰੀ	ਪੇਪਰ ਬੈਕ
ਨਾਵਲ :				
1.	ਸਤਰੰਗੀ ਪੀਂਘ (ਰੂਸੀ)	ਵਾਂਦਾ ਵਾਸੀਲਿਊਸਕਾ (ਅਨੁ : ਜ.ਸ. ਆਨੰਦ)	150	60
2.	ਬੁੱਢਾ ਤੇ ਸਮੁੰਦਰ (ਅੰਗਰੇਜ਼ੀ)	ਅਰਨੈਸਟ ਹੈਮਿੰਗਵੇ (ਅਨੁ : ਪਵਨ ਗੁਲਾਟੀ)	50	30
3.	ਤਿੰਨ ਵਰ੍ਹੇ (ਰੂਸੀ)	ਅੰਤੋਨ ਚੈਖ਼ੋਵ, (ਅਨੁ : ਸ਼ਾਹ ਚਮਨ)	60	40
4.	ਲੰਡਨ ਦੀ ਇਕ ਰਾਤ (ਉਰਦੂ)	ਸੱਜਾਦ ਜ਼ਹੀਰ (ਅਨੁ : ਡਾ. ਕ.ਸ. ਕਾਂਗ)	80	40
5.	ਲਾਲ ਬੱਤੀ	ਬਲਦੇਵ ਸਿੰਘ	100	50
6.	ਯੋਧੇ	ਤਲਵਿੰਦਰ ਸਿੰਘ	130	60
7.	ਪੀਡੀ ਪਾਈ ਗੰਢ	ਅਮਰਜੀਤ ਸਿੰਘ (ਡਾ.)	80	40
ਕਹਾਣੀ-ਸੰਗ੍ਰਹਿ				
8.	ਤਨ-ਪੱਤਣ	ਮੋਹਨ ਭੰਡਾਰੀ	60	40
9.	ਨਾਗਵਲ	ਬਲਦੇਵ ਸਿੰਘ	60	40
10.	ਨਿਆਜ਼	ਅਵਤਾਰ ਸਿੰਘ ਬਿਲਿੰਗ	60	40
11.	ਮਹਿਕਦੀਆਂ ਗਲੀਆਂ (ਵਿਦੇਸ਼ੀ)	ਅਨੁ : ਜਸਵੰਤ ਸਿੰਘ ਵਿਰਦੀ	80	40
12.	ਜੰਗਲੀ ਹਵਾ	ਬਲਵੰਤ ਚੌਹਾਨ	80	40
13.	ਧੀਆਂ ਦੇਸ ਬਿਗਾਨੇ	ਅਵਤਾਰ ਰੌੜੇ	100	40
ਸਵੈ-ਜੀਵਨੀ :				
14.	ਜੂਠ	ਓਮ ਪ੍ਰਕਾਸ਼ ਵਾਲਮੀਕੀ	80	40
15.	ਦਾਸਤਾਨ	ਲਾਲ ਸਿੰਘ 'ਦਿਲ'	100	50
ਗ਼ਜ਼ਲ ਸੰਗ੍ਰਹਿ :				
16.	ਸੁਪਨਿਆਂ ਦਾ ਟਾਪੂ	ਅਜਾਇਬ ਚਿਤ੍ਰਕਾਰ	80	40
17.	ਚੁੱਪ ਦੇ ਖ਼ਿਲਾਫ਼	ਸਤੀਸ਼ ਗੁਲਾਟੀ	80	40
18.	ਜੰਗਲ ਵਿਚ ਸ਼ਾਮ	ਕੰਵਰ ਚੌਹਾਨ	70	40
19.	ਆਕਾਸ਼ ਗੰਗਾ	ਸ. ਨਸੀਮ	60	40
ਕਾਵਿ-ਸੰਗ੍ਰਹਿ :				
20.	ਅਨੁਭਵ	ਬਲਬੀਰ ਆਤਿਸ਼	50	
ਗੀਤ ਸੰਗ੍ਰਹਿ :				
21.	ਮੈਂ ਨਿਰੀ ਪਤਝੜ ਨਹੀਂ	ਸੁਖਮਿੰਦਰ ਰਾਮਪੁਰੀ	80	40
ਆਲੋਚਨਾ :				
22.	ਕਾਵਿ-ਚਿੰਤਨ (ਪਾਸ਼ ਤੇ ਦਿਲ)	ਭੁਪਿੰਦਰ ਧਾਲੀਵਾਲ	60	

ਚੇਤਨਾ ਪ੍ਰਕਾਸ਼ਨ
ਜਲੰਧਰ/ਲੁਧਿਆਣਾ



○ ਸਾਂਤਿਆਗੋ ਇਕ ਅਜਿਹਾ ਪ੍ਰੇਰਨਾ ਲੈਂਦਿਆ ਸਮੁੰਦਰ ਜਿਹਾ ਕਿਰਦਾਰ ਹੈ ਜਿਹੜਾ ਅਤਿ ਔਕੜਾਂ ਸਮੇਂ ਵੀ ਸਾਡੇ ਹੌਸਲੇ ਅਤੇ ਧੌਣਾਂ ਬੁਲੰਦ ਰੱਖ ਸਕਦਾ ਹੈ। ਅਜਿਹਾ ਕਿਰਦਾਰ ਉਦੋਂ ਰੋਸ਼ਨੀ ਲੈ ਕੇ ਆਉਂਦਾ ਹੈ ਜਦੋਂ ਸੂਰਜ ਬੁਝ ਜਾਂਦਾ ਹੈ ਉੱਪਰੋਂ ਮਜ਼ੇ ਦੀ ਗੱਲ ਇਹ ਕਿ ਨਾ ਤਾਂ ਉਹ ਕੋਈ ਰਹਿਬਰ ਹੈ ਤੇ ਨਾ ਹੀ ਕੋਈ ਰਹਿਜ਼ਨ—ਇਕ ਆਮ ਅਤੇ ਗ਼ਰੀਬ ਅਤੇ ਮਾੜੇ ਭਾਗਾਂ ਵਾਲਾ ਮਾਹੀਗੀਰ ਹੈ।

○ ਸਾਡਾ ਸਾਂਤਿਆਗੋ ਤਾਂ ਮੰਤਵ ਦੀ ਇਕਾਗਰਤਾ ਦਾ ਮੁਜੱਸਮਾ ਹੈ ਤੇ ਇਹਦੇ ਸਬੂਤ ਦੀ ਲੋੜ ਨਹੀਂ ਹੈ। ਸਤਾਸੀ ਦਿਨ ਸਮੁੰਦਰ ਵਿਚ ਬੇੜੀ ਠੇਲ੍ਹ ਘੁੰਮਣਾ ਆਪਣੇ ਆਪ ਵਿਚ ਹੀ ਇਕ ਜਿਉਂਦੀ ਜਾਗਦੀ ਮਿਸਾਲ ਹੈ।

○ ਬੁੱਢਾ ਸਾਂਤਿਆਗੋ ਉਹ ਕਿਰਦਾਰ ਹੈ ਜਿਹੜਾ ਹਾਰਾਂ ਖਾ ਕੇ ਵੀ ਜਿੱਤ ਦੀ ਸ਼ਮ੍ਹਾ ਫ਼ਰੋਜ਼ਾਂ ਰੱਖਦਾ ਹੈ। ਉਹਦਾ 'ਹਾਰਪੂਨ' ਨਹੀਂ ਰਹਿੰਦਾ—ਨਿਰਾਸ਼ਾ ਦੀ ਘੜੀ ਹੈ ਪਰ ਉਹ ਕਹਿੰਦਾ ਹੈ—ਨਿਰਾਸਤਾ ਇਕ ਮੂਰਖ ਚੀਜ਼ ਹੈ। ਬਲਕਿ ਮੇਰੀ ਨਜ਼ਰੇ ਇਹ ਪਾਪ ਹੈ।

○ ਉਹਦੀ ਕਹਿਣੀ ਅਤੇ ਕਰਨੀ ਪੂਰੇ ਹਾਣ ਦੀਆਂ ਹਨ।ਉਹ ਮਰ ਜਾਵੇਗਾ ਪਰ ਗੀਦੀ ਬਣ ਕੇ ਹੋਰਾਂ ਦੀਆਂ ਨਜ਼ਰਾਂ ਵਿਚ ਹੀਣਾ ਨਹੀਂ ਹੋਵੇਗਾ—ਮੁੰਡੇ ਦੀਆਂ ਨਜ਼ਰਾਂ ਵਿਚ ਤਾਂ ਹਰਗਿਜ਼ ਨਹੀਂ। ਮੈਂ ਮੁੰਡੇ ਨੂੰ ਦੱਸਿਆ ਸੀ ਮੈਂ ਬਿਲਕੁਲ ਵੱਖਰੀ ਕਿਸਮ ਦਾ ਬੁੱਢਾ ਹਾਂ। ਹੁਣ ਇਸ ਕਥਨ ਨੂੰ ਸਾਬਤ ਕਰਨ ਦਾ ਸਮਾਂ ਆ ਗਿਆ ਹੈ।

○ ਸਾਂਤਿਆਗੋ ਅਜਿਹਾ ਹੀ ਇਕ ਪਾਤਰ ਹੈ ਜਿਹੜਾ ਨਿੱਜੀ ਪੀੜਾਂ ਨੂੰ 'ਦੁਖੁ ਦਾਰੂ ਸੁਖੁ ਰੋਗੁ ਭਇਆ' ਵਾਂਗ ਲੈਂਦਾ ਹੈ। ਹੇਮਿੰਗਵੇ ਦੀ ਸ਼ਿਲਪਕਾਰੀ ਦਾ ਕਮਾਲ ਇਹ ਹੈ ਕਿ ਸਾਂਤਿਆਗੋ ਦੀ ਸੋਚ ਤੇ ਅਮਲ ਨਾ ਤਾਂ ਗ਼ੈਰ-ਕੁਦਰਤੀ ਹਨ ਅਤੇ ਨਾ ਹੀ ਜਜ਼ਬਾਤੀ ਅਤੇ ਅਸੰਭਵ।

(ਆਰਸੀ 'ਚੋਂ ਧੰਨਵਾਦ ਸਹਿਤ) —ਰਘੁਬੀਰ ਢੰਡ

ਚੇਤਨਾ ਪ੍ਰਕਾਸ਼ਨ
ਜਲੰਧਰ/ਲੁਧਿਆਣਾ